RNI No. - PUNPUN/2022/82997

ISSN : 2584-1211

# ਆਪਣੀ ਆਵਾਜ਼
# अपनी आवाज़
# APNI AAWAAZ



| Vol. 5 | Issue 4 | April 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 4 | ਅਪ੍ਰੈਲ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |



## ਜੰਗ

ਇਮਾਨ ਤੋਂ ਫਿਰ ਗਏ ਯਾਰਾਂ ਦੀ,
ਜੰਗ ਅਰਜ਼ੀ ਹੈ ਤਲਵਾਰਾਂ ਦੀ,
ਜੰਗ ਮਰਜ਼ੀ ਹੈ ਸਰਕਾਰਾਂ ਦੀ...
ਜੰਗ ਗਰਜ਼ ਹੈ ਜਾਣ ਤੁਫਾਨਾਂ ਦੀ,
ਜੰਗ ਚਾਲ ਹੈ ਛਟੇ ਸ਼ੈਤਾਨਾਂ ਦੀ,
ਜੰਗ ਮੌਤ ਹੈ ਜਾਣ ਨਾਦਾਨਾਂ ਦੀ...
ਜੰਗ ਰੋਗ ਹੈ ਜਾਣ ਗੜੂੰਏ ਦਾ,
ਜੰਗ ਨਾਂ ਹੈ ਜ਼ਹਿਰੀ ਠੂੰਏਂ ਦਾ,
ਜੰਗ ਨਾਂ ਹੈ ਕਾਲੇ ਧੂੰਏ ਦਾ...
ਹਉਕੇ ਵਿੱਚ ਸੜਿਆ ਸੀਨਾ ਹੈ,
ਮਿੱਟੀ ਵਿੱਚ ਰੁਲੇ ਨਗੀਨਾ ਹੈ,
ਜੰਗ ਤਪਿਆ ਜੇਠ ਮਹੀਨਾ ਹੈ...
ਚੁੰਨੀਆਂ ਤੋਂ ਲੱਥਾ ਗੋਟਾ ਹੈ,
ਕੋਈ ਖ਼ੂਨੀ ਘੁੰਮਦਾ ਝੋਟਾ ਹੈ,
ਜੰਗ ਸੱਪ ਮਾਰਿਆ ਸੋਟਾ ਹੈ...
ਹੈ ਗਰਕਣ ਵਗਦੇ ਖੂਹਾਂ ਦਾ,
ਲੰਮੀਂ ਨੀਂਦ 'ਚ ਜਾਣਾ ਰੂਹਾਂ ਦਾ,
ਜੰਗ ਗੀਤ ਹੈ ਸੁੰਨੀਆਂ ਜੂਹਾਂ ਦਾ...
ਬਦਨੀਤ ਹੋਏ ਹਮਸਾਏ ਦੀ,
ਜੰਗ ਲਾਲਸਾ ਧੰਨ ਪਰਾਏ ਦੀ,
ਜੰਗ ਸ਼ਕਲ ਹੈ ਫੁੱਲ ਮੁਰਝਾਏ ਦੀ...
ਬਸਰੇ ਦੀ ਲਾਮ ਦੀ ਰੰਡੀ ਹੈ,
ਜੰਗਲ ਵੱਲ ਜਾਂਦੀ ਡੰਡੀ ਹੈ,
ਜੰਗ ਜਿਉਂ ਮੋਇਆਂ ਦੀ ਮੰਡੀ ਹੈ...
ਜੰਗ ਲੇਖ ਹੈ ਲਿਖਿਆ ਭਾਨਿਆਂ ਦਾ,
ਜੰਗ ਖੇਤ ਹੈ ਭੁੱਜਿਆਂ ਦਾਨਿਆਂ ਦਾ,
ਜੰਗ ਸਿਵਾ ਹੈ ਸੁਪਨ ਸੁਹਾਨਿਆਂ ਦਾ...
ਚੜ੍ਹੀ ਪੀਂਘ ਦੇ ਟੁੱਟ ਗਏ ਰੱਸੇ ਦੀ,
ਸਿਖਰ ਦੁਪਿਹਰ ਭੂਤਨੇ ਨੱਚੇ ਦੀ,
ਜੰਗ ਫੂਕ ਹੈ ਨਾਗ-ਖੜੱਪੇ ਦੀ...
ਕੋਈ ਆਵਾ ਹੋਇਆ ਊਤ ਹੋਵੇ,
ਜਿੰਦ ਜੁੱਤੀ ਵਿੱਚ ਕਲਬੂਤ ਹੋਵੇ,
ਜੰਗ ਵਿਗੜੀ ਜਿਵੇਂ ਗਦੂਤ ਹੋਵੇ...
ਜਿਓਂ ਧੋਖੇ ਆਪਣੇ ਮਿੱਤਰਾਂ ਦੇ,
ਜਿਓਂ ਹਉਕੇ ਮਾਂ ਮਹਿਟਰਾਂ ਦੇ,
ਜਿਓਂ ਕੰਡੇ ਕਾਲੀਆਂ ਕਿੱਕਰਾਂ ਦੇ...
ਜਦ ਬਾਂਝ ਬੱਦਲ ਕੋਈ ਗੱਜਦਾ ਹੈ,
ਜਦ ਜੰਗ ਦਾ ਡੌਰੂ ਵੱਜਦਾ ਹੈ,
ਤੱਦ ਦੈਂਤ ਲਹੂ ਸੰਗ ਰੱਜਦਾ ਹੈ...
ਜਿਓਂ ਟੁੱਟਣਾ ਲਵੀਆਂ ਲਗਰਾਂ ਦਾ,
ਜਿਓਂ ਸੁਣਨਾ ਬੁਰੀਆਂ ਖ਼ਬਰਾਂ ਦਾ,
ਜੰਗ ਹੈ ਹਨੇਰਾ ਕਬਰਾਂ ਦਾ...
ਜੰਗ ਦੂਸ਼ਿਤ ਹੋਏ ਪਿਆਰਾਂ ਦੀ,
ਤੇ ਗਿਰ ਚੁੱਕੇ ਕਿਰਦਾਰਾਂ ਦੀ,
ਇਹ ਜੰਗ ਨਹੀਂ ਮੂਲ ਵਿਚਾਰਾਂ ਦੀ...
ਜੰਗ ਲਹੂ ਚੋਂਦੀ ਬਰਸਾਤ ਹੋਵੇ,
ਜੰਗ ਖ਼ੂਨ ਦੀ ਭਰੀ ਪਰਾਤ ਹੋਵੇ,
ਜੰਗ ਲੰਮੀਂ ਕਾਲੀ ਰਾਤ ਹੋਵੇ...
ਜੰਗ ਤੋਰ ਹੈ ਭਟਕੇ ਰਾਹੀ ਦੀ,
ਤੇ ਜਿਉਂਦਿਆਂ ਦੇ ਗਲ ਫਾਹੀ ਦੀ,
ਜੰਗ ਹੈ ਤਸਵੀਰ ਤਬਾਹੀ ਦੀ...
ਇਹ ਬੰਦ ਹੋਇਆ ਕੋਈ ਰਸਤਾ ਹੈ,
ਇਹ ਅਣਪੜ੍ਹਿਆ ਕੋਈ ਬਸਤਾ ਹੈ,
ਜੰਗ ਖ਼ੂਨੀ ਜਿਵੇਂ ਚੁਰਸਤਾ ਹੈ...
ਕਿਤੇ ਮਰੀਆਂ ਹੋਈਆਂ ਘੁੱਗੀਆਂ ਦੀ,
ਕਿਤੇ ਸੜੀਆਂ ਹੋਈਆਂ ਝੁੱਗੀਆਂ ਦੀ,
ਜੰਗ ਹੈ ਮੁਹਲਤਾਂ ਪੁੱਗੀਆਂ ਦੀ...
ਇਹ ਜੰਗ ਹੈ ਭੱਜੀਆਂ ਬਾਹਾਂ ਦੀ,
ਇਹ ਜੰਗ ਹੈ ਭੁੱਲੀਆਂ ਰਾਹਾਂ ਦੀ,
ਸੱਭ ਜੰਗ ਹੈ ਮੂਲ ਗੁਨਾਹਾਂ ਦੀ...
ਇਹ ਜੰਗ ਹੈ ਉਜੜੇ ਬਾਗਾਂ ਦੀ,
ਇਹ ਜੰਗ ਪੁਰਾਣੀਆਂ ਲਾਗਾਂ ਦੀ,
ਹਰ ਜੰਗ ਹੈ ਮੰਦੇ ਭਾਗਾਂ ਦੀ...
ਕਿਤੇ ਮੁਲਕ 'ਚ ਪਈਆਂ ਵੰਡੀਆਂ ਦੀ,
ਅੱਧੋ ਵਿੱਚ ਹੋਈਆਂ ਝੰਗੀਆਂ ਦੀ,
ਜੰਗ ਦੇਣ ਹੈ ਚਾਲ ਫਿਰੰਗੀਆਂ ਦੀ...
ਏਹ ਕੰਡਿਆਲਾ ਹੈ ਕੰਡੇਰਨਾ,
ਜੰਗ ਤਿੱਖਾ ਤੇਜ਼ ਨਹੇਰਨਾ,
ਜੰਗ ਫੁੱਲਾਂ ਭਰੀ ਚੰਗੇਰ ਨਾ...
ਜੰਗ ਸੁੱਕੇ ਹੋਏ ਦਰਿਆਵਾਂ ਦਾ,
ਤੇ ਉਜੜੀਆਂ ਹੋਈਆਂ ਥਾਂਵਾਂ ਦਾ,
ਜੰਗ ਬਿਰਹਾ ਰੋਂਦੀਆਂ ਮਾਵਾਂ ਦਾ...
ਜੱਦ ਧਮਕ ਹੱਦਾਂ ਤੇ ਪੈਂਦੀ ਏ,
ਤਾਂ ਨੈਣੀਂ ਨੀਂਦ ਨਾ ਪੈਂਦੀ ਏ,
ਹਰ ਮਾਤਾ ਸੁੱਕਣੇ ਪੈਂਦੀ ਏ...
ਜਿਵੇਂ ਤੱਤੀ ਹੋ ਗਈ ਛਾਂ ਹੋਵੇ,
ਜਿਵੇਂ ਪੁੱਤ-ਵਿਹੂਣੀ ਮਾਂ ਹੋਵੇ,
ਜੰਗ ਖ਼ੂਨੀ ਬਣੀ ਝਨਾਂ ਹੋਵੇ...
ਇਹ ਜੰਗ ਹੈ ਵਿਗੜੇ ਭਾਈਆਂ ਦੀ,
ਇਹ ਜੰਗ ਹੈ ਭੁੱਲਿਆਂ ਰਾਹੀਆਂ ਦੀ,
ਹਰ ਜੰਗ ਹੈ ਖੇਡ ਸੌਦਾਈਆਂ ਦੀ...
ਜਿਵੇਂ ਲੁੱਟਿਆ ਹੋਇਆ ਬਜ਼ਾਰ ਹੋਵੇ,
ਜਿੱਥੇ ਮਰਦ ਹੋਵੇ ਨਾ ਨਾਰ ਹੋਵੇ,
ਜੰਗ ਜਿੱਤ ਹੋਵੇ ਨਾ ਹਾਰ ਹੋਵੇ...
ਇੱਧਰ ਵੀ ਮਿਰਜ਼ੇ ਵੀਰ ਮਰੇ,
ਓਧਰ ਵੀ ਸੜ੍ਹ ਗਏ ਵਣ ਹਰੇ,
ਮੇਰੇ ਨੈਣ ਕਟੋਰੇ ਜਲ ਭਰੇ...

ਸੰਤ ਸੰਧੂ

| ਸਾਲ 5 | Vol. 5 | ਅੰਕ 4 | Issue 4 | ਮਾਸਿਕ | Monthly | ਅਪ੍ਰੈਲ 2026 | April 2026 |
|---|---|---|---|---|---|---|---|

**Apni Aawaaz**
Punjabi Monthly

**Editorial Board**
Chief Editor
Surinder Singh Sunner
693-GTB Nagar, Jalandhar Punjab
e-mail : ssunner@gmail.com

Editor :
Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

Members :
Sant Sandhu
Surinder Khiwa
Baljit Singh Sangha

Advisory Board :
Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

Contact :
+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | | |
|---|---|---|---|
| 1. | ਸੰਪਾਦਕੀ – | ਡਾ. ਰਾਮ ਮੂਰਤੀ | 3 |
| 2. | ਪਹਿਲੀ ਮਜ਼ਦੂਰੀ | ਸੁਰਿੰਦਰ ਸਿੰਘ ਸੁੰਨੜ | 4 |
| 3. | ਗੋਰ ਪਿਆ ਕੋਈ ਹੋਰ... | ਕੁਲਦੀਪ ਸਿੰਘ ਦੀਪ | 6 |
| 4. | ਪਿੰਡ ਦੇ ਨਾਂ ਇੱਕ ਖ਼ਤ | ਮਨਜੀਤ ਸਿੰਘ 'ਸੋਹਲ' | 8 |
| 5. | ਇਲਾਹੀ ਨਦਰ ਦੇ ਪੈਂਡੇ | ਚੇਤਨ ਸਿੰਘ | 9 |
| 6. | ਕਵਿਤਾ-ਗੁਰੂ ਨਾਨਕ ਰਵਿਦਾਸ ਗੁਰੂ | ਸੁਖਜਿੰਦਰ ਸਿੰਘ ਭੁਪਾਲ | 12 |
| 7. | 'ਪੰਜਾਬੀਆਂ ਦੇ ਵਹਿਮ-ਭਰਮ ਤੇ ਰਸਮ ਰਿਵਾਜ'- ..... | ਡਾ. ਰਾਮ ਮੂਰਤੀ | 13 |
| 8. | ਪਲਾਸਟਿਕ ਦਾ ਡੱਬੂ | ਹਰੀ ਕ੍ਰਿਸ਼ਨ ਮਾਇਰ | 16 |
| 9. | ਲੇਖ- ਧੰਨ ਹੈ ਭਗਤ ਧੰਨਾ ਜੀ ਦੀ ਪ੍ਰਭੂ ਨਾਲ ਪ੍ਰੀਤ | ਨੂਰ ਸੰਤੋਖਪੁਰੀ | 18 |
| 10. | ਮਨੁੱਖੀ ਮਨ ਦੀਆਂ ਸੂਖ਼ਮ ਪਰਤਾਂ ਨੂੰ ਫਰੋਲਦਾ ਕਾਵਿ ਸੰਗ੍ਰਹਿ : ਸੁੰਦਰਤਾ ਦਾ ਲਿਬਾਸ | ਡਾ. ਚਰਨਜੀਤ ਕੌਰ ਬਰਾੜ | 20 |
| 11. | ਆਓ ਜ਼ਿੰਦਗੀ ਨੂੰ ਖੁਸ਼ੀ ਨਾਲ ਜਿਉਣ ਦੀ ਕਲਾ ਸਿੱਖੀਏ! | ਜ਼ਫ਼ਰ ਇਕਬਾਲ ਜ਼ਫ਼ਰ | 22 |
| 12. | ਮਨੁੱਖ ਦੇ ਪਿਉ | ਡਾ. ਨਿਰੰਜਨ | 24 |
| 13. | ਲੂਈ ਪਾਸਚਰ-ਮਾਈਕਰੋ ਬਾਈਔਲਜ਼ੀ ਦਾ ਜਨਮ-ਦਾਤਾ | ਡਾ. ਹਰੀਸ਼ ਮਲਹੋਤਰਾ | 25 |
| 14. | ਕੁਦਰਤ, ਸਮਾਜ ਅਤੇ ਡਾ. ਰਾਮ ਮੂਰਤੀ ਦੀ ਕਵਿਤਾ | ਇੰਜ. ਸੀਤਲ ਸਿੰਘ ਸੰਘਾ | 29 |
| 15. | ਹਿੰਦੀ ਵਿਅੰਗ-ਰੰਗੀਨ ਆਦਮੀਆਂ ਦੀ ਰੰਗ-ਬਿਰੰਗੀ ਦੁਨੀਆਂ | ਵਿਨੋਦ ਕੁਮਾਰ ਵਿੱਕੀ | 42 |
| 16. | 'ਤੇ ਵਕਤ ਬੋਲਦਾ ਗਿਆ' ਇਹ ਨਾਵਲ ਉਤਰ ..... | ਡਾ. ਰਵੇਲ ਸਿੰਘ | 44 |
| 17. | ਪਰਮਾਤਮਾ ਵੱਲੋਂ ਮਿਲਿਆ ਤੋਹਫ਼ਾ ਹੈ "ਜ਼ਿੰਦਗੀ" | ਸੰਜੀਵ ਸਿੰਘ ਸੈਣੀ | 46 |
| 18. | ਉਰਮਲਜੀਤ ਸਿੰਘ ਦੀਆਂ ਦੋ ਕਵਿਤਾਵਾਂ | ਉਰਮਲਜੀਤ ਸਿੰਘ | 48 |
| 19. | ਗੀਤ | ਡਾ. ਮੁਹਿੰਦਰ ਸਿੰਘ ਰਾਏ | 49 |
| 20. | ਗਹਿਨ ਕਾਵਿਕਤਾ ਦਾ ਲਿਸ਼ਕਾਰਾ : ਕੁੱਤਾ ਜੂਨ ਤੇ ਮੈਂਡੋਲਿਨ | ਡਾ. ਰਾਮ ਮੂਰਤੀ | 50 |
| 21. | ਵਿਸ਼ਵ ਭਾਈਚਾਰੇ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ-..... | ਕਿਸ਼ਨ ਸੰਮੁਖਦਾਸ ਭਵਾਨੀ | 54 |
| 22. | ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 58 |
| 23. | ਆਪਣੇ ਹਿੱਤਾਂ ਦੀ ਰਾਖੀ ਲਈ ਜੱਥੇਬੰਦੀਆਂ ਬਣਾਉਣ ਦਾ .... | ਸੁਰਿੰਦਰ ਸੰਘਾ | 62 |
| 24. | ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।

**ਆਪਣੀ ਆਵਾਜ਼**
693-ਗੁਰੂ ਤੇਗ਼ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**
693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ



# ਜੰਗ : ਸਾਮਰਾਜਵਾਦ ਦਾ ਘਿਣਾਉਣਾ ਚਿਹਰਾ

ਅੱਜ ਲਗਪਗ ਅੱਧੇ ਵਿਸ਼ਵ ਵਿੱਚ ਜੰਗ ਦੇ ਬੱਦਲ ਗਰਜ ਰਹੇ ਹਨ। ਦੁਨੀਆਂ ਦਾ ਸਾਮਰਾਜਵਾਦੀ ਮੁਲਕ ਅਮਰੀਕਾ ਤੇ ਉਸਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਨੀਆਂ ਵਿੱਚ ਆਪਣੀ ਧਾਂਕ ਜਮਾਉਣ ਲਈ ਜੰਗ ਦੀ ਬੇਲੋੜੀ ਵਰਤੋਂ ਕਰ ਰਿਹਾ ਹੈ। ਪੱਛਮੀ ਤੇ ਏਸ਼ੀਆਈ ਮੁਲਕਾਂ ਉੱਪਰ ਆਪਣਾ ਹੁਕਮ ਚਲਾਉਣ ਲਈ ਉਹ ਬੇਲੋੜੀਆਂ ਬੰਧਿਸ਼ਾਂ ਲਗਾ ਰਿਹਾ ਹੈ ਅਤੇ ਟੈਰਿਫ ਦਾ ਡਰਾਵਾ ਦੇ ਕੇ ਉਹ ਦੁਨੀਆਂ ਦੇ ਵਿਕਾਸਸ਼ੀਲ ਮੁਲਕਾਂ ਨੂੰ ਆਪਣਾ ਗੁਲਾਮ ਬਣਾਉਣਾ ਚਾਹੁੰਦਾ ਹੈ। ਅੱਜ ਕੱਲ ਉਸ ਦੀ ਗਾਟੀ ਅਰਬ ਦੇ ਮੁਲਕ ਇਰਾਨ ਨਾਲ ਫਸੀ ਹੋਈ ਹੈ। ਇਰਾਨ ਨਾਲ ਲੱਗਦੇ ਅਰਬ ਮੁਲਕਾਂ ਅਤੇ ਇਜ਼ਰਾਇਲ ਵਿੱਚ ਸਥਾਪਿਤ ਕੀਤੇ ਗਏ ਆਪਣੇ ਜੰਗੀ ਠਿਕਾਣਿਆਂ ਤੋਂ ਉਹ ਇਰਾਨ ਉੱਪਰ ਹਮਲੇ ਕਰ ਰਿਹਾ ਹੈ ਤੇ ਇਰਾਨ ਉਸ ਦਾ ਮੁਕਾਬਲਾ ਬੜੀ ਤਨਦੇਹੀ ਨਾਲ ਕਰ ਰਿਹਾ ਹੈ। ਅਮਰੀਕਾ ਨੇ ਆਪਣੇ ਹਮਲਿਆਂ ਰਾਹੀਂ ਇਰਾਨ ਦੇ ਸੁਪਰੀਮ ਲੀਡਰ ਖਾਨੇਮੇਈ ਨੂੰ ਵੀ ਮਾਰ ਮੁਕਾਇਆ ਅਤੇ ਡੇਢ ਸੌ ਤੋਂ ਉੱਪਰ ਸਕੂਲੀ ਬੱਚੇ ਵੀ ਅਮਰੀਕੀ ਹਮਲਿਆਂ ਦੌਰਾਨ ਆਪਣੀ ਜਾਨ ਗਵਾ ਗਏ। ਅਮਰੀਕਾ ਅਤੇ ਇਜ਼ਰਾਇਲ ਦੇ ਇਸ ਘਿਰਣਤ ਕਾਰੇ ਦੀ ਨਿੰਦਾ ਜਿੱਥੇ ਪੂਰੀ ਦੁਨੀਆ ਵਿੱਚ ਹੋ ਰਹੀ ਹੈ ਉਥੇ ਅਮਰੀਕਾ ਦੇ ਲੋਕ ਵੀ ਟਰੰਪ ਦੀ ਅਜਿਹੀ ਨੀਤੀ ਦੀ ਆਲੋਚਨਾ ਕਰ ਰਹੇ ਹਨ । ਇਸ ਜੰਗ ਦੀ ਰਣਭੂਮੀ ਮੁੱਖ ਤੌਰ ਤੇ ਇਜ਼ਰਾਇਲ ਤੇ ਇਰਾਨ ਬਣੇ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਜਦੋਂ ਦਾ ਐਬਸਟੀਨ ਫਾਈਲਸ ਦਾ ਮਸਲਾ ਭਖਿਆ ਹੈ ਉਦੋਂ ਤੋਂ ਹੀ ਡੋਨਾਲਡ ਟਰੰਪ ਤੇ ਦੁਨੀਆ ਦੇ ਹੋਰ ਲੀਡਰ ਇਸ ਫਾਈਲ ਵਿੱਚ ਆਏ ਆਪਣੇ ਨਾਮ ਤੇ ਗੁਨਾਹਾਂ ਨੂੰ ਛੁਪਾਉਣ ਖਾਤਰ ਯੁੱਧ ਦਾ ਸਹਾਰਾ ਲੈ ਰਹੇ ਹਨ।

ਅੱਜ ਜਦੋਂ ਕਿ ਦੁਨੀਆਂ ਇੱਕ ਪਿੰਡ ਵਿੱਚ ਤਬਦੀਲ ਹੋ ਚੁੱਕੀ ਹੈ। ਦੁਨੀਆਂ ਦੇ ਸਾਰੇ ਦੇਸ਼ ਤੇ ਲੋਕ ਕਿਸੇ ਨਾ ਕਿਸੇ ਜਿਣਸ ਦੇ ਆਯਾਤ ਜਾਂ ਨਿਰਯਾਤ ਸਦਕਾ ਇੱਕ ਦੂਸਰੇ ਉੱਪਰ ਨਿਰਭਰ ਹੋਏ ਬੈਠੇ ਹਨ। ਜਿਵੇਂ ਗੈਸ, ਤੇਲ ਅਤੇ ਅਨਾਜ ਦੀ ਅਪੂਰਤੀ ਕਿਸੇ ਵੀ ਮੁਲਕ ਨੂੰ ਸੰਕਟ ਵਿੱਚ ਪਾ ਸਕਦੀ ਹੈ। ਇਸ ਜੰਗ ਦਾ ਪ੍ਰਭਾਵ ਜਿੱਥੇ ਖਾੜੀ ਦੇਸ਼ਾਂ ਵਿੱਚ ਬਹੁਤ ਵਿਪਰੀਤ ਪਿਆ ਹੈ, ਉੱਥੇ ਹੀ ਭਾਰਤ ਅਤੇ ਪਾਕਿਸਤਾਨ ਵਰਗੇ ਮੁਲਕਾਂ ਵਿੱਚ ਵੀ ਇਸ ਦੇ ਅਸਰ ਸਪਸ਼ਟ ਰੂਪ ਵਿੱਚ ਦਿਸਣ ਲੱਗ ਪਏ ਹਨ। ਅੱਜ ਭਾਰਤ ਵਿੱਚ ਵੀ ਗੈਸ ਅਤੇ ਤੇਲ ਦੀ ਆਉਣ ਵਾਲੀ ਸੰਭਾਵਿਤ ਕਿੱਲਤ ਦੀਆਂ ਗੱਲਾਂ ਬਾਤਾਂ ਹੋ ਰਹੀਆਂ ਹਨ ਅਤੇ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਕਿਤੇ ਦੁਬਾਰਾ ਫਿਰ ਸਾਨੂੰ ਲੋਕਡਾਊਨ ਵਰਗੀ ਸਥਿਤੀ ਵਿੱਚੋਂ ਗੁਜ਼ਰਨਾ ਨਾ ਪੈ ਜਾਵੇ । ਇਸ ਲਈ ਜੰਗ ਦਾ ਹਰ ਤਰਫ ਤੋਂ ਵਿਆਪਕ ਵਿਰੋਧ ਹੋਣਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਅੱਜ ਯੂ.ਐਨ.ਓ. ਵਰਗੀਆਂ ਸੰਸਥਾਵਾਂ ਵੀ ਤਮਾਸ਼ਬੀਨ ਬਣ ਕੇ ਬੈਠੀਆਂ ਹਨ। ਭਾਵੇਂ ਕਿ ਡੋਨਾਲਡ ਟਰੰਪ ਦਾ ਚੁਫੇਰੇ ਵਿਰੋਧ ਵੀ ਹੋ ਰਿਹਾ ਹੈ ਪਰ ਇਸ ਵਿਰੋਧ ਦੀ ਸੁਰ ਨੂੰ ਹੋਰ ਤਿੱਖਾ ਤੇ ਉੱਚਾ ਕਰਨ ਦੀ ਜਰੂਰਤ ਹੈ ਤਾਂ ਜੋ ਦੁਨੀਆਂ ਨੂੰ ਤੀਸਰੇ ਮਹਾਂ ਯੁੱਧ ਵਰਗੀ ਭਿਆਨਕ ਸਥਿਤੀ ਤੋਂ ਬਚਾਇਆ ਜਾ ਸਕੇ। ਜੇ 21ਵੀਂ ਸਦੀ ਵਿੱਚ ਪਹੁੰਚ ਕੇ ਵੀ, ਗਿਆਨ ਵਿਗਿਆਨ ਦੀ ਦੁਨੀਆਂ ਵਿੱਚ ਵਿਚਰਦਿਆਂ ਹੋਇਆਂ ਵੀ ਅਸੀਂ ਅਜਿਹੀ ਵਹਿਸ਼ਤ ਦਾ ਵਿਖਾਵਾ ਕਰਨਾ ਹੈ ਤਾਂ ਇਤਿਹਾਸ ਵਿੱਚ ਕੀ ਮੂੰਹ ਵਿਖਾਵਾਂਗੇ । ਜਿਹੜੇ ਲੋਕ ਆਪਣੇ ਕਰੰਸੀ ਨੋਟਾਂ 'ਤੇ 'ਇਨ ਗੌਡ ਵੀ ਟ੍ਰਸਟ' ਲਿਖਦੇ ਹਨ ਉਹਨਾਂ ਨੂੰ ਤਾਂ ਘੱਟੋ ਘੱਟ ਇਸ ਤਰ੍ਹਾਂ ਦੀ ਮਨੁੱਖ ਮਾਰੂ ਜੰਗ ਵਿੱਚ ਵਿਸ਼ਵਾਸ ਨਹੀਂ ਰੱਖਣਾ ਚਾਹੀਦਾ। ਇਸ ਜੰਗ ਵਿੱਚ ਧਾਰਮਿਕ, ਨੈਤਿਕ ਕਦਰਾਂ ਕੀਮਤਾਂ ਤੇ ਮਾਨਵੀ ਸਰੋਕਾਰ ਬੜੀ ਬੁਰੀ ਤਰ੍ਹਾਂ ਨਾਲ ਕੁਚਲੇ ਜਾ ਰਹੇ ਹਨ। ਇਸ ਲਈ ਸਮਾਜ ਦੀਆਂ ਸੰਵੇਦਨਸ਼ੀਲ ਧਿਰਾਂ ਨੂੰ ਇਸ ਜੰਗ ਦਾ ਵਿਰੋਧ ਡੱਟ ਕੇ ਕਰਨਾ ਚਾਹੀਦਾ ਹੈ। ਈਦਾਰਾ 'ਆਪਣੀ ਆਵਾਜ਼' ਵੀ ਅਜਿਹੀ ਅਨੈਤਿਕ ਜੰਗ ਦਾ ਵਿਰੋਧ ਕਰਦਾ ਹੈ।

- ਡਾ. ਰਾਮ ਮੂਰਤੀ

# ਪਹਿਲੀ ਮਜ਼ਦੂਰੀ

ਸੁਰਿੰਦਰ ਸਿੰਘ ਸੁੰਨੜ



ਆਲੂਆਂ ਦੇ ਘਾਟੇ ਨੇ ਉੱਨੀ ਸੌ ਅੱਸੀ ਕਿਆਸੀ ਵਿੱਚ ਬੜੇ ਜ਼ਿਮੀਦਾਰ ਬਰਬਾਦ ਕੀਤੇ। ਬਦਕਿਸਮਤੀ ਨਾਲ ਮੇਰਾ ਵੀ ਨੰਬਰ ਉਨ੍ਹਾਂ ਜ਼ਿਮੀਂਦਾਰਾਂ ਵਿੱਚ ਸੀ।

ਜਿੰਨਾ ਵੱਢਾ ਜ਼ਿਮੀਂਦਾਰ ਓਨੀ ਵੱਢੀ ਬਰਬਾਦੀ। ਮੇਰੀ ਖੇਤੀ ਸਾਡੇ ਇਲਾਕੇ ਵਿੱਚ ਮੰਨੀਂ ਪਰਮੰਨੀਂ ਹੋਇਆ ਕਰਦੀ ਸੀ। ਆਲੂਆਂ ਦੇ ਸੀਜ਼ਨ ਵਿੱਚ ਕਈ ਵਾਰ ਦੋ ਦੋ ਸੌ ਬੰਦਾ ਸਾਡੇ ਖੇਤਾਂ ਵਿੱਚ ਕੰਮ ਕਰਿਆ ਕਰਦਾ ਸੀ। ਆਲੂਆਂ ਦੀ ਭਰੀ ਬੋਰੀ ਸੱਤ ਰੁਪਏ ਦੀ ਵਿਕਦੀ ਤੇ ਖ਼ਾਲੀ ਨਵੀਂ ਬੋਰੀ ਦਾ ਮੁੱਲ ਸਾਢੇ ਸੱਤ ਸੀ। ਐਨਾਂ ਘਾਟਾ ਪਿਆ ਕਿ ਸਮਝ ਨਾ ਆਵੇ ਕੀ ਕਰਾਂ। ਖੇਤੀ ਦੇ ਸਾਰੇ ਸੰਦ, ਟਰੈਕਟਰ ਟਰਾਲੀਆਂ ਵੇਚ ਕੇ ਵੀ ਮੇਰੇ ਸਿਰ ਤਕਰੀਬਨ ਨੱਬੇ ਹਜ਼ਾਰ ਰੁਪਏ ਕਰਜ਼ਾ ਰਹਿ ਗਿਆ। ਘਰ ਦੇ ਖਰਚੇ ਲਈ ਵੀ ਤੰਗੀ ਮਹਿਸੂਸ ਹੋਣ ਲੱਗੀ। ਹਰਪ੍ਰੀਤ ਨੂੰ ਉਸ ਦੇ ਪੇਕੀਂ ਛੱਡ ਕੇ ਨਿੱਕੇ ਨਿੱਕੇ ਦੋ ਬੱਚੇ ਵੀ ਉਸ ਦੇ ਕੋਲ ਰੜੇ ਬਿਠਾ ਕੇ ਮੈਂ ਘਰੋਂ ਨਿਕਲ ਤੁਰਿਆ। ਏਨਾ ਵੀ ਨਹੀਂ ਸੀ ਪਤਾ ਕਿ ਮੰਜ਼ਿਲ ਕੇਹੜੀ ਪਰ ਆਪਣੇ ਵਾਤਾਵਰਣ ਵਿੱਚ ਐਨਾ ਦਮ ਘੁੱਟਦਾ ਸੀ ਕਿ ਬਿਨਾਂ ਰਸਤੇ ਡਾਂਡੇ ਮੀਂਡੇ ਹੀ ਹੋ ਤੁਰਿਆ। ਮਨ ਵਿੱਚ ਬੱਸ ਇੱਕੋ ਹੀ ਸੋਚ, ਜਿੱਥੇ ਰੱਖੇਂ ਮੇਰੇ ਸਾਈਆਂ।

ਬੜੇ ਭਾਈ ਦੀਆਂ ਗੱਲਾਂ ਵਿੱਚ ਆ ਕੇ ਮੈਂ ਦਿੱਲੀ ਆ ਗਿਆ। ਸਾਡੇ ਪਿੰਡ ਦਾ ਪਰਮਜੀਤ ਜਿਸ ਨੂੰ ਮੈਂ ਹਮੇਸ਼ਾ ਬੜਾ ਭਾਈ ਆਖਿਆ ਕਰਦਾ ਸੀ, ਬੜਾ ਫਿਰਿਆ ਤੁਰਿਆ ਬੰਦਾ ਸੀ। ਗਰੀਸ ਦੇ ਸ਼ਿਪਾਂ ਦੀਆਂ ਗੱਲਾਂ ਸੁਣਾਂ ਸੁਣਾਂ ਕੇ ਮੇਰੇ ਦਿਲ ਵਿੱਚ ਸ਼ਿਪ ਵਿੱਚ ਨੌਕਰੀ ਕਰਨ ਦੀ ਰੀਝ ਪੈਦਾ ਕਰ ਦਿੱਤੀ। ਦਿੱਲੀ ਮੈਟਰੋ ਹੋਟਲ ਦੇ ਮਾਂਗਣੂਆਂ ਨੇ ਬੜਾ ਲਹੂ ਪੀਤਾ ਪਰ ਆਪਣੇਂ ਘਰ ਦੇ ਮਖਮਲੀ ਬਿਸਤਰੇ ਨੂੰ ਮੈਂ ਜ਼ਰਾ ਵੀ ਯਾਦ ਨਾ ਕੀਤਾ। ਬੱਸ ਇੱਕੋ ਹੀ ਰੀਝ ਕਿ ਕੋਈ ਉਪਰਾਲਾ ਕੀਤਾ ਜਾਵੇ ਜਿਸ ਨਾਲ ਮੈਂ ਆਪਣਾ ਕਰਜਾ ਲਾਹ ਦਿਆਂ। ਮੈਨੂੰ ਇਵੇਂ ਲੱਗੇ ਜਿਵੇਂ ਬੜਾ ਭਾਈ ਮੇਰੇ ਵਾਸਤੇ ਕੋਈ ਤਰੀਕਾ ਲੱਭ ਰਿਹਾ ਹੈ ਲੇਕਿਨ ਓਦੋਂ ਹੀ ਪਤਾ ਲੱਗਾ ਜਦ ਬੜਾ ਭਾਈ ਤਾਂ ਸ਼ਿਪ ਤੇ ਜਾ ਚੜ੍ਹਿਆ ਤੇ ਮੈਂ ਦਿੱਲੀ ਦੀ ਭੀੜ ਵਿੱਚ ਭਟਕਦਾ ਫਿਰਾਂ। ਉਦੋਂ ਬਦਮਾਸ਼ ਦਾ ਪੁੱਤਰ ਤਰਸੇਮ ਦਿੱਲੀ ਹੀ ਮਿਲਿਆ। ਬੜਾ ਸਾਫ ਦਿਲ ਇਨਸਾਨ, ਨਿੱਕਾ ਜਿਹਾ ਕੱਦ ਕਾਠ, ਭਾਵੇਂ ਵਿਦੇਸ਼ਾਂ ਵਿੱਚ ਨੌਕਰੀ ਕਰਨ ਦਾ ਉਸ ਨੂੰ ਤਜ਼ਰਬਾ ਸੀ ਪਰ ਦੇਖਣੀਪਾਖਣੀ ਤੇ ਬੋਲ ਚਾਲ ’ਚੋਂ ਸਾਦਾ ਜਿਹਾ ਪੰਜਾਬੀ ਮੁੰਡਾ ਲੱਗਦਾ ਸੀ। ਤਰਸੇਮ ਨੇ ਮੈਨੂੰ ਦੱਸਿਆ ਕਿ ਇਟਲੀ ’ਚੋਂ ਕਈ ਵਾਰੀਂ ਪੰਜਾਬੀ ਮੁੰਡੇ ਸ਼ਿਪ ਤੇ ਚੜ੍ਹਦੇ ਹਨ।

ਤਰਸੇਮ ਤੇ ਮੈਂ ਇਟਲੀ ਦਾ ਵੀਜ਼ਾ ਲੈ ਕੇ ਇਟਲੀ ਜਾਣ ਲਈ ਤਿਆਰ ਹੋ ਗਏ। ਆਪਣੇ ਵੀਰ ਜਸਵਿੰਦਰ ਕੋਲੋਂ ਕਿਰਾਏ ਜੋਗੇ ਪੈਸੇ ਲੈ ਕੇ ਅਸੀਂ ਟਿਕਟਾਂ ਬੁੱਕ ਕਰਵਾ ਲਈਆਂ। ਸਭ ਤੋਂ ਸਸਤੀ ਟਿਕਟ ਐਰੋਫਲੋਟ ਦੀ ਸੀ। ਰੂਸ ਵਿੱਚ ਦੀ ਇਟਲੀ ਦਾ ਸਫਰ ਤੇ ਤਰਸੇਮ ਦੀ ਕਹਾਣੀ ਬੜੀ ਦਿਲਚਸਪ ਹੈ ਜੋ ਇਸ ਕਹਾਣੀ ਵਿੱਚ ਨਹੀਂ ਸਮਾਅ ਸਕਦੀ। ਇਹ ਮੇਰੀ ਪਹਿਲੀ ਵਿਦੇਸ਼ ਯਾਤਰਾ ਸੀ ਇਸ ਬਾਰੇ ਵੀ ਅਗਲਿਆਂ ਪੰਨਿਆਂ ’ਤੇ ਵਿਸਥਾਰ ਨਾਲ ਲਿਖਾਂਗਾ। ਰੋਮ ਸ਼ਹਿਰ ਦੇ ਮੇਨ ਟਰਮੀਨਲ ’ਤੇ ਇੱਕ ਦਿਨ ਸ਼ਾਮ ਦੇ ਵਕਤ ਮੈਨੂੰ ਕੁਝ ਪੰਜਾਬੀ ਮੁੰਡੇ ਮਿਲੇ । ਚਾਰ ਪੰਜ ਮੁੰਡੇ ਇਕੱਠੇ ਘੁੰਮ ਰਹੇ ਸੀ। ਗੱਲਾਂ ਬਾਤਾਂ ਤੋਂ ਪਤਾ ਲੱਗਾ ਕਿ ਉਹ ਰੋਮ ਸ਼ਹਿਰ ਤੋਂ ਬਾਹਰ ਕਿਸੇ ਦੇ ਖੇਤਾਂ ਵਿੱਚ ਰਹਿੰਦੇ ਹਨ ਤੇ ਖੇਤਾਂ ਵਿੱਚ ਹੀ ਕੰਮ ਕਰਦੇ ਹਨ। ਜਾਣ ਲੱਗੇ ਮੈਨੂੰ ਆਪਣਾ ਪਤਾ ਦੇ ਕੇ ਗਏ ਤੇ ਨਾਲੇ ਦਿਲਚਸਪੀ ਨਾਲ ਆਖਿਆ, ਸਾਡੇ ਕੋਲ ਆਈਂ ਭਾਅ ਬਹਿ ਕੇ ਪੰਜਾਬ ਦੀਆਂ ਗੱਲਾਂ ਸੁਣਾਂਗੇ, ਬੜਾ ਚਿਰ ਹੋਇਆ ਪੰਜਾਬ ਛੱਡਿਆ, ਇੱਕ ਮੁੰਡੇ ਨੇ ਦਰਦ ਭਰੀ ਆਵਾਜ਼ ਵਿੱਚ ਕਿਹਾ। ਉਨ੍ਹਾਂ ਸਾਰਿਆਂ ਨੇ ਮਜ਼ਦੂਰਾਂ ਵਾਲੇ ਕੱਪੜੇ ਪਾਏ ਹੋਏ ਸੀ। ਮੇਰੇ ਵੱਲ ਬੜੀ ਨੀਝ ਨਾਲ ਦੇਖ ਰਹੇ ਸੀ ਜਾਣ ਲੱਗੇ ਦੋਂਹ ਤਿੰਨਾਂ ਨੇ ਤਾਂ ਅੱਖਾਂ ਵੀ ਭਰ ਲਈਆਂ। ਆਪਣੀਂ ਚੁੱਪ ਵਿੱਚੋਂ ਜਿਵੇਂ ਕਹਿ ਰਹੇ ਹੋਣ ਸਾਡੇ ਵਾਂਗ ਤੂੰ ਵੀ ਛੇਤੀ ਰੁਲ ਜਾਏਂਗਾ।

ਸਾਰੀ ਰਾਤ ਮੈਂ ਉਨ੍ਹਾਂ ਪੰਜਾਬੀ ਮੁੰਡਿਆਂ ਬਾਰੇ ਸੋਚਦਾ ਰਿਹਾ ਇਹ ਵੀ ਪਤਾ ਨਹੀਂ ਇੱਜ਼ਤਦਾਰ ਘਰਾਂ ਦੇ ਹੋਣ, ਦਿਲ ਕਰੇ ਉਨ੍ਹਾਂ ਨੂੰ ਲੱਭ ਕੇ ਗੱਲਾਂ ਕਰਾਂ।ਰਾਤ ਨੀਂਦ ਨਾ ਆਈ ਤੜਕਸਾਰ ਕਿਤੇ ਅੱਖ ਲੱਗੀ ਤੇ ਮੈਂ ਕਵੇਲੇ ਉੱਠਿਆ। ਲੱਭਦਾ ਲਭਾਉਂਦਾ ਸ਼ਾਮ ਤੱਕ ਮੈਂ ਖੇਤਾਂ ਵਿੱਚ ਪਹੁੰਚ ਗਿਆ। ਰੇਲ ਗੱਡੀ ਦਾ ਇੱਕ ਪੁਰਾਣਾ ਡੱਬਾ ਖੇਤਾਂ ਵਿੱਚ ਪਿਆ ਸੀ ਜਿਸ ਡੱਬੇ ਵਿੱਚ ਸਾਰੇ ਸੌਂਦੇ

ਸਨ। ਅਸੀਂ ਕਾਫੀ ਦੇਰ ਗੱਲਾਂ ਕਰਦੇ ਰਹੇ, ਜਦੋਂ ਸੰਧਿਆਂ ਵੇਲੇ ਦਾ ਘੁਸਮੁਸਾ ਜਿਹਾ ਹੋਣ ਲੱਗਾ ਤਾਂ ਹੱਥ ਪੈਰ ਧੋਅ ਕੇ ਮੈਂ ਰਹਿਰਾਸ ਦਾ ਪਾਠ ਕੀਤਾ। ਜਿਸ ਤਰਾਂ ਦਾ ਵੀ ਕੱਪੜਾ ਹੱਥ ਆਇਆ ਸਾਰਿਆਂ ਨੇ ਸਿਰ ਢਕ ਕੇ ਤੇ ਟਿਕ ਟਿਕੀ ਲਾਅ ਕੇ ਪਾਠ ਸੁਣਿਆਂ, ਅਰਦਾਸ ਕਰਨ ਤੋਂ ਬਾਅਦ ਜਦ ਰੋਟੀ ਖਾਣ ਲੱਗੇ ਜੋ ਕਿ ਸਾਰਿਆਂ ਨੇ ਰਲ ਮਿਲ ਕੇ ਬਣਾਈ ਸੀ, ਤਾਂ ਸਾਰੇ ਇੱਕ ਦੂਜੇ ਵੱਲ ਦੇਖਣ ਲੱਗੇ। ਇੱਕ ਮੁੰਡੇ ਨੇ ਜਕਦੇ ਜਕਦੇ ਦੱਸਿਆ ਕਿ ਪਾਣੀ ਦੇ ਥਾਂ ਸਾਰੇ ਏਥੇ ਵੀਨੋਂ ਪੀਂਦੇ ਹਨ। ਬਹੁਤਾ ਨਸ਼ਾ ਨਹੀਂ ਹੁੰਦਾ, ਬੀਅਰ ਨਾਲੋਂ ਵੀ ਘੱਟ ਨਸ਼ਾ ਹੁੰਦਾ - ਮੈਂ ਕਿਹਾ ਕੋਈ ਗੱਲ ਨਹੀਂ, ਪਾਠ ਕਰਨ ਨਾਲ ਤਾਂ ਸਕੂਨ ਮਿਲਦਾ ਹੈ ਲੇਕਿਨ ਬਹੁਤੇ ਸਿੱਖ ਲੋਕੀਂ ਵੈਜੀਟੇਰੀਅਨ ਨਹੀਂ ਹਨ। ਖਾਣਾ ਖਾਣ ਤੋਂ ਬਾਅਦ ਵੀ ਸਾਰੇ ਬੈਠ ਕੇ ਅਸੀਂ ਖੌ ਪੀਏ ਤੱਕ ਗੱਲਾਂ ਕਰਦੇ ਰਹੇ।

ਸਵੇਰੇ ਜਦ ਸਾਰੇ ਕੰਮ ਤੇ ਜਾਣ ਲੱਗੇ ਤਾਂ ਇੱਕ ਗਵਾਂਢੀ ਕਿਸਾਨ ਆ ਕੇ ਕਹਿਣ ਲੱਗਾ ਕਿ ਉਸ ਨੂੰ ਇੱਕ ਦਿਹਾੜੀਦਾਰ ਦੀ ਲੋੜ ਹੈ। ਸਾਰੇ ਮੈਨੂੰ ਕਹਿਣ ਲੱਗੇ ਕਿ ਮੈਂ ਦਿਹਾੜੀ ਲਾ ਆਵਾਂ। ਮੇਰਾ ਵੀ ਕੰਮ ਕਰਨ ਨੂੰ ਮਨ ਕਰ ਆਇਆ, ਪੱਚੀ ਮਿੱਲੇ ਜਾਣੀ ਪੰਦਰਾਂ ਡਾਲਰ ਦਿਹਾੜੀ ਦੇਣੇ ਕਰਕੇ ਉਹ ਕਿਸਾਨ ਮੈਨੂੰ ਆਪਣੇ ਨਾਲ ਲੈ ਗਿਆ। ਟਰੈਕਟਰ ਟਰਾਲੀ ਗੈਰਾਜ਼ 'ਚੋਂ ਬਾਹਰ ਕੱਢ ਕੇ ਮੈਨੂੰ ਇਸ਼ਾਰਾ ਕੀਤਾ, ਛਾਲ ਮਾਰ ਕੇ ਮੈਂ ਟਰਾਲੀ ਤੇ ਚੜ੍ਹ ਗਿਆ। ਪਹਿਲਾਂ ਅਸੀਂ (ਹਸ) ਤੂੜੀ ਦੀਆਂ ਪੰਡਾਂ ਦੀ ਟਰਾਲੀ ਭਰ ਕੇ ਲਿਆਂਦੀ ਫਿਰ ਮੈਨੂੰ ਸਬਜ਼ੀਆਂ ਦੀ ਗੋਡੀ ਕਰਨ ਲਾ ਕੇ ਕਿਸਾਨ ਚਲਾ ਗਿਆ। ਮੈਨੂੰ ਬੜੀ ਭੁੱਖ ਲੱਗੀ ਹੋਈ ਸੀ, ਕਿਸੇ ਕਿਸਮ ਦੇ ਟਮਾਟਰ ਸਮਝ ਕੇ ਪਹਿਲੀ ਵਾਰ ਜ਼ਿੰਦਗੀ ਵਿੱਚ ਮੈਂ ਸਟਰਾਬੇਰੀ ਖਾ ਕੇ ਦੇਖੀ। ਕਿਸਾਨ ਆਪ ਖਾ ਆਇਆ ਤੇ ਮੇਰੇ ਲਈ ਹੈਮ ਸੈਂਡਵਿੱਚ ਲੈ ਕੇ ਆਇਆ ਜ਼ਿੰਦਗੀ ਵਿੱਚ ਪਹਿਲੀ ਵਾਰ ਮਜ਼ਦੂਰੀ ਕਰ ਰਿਹਾ ਸੀ। ਏਨੀਂ ਭੁੱਖ ਮੈਨੂੰ ਕਦੇ ਨਹੀਂ ਸੀ ਮਹਿਸੂਸ ਹੋਈ, ਐਨੀ ਸਵਾਦ ਲੱਗੀ ਸੈਂਡਵਿੱਚ ਕਿ ਮੈਨੂੰ ਅਜੇ ਵੀ ਕਈ ਵਾਰ ਯਾਦ ਆ ਜਾਂਦੀ ਹੈ। ਉਸ ਨੇ ਫਿਰ ਇਸ਼ਾਰਾ ਕੀਤਾ ਤੇ ਮੈਂ ਉਸ ਦੇ ਮਗਰ ਮਗਰ ਹੋ ਤੁਰਿਆ।

ਇਸ ਵਾਰ ਸੂਰਜਮੁਖੀ ਦੇ ਫੁੱਲਾਂ ਵਿੱਚ ਪਾਈਪ ਲਾਈਨ ਵਿਛਾਉਣੀ ਸੀ।

ਦਸ ਬਾਰਾਂ ਫੁੱਟ ਲੰਬੇ ਤੀਹ ਪੈਂਤੀ ਪੌਂਡ ਦੇ ਪਾਈਪ ਨੂੰ ਚੁੱਕ ਕੇ ਜਿੰਨੇ ਚਿਰ ਵਿੱਚ ਮੈਂ ਕਲਿੱਪ ਲਾਉਂਦਾ ਓਨੇ ਚਿਰ ਵਿੱਚ ਟਰੈਕਟਰ ਹੋਰ ਅੱਗੇ ਚਲਾ ਜਾਂਦਾ, ਭਾਵੇਂ ਮੇਰਾ ਸਰੀਰ ਉਸ ਵਕਤ ਪੂਰੀ ਕੰਡ ਵਿੱਚ ਸੀ ਫਿਰ ਵੀ ਮੈਂ ਦੋ ਤਿੰਨ ਘੰਟਿਆ ਵਿੱਚ ਐਨਾ ਥੱਕ ਗਿਆ ਕਿ ਬੱਸ ਪੁੱਛੋ ਨਾ। ਰੱਬ ਦੀ ਮਰਜ਼ੀ ਕਿ ਦੂਸਰੇ ਪਾਸੇ ਚੱਲ ਰਹੇ ਪਾਣੀ ਦੇ ਫੁਹਾਰੇ (ਸਪਰਿੰਕਲ) ਬੰਦ ਹੋ ਗਏ ਗੋਰਾ ਇਟਾਲੀਅਨ ਟਰੈਕਟਰ ਓਥੇ ਹੀ ਬੰਦ ਕਰਕੇ ਭੱਜ ਤੁਰਿਆ। ਮੈਂ ਵੀ ਹੌਲੀ ਹੌਲੀ ਉਸ ਦੇ ਕੋਲ ਚਲਾ ਗਿਆ। ਉਹ ਪਤਾ ਲਗਾ ਰਿਹਾ ਸੀ ਕਿ ਇੰਜਣ ਬੰਦ ਕਿਉਂ ਹੋਇਆ। ਮੈਂ ਵੀ ਖੇਤੀ ਕਰਦਾ ਗਿਆ ਸਾਂ, ਡੀਜ਼ਲ ਇੰਜਣ ਨਾਲ ਅਕਸਰ ਵਾਹ ਪੈਂਦਾ ਰਹਿੰਦਾ ਸੀ। ਮੈਂ ਤੇਲ ਵਾਲੇ ਡਰੰਮ ਵਿੱਚ ਜਦ ਠੁੱਡ ਮਾਰਿਆ ਤਾਂ ਟੰਨ ਦੀ ਆਵਾਜ਼ ਸੁਣਕੇ ਗੋਰਾ ਹੱਸਿਆ ਤੇ ਫਟਾ ਫਟ ਦੂਸਰਾ ਡਰੰਮ ਜੋ ਡੀਜ਼ਲ ਦਾ ਭਰਿਆ ਹੋਇਆ ਸੀ ਲਾ ਦਿੱਤਾ। ਪਰ ਇੰਜਣ ਫਿਰ ਵੀ ਨਾ ਚੱਲਿਆ। ਬੜੇ ਹੱਥ ਪੈਰ ਮਾਰੇ ਪਰ ਗੋਰੇ ਕੋਲੋਂ ਇੰਜਣ ਚੱਲਿਆ ਨਾ। ਅਸੀਂ ਇੱਕ ਦੂਜੇ ਦੀ ਭਾਸ਼ਾ ਨਹੀਂ ਸੀ ਜਾਣਦੇ। ਅੰਗ੍ਰੇਜ਼ੀ ਦਾ ਇੱਕ ਅੱਖਰ ਵੀ ਨਹੀਂ ਸੀ ਗੋਰਾ ਜਾਣਦਾ। ਇਸ਼ਾਰੇ ਨਾਲ ਹੀ ਮੈਂ ਸਮਝਾ ਦਿੱਤਾ ਕਿ ਜੇ ਉਹ ਇਜਾਜ਼ਤ ਦੇਵੇ ਤਾਂ ਮੈਂ ਟਰਾਈ ਕਰ ਕੇ ਦੇਖਾਂ। ਇਸ਼ਾਰੇ ਨਾਲ ਹੀ ਉਸ ਨੇ ਮਨਜ਼ੂਰੀ ਦੇ ਦਿੱਤੀ।

ਮੈਂ ਜਦੋਂ ਫਿਲਟਰ ਖੋਲੇ ਤੇ ਸਾਰੇ ਫਿਲਟਰਾਂ ਵਿੱਚ ਕਚਰਾ ਦੇਖ ਕੇ ਉਸ ਨੂੰ ਯਕੀਨ ਹੋ ਗਿਆ ਕਿ ਮੈਨੂੰ ਪਤਾ ਹੈ ਕੀ ਕਰਨਾਂ ਚਾਹੀਦਾ ਹੈ। ਲਵਾਂਡੇ ਵਰਗਾ ਇੱਕ ਬਰਤਨ ਲੈ ਕੇ ਮੈਂ ਉਸ ਵਿੱਚ ਥੋੜਾ ਡੀਜ਼ਲ ਪਾ ਲਿਆ। ਅੱਠ ਫਿਲਟਰ ਮੈਂ ਧੋ ਧੋ ਕੇ ਤੇ ਝਾੜ ਝਾੜ ਕੇ ਇੱਕ ਦਮ ਸਾਫ ਕਰ ਲਏ। ਤੇਲ ਨਾਲ ਭਰ ਕੇ ਜਦੋਂ ਮੈਂ ਫਿਲਟਰ ਵਾਪਿਸ ਕੱਸ ਦਿੱਤੇ ਤਾਂ ਇੰਜਣ ਚੱਲ ਪਿਆ। ਇਟਾਲੀਅਨ ਜਿਮੀਂਦਾਰ ਬੜਾ ਖੁਸ਼ ਹੋਇਆ। ਛਾਲਾਂ ਮਾਰ ਮਾਰ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਉਸ ਨੇ, ਦੋ ਤਿੰਨ ਵਾਰ ਮੇਰੇ ਨਾਲ ਹੱਥ ਮਿਲਾਇਆ। ਏਨੇ ਨੂੰ ਆਥਣ ਹੋ ਗਈ ਸੀ, ਕਾਰ ਵਿੱਚ ਬਿਠਾ ਕੇ ਮੈਨੂੰ ਵਾਪਿਸ ਛੱਡ ਕੇ ਆਇਆ। ਐਡੀ ਵੱਡੀ ਕਾਰ ਵਿੱਚ ਮੈਂ ਪਹਿਲੀ ਵਾਰ ਬੈਠ ਕੇ ਦੇਖਿਆ। ਮੈਂ ਸੋਚ ਰਿਹਾ ਸਾਂ ਕਿ ਹੁਣ ਮੈਨੂੰ ਪੱਚੀ ਡਾਲਰ ਮੇਰੇ ਜੀਵਨ ਦੀ ਪਹਿਲੀ ਮਜ਼ਦੂਰੀ ਮਿਲੇਗੀ। ਮੈਂ ਹੈਰਾਨ ਹੋ ਗਿਆ ਜਦੋਂ ਉਸ ਨੇ ਬਟੂਏ 'ਚੋਂ ਲੱਖ ਦਾ ਨੋਟ ਕੱਢਿਆ ਤੇ ਮੈਨੂੰ ਫੜਾ ਦਿੱਤਾ। ਦੂਸਰੇ ਮੁੰਡਿਆਂ ਨੇ ਮੈਨੂੰ ਦੱਸਿਆ ਕਿ ਲੱਖ ਲੀਰੇ ਦੇ ਸੱਠ ਡਾਲਰ ਬਣਦੇ ਹਨ। ਇੰਜਣ ਠੀਕ ਕਰਨ ਕਰਕੇ ਮਿਲੇ ਹਨ। ਮੈਂ ਬੜੀ ਅਜੀਬ ਜਿਹੀ ਖੁਸ਼ੀ ਮਹਿਸੂਸ ਕੀਤੀ ਕਿ ਜੀਵਨ ਦੀ ਪਹਿਲੀ ਮਜ਼ਦੂਰੀ ਲੱਖ ਦਾ ਨੋਟ ਮਿਲਿਆ।

***

ਫਿਰਕੂ ਹਮਲਾ

# ਗੋਰ ਪਿਆ ਕੋਈ ਹੋਰ...

**ਉੱਤਰਾਖੰਡ ਦੇ ਸ਼ਹਿਰ ਮਸੂਰੀ ਵਿੱਚ ਸਥਿੱਤ ਬਾਬਾ ਬੁੱਲ੍ਹੇ ਸ਼ਾਹ ਦੀ 100 ਸਾਲ ਪੁਰਾਣੀ ਮਜ਼ਾਰ ਨੂੰ ਫਿਰਕਾਪ੍ਰਸਤ ਤਾਕਤਾਂ ਵੱਲੋਂ ਤੋੜਨ ਤੇ..। (ਗੋਰ ਤੋਂ ਭਾਵ ਕਬਰ)**

- ਕੁਲਦੀਪ ਸਿੰਘ ਦੀਪ

ਬੁੱਲ੍ਹਿਆ! ਉਹਨਾਂ ਨੂੰ ਲਗਦੈ ਕਿ ਤੂੰ ਅਜੇ ਵੀ ਕਬਰ ਵਿਚ ਈ ਸੁੱਤਾ ਹੋਣਾ..ਤਾਂ ਹੀ ਉਹਨਾਂ ਨੇ ਆ ਕੇ ਤੇਰੀ ਕਬਰ ਨੂੰ ਹਥੌੜਿਆਂ ਨਾਲ ਭੰਨ ਦਿਤਾ। ਉਹ ਭੁੱਲ ਗਏ ਕਿ ਬਾਬਾ ਤਾਂ ਸਤਾਰ੍ਹਵੀ ਸਦੀ 'ਚ ਈ ਕਹਿ ਗਿਆ ਸੀ :

*ਸਾਧੋ ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁੱਕਲ਼ ਦੇ ਵਿਚ ਚੋਰ*
*ਚੋਰੀ ਚੋਰੀ ਨਿਕਲ਼ ਗਿਆ, ਤੇ ਜਗ ਵਿਚ ਪੈ ਗਿਆ ਸ਼ੋਰ*
*ਮੁਸਲਮਾਨ ਸਿਵਿਆਂ ਤੋਂ ਡਰਦੇ, ਹਿੰਦੂ ਡਰਦੇ ਗੋਰ*
*ਦੋਵੇਂ ਏਸੇ ਦੇ ਵਿਚ ਮਰਦੇ, ਇਹੋ ਦੋਹਾਂ ਦੀ ਖੋਰ*
*ਮੇਰੀ ਬੁੱਕਲ਼ ਦੇ ਵਿਚ ਚੋਰ ਨੀਂ, ਮੇਰੀ ਬੁੱਕਲ਼ ਦੇ ਵਿਚ ਚੋਰ...*

ਪਰ ਸੱਚ ਜਿੰਨਾ ਕਹਿਣਾ ਔਖਾ ਹੈ, ਉਸ ਤੋਂ ਕਿਤੇ ਵੱਧ ਸੁਣਨਾ ਔਖਾ ਹੈ ਤੇ ਸੁਣਨ ਤੋਂ ਵੀ ਕਿਤੇ ਵੱਧ ਬਰਦਾਸ਼ਤ ਕਰਨਾ ਔਖਾ ਹੈ। ਕਿਉਂਕਿ ਸੱਚ ਬੋਲਣ 'ਤੇ ਭਾਂਬੜ ਮਚਦਾ ਹੈ। ਇਹ ਭਾਂਬੜ ਉਦੋਂ ਵੀ ਮੱਚਿਆ ਸੀ ਜਦ ਤੂੰ ਕਿਹਾ ਸੀ :

*ਧਰਮਸ਼ਾਲਾ ਧੜਵਾਈ ਰਹਿੰਦੇ, ਠਾਕੁਰ ਦੁਆਰੇ ਠੱਗ।*
*ਵਿਚ ਮਸੀਤਾਂ ਕੁਸੱਤਈਏ ਰਹਿੰਦੇ, ਆਸ਼ਕ ਰਹਿਣ ਅਲੱਗ।*

ਤੇ ਇਹ ਭਾਂਬੜ ਕਦੇ ਬੁਝਿਆ ਥੋੜ੍ਹਾ ਸੀ?

ਹਰ ਦੌਰ ਵਿੱਚ ਸੱਚ 'ਤੇ ਹਮਲਾ ਹੁੰਦਾ ਹੈ ਤੇ ਸੱਚ ਕੂਕਦਾ ਹੈ। ਜਦ ਜਦ ਵੀ ਕੋਈ 'ਪਾਪ ਦੀ ਜੰਞ' ਲੈ ਕੇ ਚੜ੍ਹਦਾ ਹੈ ਤਾਂ 'ਰਾਜੇ ਸੀਂਹ ਮੁਕੱਦਮ ਕੁੱਤੇ' ਕਹਿਣ ਵਾਲੇ ਵੀ ਉਸੇ ਵੇਲੇ ਜੰਮ ਪੈਂਦੇ ਹਨ.. ਜਦ ਕੋਈ ਆਸਥਾ ਦਾ ਕਤਲ ਕਰਦਾ ਹੈ ਤਾਂ ਦਿੱਲੀ ਦੀ ਹਿੱਕ 'ਤੇ ਚਾਂਦਨੀ ਚੌਂਕ ਉੱਗ ਪੈਂਦਾ ਹੈ। ਕੋਈ ਸਾਈਂ ਸਰਮਦ ਸਰ੍ਹਾ ਦੇ ਖਿਲਾਫ਼ ਕੂਕਦਾ ਹੋਇਆ ਤੌਬਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਸੱਤਾ ਉਸ 'ਤੇ ਕੁਫ਼ਰ ਦਾ ਫਤਵਾ ਲਗਾ ਕੇ ਕਤਲਗਾਹ ਵੱਲ ਤੋਰ ਦਿੰਦੀ ਹੈ। ਤੋਰੇ ਵੀ ਕਿਉਂ ਨਾ? ਜੇ ਨਾ ਤੋਰਦੀ ਤਾਂ ਬਾਬਾ ਬੁਲ੍ਹੇ ਸ਼ਾਹ ਦਾ ਇਹ ਕਲਾਮ ਝੂਠਾ ਪੈ ਜਾਂਦਾ:

*ਸੱਚ ਆਖਿਆਂ ਭਾਂਬੜ ਮੱਚਦਾ ਏ*
*ਝੂਠ ਆਖਾਂ ਤੇ ਕੁਝ ਬਚਦਾ ਏ,*
*ਜੀ ਦੋਹਾਂ ਗੱਲਾਂ ਤੋਂ ਜਚਦਾ ਏ,*
*ਜਚ ਜਚ ਕੇ ਜੀਹਵਾ ਕਹਿੰਦੀ ਏ।*
*ਮੂੰਹ ਆਈ ਬਾਤ ਨਾ ਰਹਿੰਦੀ ਏ।*

ਮਸਲਾ ਤਾਂ ਸਾਰਾ 'ਮੂੰਹ ਆਈ ਬਾਤ' ਦਾ ਹੀ ਹੈ ਜੋ ਨਾ ਕਦੇ ਪਹਿਲਾਂ ਰੁਕੀ ਸੀ ਤੇ ਨਾ ਹੁਣ ਰੁਕੀ ਹੈ। ਹੁਣ ਵੀ ਜਦੋ ਦਾ ਸੱਤਾ ਨੂੰ ਭਗਵਾ ਰੰਗ ਚੜ੍ਹਿਆ 'ਧੜਵਈਆਂ' ਦੀਆਂ ਭੌਂ ਬਾਰਾਂ ਹੋਈਆਂ ਹਨ। ਗੰਗਾ-ਜ਼ਮੁਨੀ ਤਹਿਜ਼ੀਬ ਨੂੰ ਖੋਦ ਕੇ ਉਸ ਦੇ ਥਲਿਓਂ ਮਜ਼ਹਬੀ ਤੁਅੱਸਬਾਂ ਦੇ ਖੰਡਰਾਤ ਲੱਭੇ ਜਾ ਰਹੇ ਹਨ ਅਤੇ ਫਤਵੇ ਦਿੱਤੇ ਜਾ ਰਹੇ ਹਨ। ਮਿੱਥ ਕੇ ਸਾਂਝ ਦੇ ਚਿੰਨਾਂ ਨੂੰ ਮਿਟਾਇਆ ਜਾ ਰਿਹਾ ਹੈ ਤੇ ਉਹਨਾਂ ਦੀ ਥਾਂ ਤੇ 'ਇਕ ਰੰਗੀ ਨਾਮਕਰਨ ਲਹਿਰ' ਸ਼ੁਰੂ ਕੀਤੀ ਜਾ ਰਹੀ ਹੈ। ਇਹਨਾਂ ਦੀ ਡਿਕਸ਼ਨਰੀ ਵਿਚ 'ਅਸਹਿਮਤੀ' ਦਾ ਅਰਥ 'ਦੇਸ਼ਧਰੋਹ' ਹੈ, 'ਘੱਟ ਗਿਣਤੀ' ਦਾ ਅਰਥ 'ਘੁਸਪੈਠੀਏ' ਤੇ ਬੋਲਣ ਦਾ ਮਤਲਬ 'ਅਰਬਨ ਨਕਸਲ' ਜਾਂ 'ਅੱਤਵਾਦੀ' ਹੈ। 'ਰਾਮ ਰਾਜ' ਦੇ ਨਾਂ ਤੇ ਇਹਨਾਂ ਨੂੰ ਕੁਝ ਵੀ ਕਰਨ ਦਾ ਹੱਕ ਹੈ..ਡਮਰੂ, ਤ੍ਰਿਸ਼ੂਲ ਹੁਣ ਨਵੇਂ ਕੌਮੀ ਨਿਸ਼ਾਨ ਬਣਦੇ ਜਾ ਰਹੇ ਹਨ ਤੇ ਇਹਨਾਂ ਦੀ ਰਾਖੀ ਲਈ ਨਿੱਤ ਨਵੀਂਆਂ ਬ੍ਰਿਗੇਡਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਜਿਹੜੇ ਕਦੇ ਖੁਦ ਫਿਰਕਾਪ੍ਰਸਤੀ ਦੇ ਜਿੰਨ ਤੋਂ ਪੀੜਤ ਸੀ ਤੇ ਰੱਖਿਆ ਲਈ ਗੁਹਾਰ ਲਾਉਂਦੇ ਸਨ, ਉਹ ਹੁਣ ਰਾਖੇ ਨਹੀਂ ਹਮਲਾਵਰ ਹਨ ਅਤੇ ਕਿਤੇ ਵੀ ਕੁਝ ਵੀ ਕਰ ਸਕਦੇ ਹਨ। ਅਜਿਹੇ ਲੋਕਾਂ ਦਾ ਬਾਬਾ ਬੁੱਲ੍ਹੇ ਸ਼ਾਹ ਕੀ ਲਗਦਾ ਹੈ? ਉਹ ਤਾਂ ਕਹਿੰਦਾ ਹੈ :

*ਫੜ ਨੁੱਕਤਾ ਛੋੜ ਹਿਸਾਬਾਂ ਨੂੰ, ਕਰ ਦੂਰ ਕੁਫ਼ਰ ਦਿਆਂ ਬਾਬਾਂ ਨੂੰ,*

*ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ, ਕਰ ਸਾਫ ਦਿਲੇ ਦਿਆਂ ਖ਼ਾਬਾਂ ਨੂੰ, ਗੱਲ ਏਸੇ ਘਰ ਵਿਚ ਢੁੱਕਦੀ ਏ, ਇਕ ਨੁੱਕਤੇ ਵਿਚ ਗੱਲ ਮੁੱਕਦੀ ਏ।*

ਬੁੱਲ੍ਹਾ ਕਿਸੇ ਧਰਮ ਦਾ ਪ੍ਰਤੀਕ ਨਹੀਂ ਬਲਕਿ ਸੂਰਜ ਵਾਂਗ ਚਮਕਦੇ ਸੱਚ ਦਾ ਪ੍ਰਤੀਕ ਹੈ ਜੋ ਹਰ ਹਨੇਰੇ ਦੌਰ ਵਿਚ ਚੜ੍ਹਦਾ ਹੈ। ਇਸੇ ਲਈ ਬੁੱਲ੍ਹਾ ਕਿਸੇ ਸੱਤਾ ਨੂੰ ਮੁਆਫ਼ਕ ਨਹੀਂ ਆਉਂਦਾ। ਜਦ ਮੌਕੇ ਦੀ ਬਾਦਸ਼ਾਹਤ ਬੁੱਲ੍ਹੇ ਨੂੰ ਕਸੂਰ ਤੋਂ ਦੇਸ ਨਿਕਾਲਾ ਦੇਣ ਦਾ ਫਤਵਾ ਜਾਰੀ ਕਰਦੀ ਹੈ ਤਾਂ ਉਸ ਦੀ ਇਕ ਮੁਰੀਦ ਬਾਂਦੀ ਕਹਿੰਦੀ ਹੈ :

ਸਰਕਾਰ ! ਇਸ ਬਦਕਿਸਮਤ ਸ਼ਹਿਰ ਵਿਚ ਇਕ ਤੁਸੀਂ ਓ ਜਿਹੜੇ ਲੋਕਾਂ ਦੇ ਜ਼ਖ਼ਮਾਂ ਉਤੇ ਮਰਹਮ ਰੱਖਦੇ ਓ, ਉਹਨਾਂ ਨੂੰ ਜੀਣ ਦਾ ਹੌਂਸਲਾ ਦਿੰਦੇ ਓ, ਉਹਨਾਂ ਨੂੰ ਇਨਸਾਨ ਹੋਣ ਦਾ ਅਹਿਸਾਸ ਕਰਾਉਂਦੇ ਓ, ਤੁਸੀਂ ਮਜ਼ਲੂਮਾਂ ਤੇ ਬੇਕਸਾਂ ਦੇ ਹਮਦਰਦ ਓ ਸਰਕਾਰ। ਤੁਸੀਂ ਨਾ ਰਹੇ ਤਾਂ ਕੁੱਝ ਵੀ ਨਹੀਂ ਰਹੇਗਾ। ਇਹਨਾਂ ਕਾਜ਼ੀਆਂ, ਮੁੱਲਾਂ-ਮੁਲਾਣਿਆਂ ਤੇ ਇਹਨਾਂ ਨਵਾਬਾਂ ਦੇ ਰਹਿਣ ਨਾ ਰਹਿਣ ਨਾਲ ਕੋਈ ਫਰਕ ਨਹੀਂ ਪੈਂਦਾ, ਪਰ ਬੁੱਲ੍ਹੇ ਸ਼ਾਹ ਜਿਹਾ ਸਦੀਆਂ ਬਾਅਦ ਈ ਜੰਮਦਾ ਏ ਸਰਕਾਰ। ਤੁਸੀਂ ਇਸ ਵੇਲੇ ਕਸੂਰੋਂ ਬਾਹਰ ਚਲੇ ਚਲੋ। ਤਕੀਏ ਦਾ ਬੰਦੋਬਸਤ ਹੋ ਜਾਏਗਾ। ਤੁਹਾਡੇ ਅਕੀਦਤਮੰਦ ਤੁਹਾਨੂੰ ਮਿਲਣ ਆ ਸਕਣਗੇ। ਕਸੂਰ ਦੀਆਂ ਕੰਧਾਂ ਦੇ ਅੰਦਰ ਇਹਨਾਂ ਜ਼ਾਲਮਾਂ ਨੂੰ ਜੋ ਕਰਦੇ ਨੇ ਕਰਨ ਦਿਉ।

ਉਸ ਵੇਲੇ ਦੀ ਤੁਅੱਸਬੀ ਸੱਤਾ ਉਸ ਨੂੰ ਜਿਉਂਦੇ ਜੀਅ ਕਸੂਰ ਤੋਂ ਬਾਹਰ ਕੱਢ ਰਹੀ ਸੀ ਅਤੇ ਅੱਜ ਦੀ ਸੱਤਾ ਉਸ ਦੀ ਕਬਰ ਤੋਂ ਡਰ ਰਹੀ ਹੈ। ਸੱਤਾ ਕੋਲ ਦਹਿਸ਼ਤ ਦੀ ਜ਼ੁਬਾਨ ਹੁੰਦੀ ਹੈ ਅਤੇ ਫਕੀਰਾਂ ਕੋਲੋਂ ਮੁੱਹਬਤ ਤੇ ਨਫ਼ਾਸਤ ਦੀ ਜ਼ੁਬਾਨ ਹੁੰਦੀ ਹੈ। ਸੱਤਾ ਨੂੰ ਹਮੇਸ਼ਾ ਮੁਹੱਬਤ ਕਰਨ ਵਾਲਿਆਂ ਤੋਂ ਡਰ ਲਗਦਾ ਹੈ। ਸੱਤਾ ਹਮੇਸ਼ਾ ਇਕਵਚਨੀ ਹੁੰਦੀ ਹੈ, ਅਸਹਿਣਸ਼ੀਲ ਹੁੰਦੀ ਹੈ, ਜਾਬਰ ਹੁੰਦੀ ਹੈ ਅਤੇ ਸ਼ਕਤੀ ਦੇ ਸਿਰ 'ਤੇ ਆਫ਼ਰੀ ਹੁੰਦੀ ਹੈ।

ਬੁੱਲ੍ਹੇ ਤੇ ਦੁੱਲ੍ਹੇ ਮਿੱਟੀ ਚੋਂ ਪੈਦਾ ਹੋਏ ਨਾਇਕ ਹੁੰਦੇ ਹਨ ਜੋ ਆਪੋ ਆਪਣੇ ਤਰੀਕੇ ਨਾਲ ਆਪਣੀ ਮਿੱਟੀ ਨਾਲ ਮੁਹੱਬਤ ਕਰਦੇ ਹਨ ਅਤੇ ਹਰੇਕ ਪ੍ਰਕਾਰ ਦੀ ਨਾਬਰੀ ਨੂੰ ਚੁਣੌਤੀ ਦਿੰਦੇ ਹਨ। ਸੱਤਾ ਏਨੀ ਕੁ ਆਫਰੀ ਹੁੰਦੀ ਹੈ ਕਿ ਉਸ ਨੇ ਤਾਂ ਬੁੱਲ੍ਹੇ ਸ਼ਾਹ ਦੇ ਜਨਾਜ਼ੇ ਨੂੰ ਵੀ ਨਜ਼ਾਇਜ਼ ਕਰਾਰ ਦੇ ਦਿੱਤਾ ਸੀ ਤੇ ਉਸ ਨੂੰ ਸ਼ਹਿਰ ਕਸੂਰ ਦੇ ਕਬਰਿਸਤਾਨ ਵਿਚ ਦਫ਼ਨ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਪਰ ਫੱਕਰ ਕਦ ਜਨਾਜਿਆਂ ਦੇ ਮੁਹਤਾਜ ਹੁੰਦੇ ਹਨ। ਉਹ ਤਾਂ ਅੰਬਰ 'ਚ ਗੂੰਜਦੀ ਅਵਾਜ਼ ਹੁੰਦੇ ਹਨ, ਜੋ ਅਜ਼ਲਾਂ ਤੀਕ ਸੁਣਾਈ ਦਿੰਦੀ ਹੈ ਤੇ ਜਿਸ ਨੂੰ ਕੋਈ ਕਤਲ ਨਹੀਂ ਕਰ ਸਕਦਾ। ਬੁੱਲ੍ਹੇ ਸ਼ਾਹ ਦੇ ਇਹ ਬੋਲ ਉਹਨਾਂ ਹਾਕਮਾਂ ਦੇ ਮੂੰਹ ਤੇ ਵੀ ਚੁਪੇੜ ਸੀ ਤੇ ਅੱਜ ਦੇ ਇਹਨਾਂ ਸ਼ਾਤਿਰ ਫਿਰਕਾਪ੍ਰਸਤ ਲੋਕਾਂ ਦੇ ਮੂੰਹ 'ਤੇ ਵੀ ਚੁਪੇੜ ਹਨ, ਜਿਹੜੇ ਉਸ ਦੀ ਕਬਰ ਨੂੰ ਪੁੱਟ ਕੇ ਉਸ ਨੂੰ ਬੇਦਖਲ ਕਰਨਾ ਚਾਹੁੰਦੇ ਹਨ :

*ਸਾਡੇ ਵੱਲ ਮੁੱਖੜਾ ਮੋੜ ਪਿਆਰਿਆ, ਸਾਡੇ ਵੱਲ ਮੁੱਖੜਾ ਮੋੜ ਵੇ।*

*ਅਰਸ਼ ਕੁਰਸੀ ਤੇ ਬਾਗਾਂ ਮਿਲੀਆਂ, ਮੱਕੇ ਪੈ ਗਿਆ ਸ਼ੋਰ ਵੇ*
*ਜੇ ਮਾਏਂ ਤੈਨੂੰ ਖੇੜੇ ਪਿਆਰੇ, ਡੋਲੀ ਪਾ ਦੇਈਂ ਹੋਰ।*
*ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਗੋਰ ਪਿਆ ਕੋਈ ਹੋਰ।*
*ਸਾਡੇ ਵੱਲ ਮੁੱਖੜਾ ਮੋੜ ਵੇ।*

ਸੁਆਲ ਇਹ ਨਹੀਂ ਕਿ ਉਹ ਕੀ ਕਰ ਰਹੇ ਹਨ, ਸੁਆਲ ਇਹ ਹੈ ਕਿ ਅਸੀਂ ਚੁੱਪ ਕਿਉਂ ਹਾਂ?

ਗੁਰਸ਼ਰਨ ਸਿੰਘ ਦੇ ਨਾਟਕ 'ਚਾਂਦਨੀ ਚੌਂਕ ਤੋਂ ਸਰਹਿੰਦ ਤਕ' ਦਾ ਸੂਤਰਧਾਰ ਕਹਿੰਦਾ : ਜਿਹੜੇ ਲੋਕ ਜ਼ੁਲਮ ਨੂੰ ਤਮਾਸ਼ਾਈ ਸਮਝ ਕੇ ਦੇਖਦੇ ਹਨ, ਇਤਿਹਾਸ ਉਹਨਾਂ ਨੂੰ ਤਮਾਸ਼ਾ ਬਣਾ ਦਿੰਦਾ ਹੈ।

ਸ਼ਾਹਿਦ ਨਦੀਮ ਦੇ ਨਾਟਕ 'ਬੁੱਲ੍ਹਾ' ਦੇ ਇਕ ਪਾਤਰ ਜੋਗੀ ਦਾ ਇਹ ਸੰਵਾਦ ਸਾਡੇ ਸਾਰਿਆਂ ਲਈ ਹੈ :

ਜੋਗੀ : ਬੁੱਲ੍ਹੇ ਸ਼ਾਹ ਤੇਰੇ ਵਰਗੇ ਹੋਰ ਕਿਉਂ ਨਹੀਂ ਜੰਮਦੇ। ਜੇ ਜੰਮਦੇ ਨੇ ਤਾਂ ਬੋਲਦੇ ਕਿਉਂ ਨਹੀਂ, ਤੇ ਜੇ ਬੋਲਦੇ ਨੇ ਤਾਂ ਗੱਜ-ਵੱਜ ਕੇ ਕਿਉਂ ਨਹੀਂ ਬੋਲਦੇ ! ਬੁੱਲ੍ਹੇ ਸ਼ਾਹ ਹਾਰ ਨਾ ਮੰਨੀ, ਆਪਣੀ ਜ਼ੁਬਾਨ ਬੰਦ ਨਾ ਕਰੀਂ। ਤੂੰ ਕਵਾਲੀ ਕਰਦਾ ਰਹੀ ਬੁੱਲ੍ਹੇ ਸ਼ਾਹ !

ਆਓ ! ਕਵਾਲੀ ਕਰਦੇ ਰਹੀਏ ਤੇ ਜ਼ੁਬਾਨ ਬੰਦ ਨਾ ਕਰੀਏ..

ਤਰਕਸ਼ੀਲ ਮੈਗਜ਼ੀ ਦੇ ਅੰਕ ਮਾਰਚ-ਅਪ੍ਰੈਲ 2026 'ਚੋਂ ਧੰਨਵਾਦ ਸਹਿਤ।

***

# ਪਿੰਡ ਦੇ ਨਾਂ ਇੱਕ ਖ਼ਤ



ਮਨਜੀਤ ਸਿੰਘ 'ਸੋਹਲ'
ਅਮਰੀਕਾ
360-931-3394

ਸੁਖੀ ਵਸੇਂ, ਰਹੇਂ ਤੂੰ ਆਬਾਦ ਪਿੰਡ ਮੇਰਿਆ।
ਹਰ ਪਲ ਆਉਨੈਂ ਮੈਨੂੰ ਯਾਦ ਪਿੰਡ ਮੇਰਿਆ।
ਲੱਗ ਗਈ ਨਜ਼ਰ ਰੰਗਲੇ ਪੰਜਾਬ ਨੂੰ।
ਮੋੜ ਕੇ ਲਿਆਈਏ ਸੁੱਖਾ ਸਿੰਘ ਮਹਿਤਾਬ ਨੂੰ।
ਲੁੱਟ ਹੋ ਗਈ ਉਨ੍ਹਾਂ ਦੀ ਔਬਾਦ ਪਿੰਡ ਮੇਰਿਆ।
ਸਮਝ ਨਹੀਂ ਸਕਿਆ ਤੂੰ ਚਾਲ ਸਰਕਾਰ ਦੀ।
ਕਦੇ ਅੱਤਵਾਦ, ਨਸ਼ਾ ਚਾਲ ਕਦੇ ਬਾਹਰ ਦੀ।
ਕਰ 'ਤਾ ਪੰਜਾਬ ਬਰਬਾਦ ਪਿੰਡ ਮੇਰਿਆ।
ਵਿਹਲ ਨਹੀਂ ਵਿਦੇਸ਼ਾਂ ਵਿੱਚ ਗੁਰੂ ਘਰ ਜਾਣ ਦੀ।
ਸ਼ਿਫਟਾਂ ਨੇ ਖਾ ਲਈ ਇੱਥੇ ਜਿੰਦ ਇਨਸਾਨ ਦੀ।
ਮਿਲਦਾ ਨਹੀਂ ਨਿੱਤ ਪ੍ਰਸਾਦਿ ਪਿੰਡ ਮੇਰਿਆ।
ਹੈਰੀ ਗੈਰੀ ਹੋ ਗਏ ਹਰਵੀਰ ਗੁਰਵੀਰ ਨੇ।
ਟੈਟੂਆਂ ਦੇ ਨਾਲ ਵਿੰਨ੍ਹੇ ਉਨ੍ਹਾਂ ਦੇ ਸਰੀਰ ਨੇ।
ਮੁੱਕ ਜਾਣੀ ਹੋਂਦ ਸਮੇਂ ਬਾਅਦ ਪਿੰਡ ਮੇਰਿਆ।
ਦੁੱਧ ਮੱਖਣਾਂ ਦੇ ਨਾਲ ਪਾਲੇ ਪੁੱਤ ਜੱਟ ਦੇ।
ਵਿੱਚ ਪਰਦੇਸਾਂ ਆ ਕੇ ਫਾਕੇ ਜਦੋਂ ਕੱਟਦੇ।
ਲੱਗੇ ਉਦੋਂ ਲੰਗਰ ਸਵਾਦ ਪਿੰਡ ਮੇਰਿਆ।
ਦੇਖ ਕੇ ਦ੍ਰਿਸ਼ ਉਦੋਂ ਅੱਖਾਂ ਭਰ ਆਉਂਦੀਆਂ
ਹੋਟਲਾਂ ਦੇ ਵਿਚ ਧੀਆਂ ਦਾਰੂ ਵਰਤਾਉਂਦੀਆਂ।
ਸਮਝਦੇ ਬੱਚੇ ਹਾਂ ਆਜ਼ਾਦ ਪਿੰਡ ਮੇਰਿਆ।
ਪੰਜਾਬ ਜੇ ਬਚਾਉਣੈ ਤਾਂ ਤੂੰ ਪਾਣੀ ਨੂੰ ਸੰਭਾਲ ਲੈ।
ਝੋਨਾ ਛੱਡ ਮੱਕੀ, ਸਰੋਂ ਅਤੇ ਬੀਜ ਦਾਲ ਲੈ।
ਬੀਜ ਲੈ ਤੂੰ ਨਰਮਾ, ਕਮਾਦ ਪਿੰਡ ਮੇਰਿਆ।
ਗਿਣਤੀ ਤਾਂ ਮੇਰੀ ਅਮਰੀਕਾ ਵਿੱਚ ਦੱਸਦੀ।
ਰੂਹ ਮੇਰੀ ਅੱਜ ਵੀ 'ਅਠੌਲੇ' ਪਿੰਡ ਵੱਸਦੀ।
ਘੁੱਗ ਵਸੇਂ ਇਹੋ ਫ਼ਰਿਆਦ ਪਿੰਡ ਮੇਰਿਆ।

***

ਬਾਲ - ਗੀਤ

# ਤੂਤੀਆਂ

**ਗੁਰਪ੍ਰੀਤ ਸਿੰਘ ਬੀੜ ਕਿਸ਼ਨ**
ਪਿੰਡ ਬੀਜਾ, ਤਹਿਸੀਲ ਖੰਨਾ,
ਜ਼ਿਲ੍ਹਾ ਲੁਧਿਆਣਾ।
ਮੋਬਾ. 99884-66885
ਪਿੰਨ-ਕੋਡ-141412

ਖੱਟ, ਮਿੱਠੀਆਂ ਤੂਤੀਆਂ ਦੀ ਰੁੱਤ ਆਈ ਏ,
ਕਾਲੇ, ਚਿੱਟੇ, ਨੀਲੇ, ਰੰਗਾਂ 'ਚ ਰੰਗਾਈ ਏ .....।

ਤੂਤ ਦਾ ਰੁੱਖ ਬੜਾ ਲੱਗਦਾ ਪਿਆਰਾ ਏ,
ਹਰੇ ਪੱਤਿਆਂ ਦੇ ਨਾਲ ਭਰਿਆ ਜੋ ਸਾਰਾ ਏ,
ਪੱਤ-ਪੱਤ ਹਿੱਲੇ ਜਦੋਂ ਚੱਲੇ ਪੁਰਵਾਈ ਏ .....।

ਭਾਂਤ-ਸਵੰਤੇ ਕਿੰਨ੍ਹੇ ਤੂਤੀਆਂ ਦੇ ਰੰਗ ਨੇ,
ਭਰਨੇ ਨੇ ਬੁਕ ਕਹਿਣ ਸਭਨਾ ਦੀ ਮੰਗ ਏ।
ਜੀਤੇ ਨੇ ਟਾਹਣੀ ਜ਼ੋਰ ਨਾਲ ਹਿਲਾਈ ਏ .....।

ਸਿੱਖਰ ਤੇ ਲੱਗਿਆ ਭੂੰਮਣਾ ਮਖਿਆਲ਼ ਏ,
ਤੂਤੀਆਂ ਨੂੰ ਕੌਣ ਤੋੜੇ ਸਭਦਾ ਸਵਾਲ ਏ,
ਸਾਰਿਆਂ ਨੇ ਸਲਾਹ ਇੱਕੋ ਹੀ ਬਣਾਈ ਏ .....।

ਮਿੱਟੀ, ਹੈਰੀ, ਗੁੱਡੀ ਖੁਸ਼ ਹੋ ਗਏ ਸਾਰੇ ਨੇ,
ਚਾਵਾਂ ਦੇ ਖਿੜੇ ਸੋਹਣੇ ਫੁੱਲ ਪਿਆਰੇ ਨੇ,
'ਪ੍ਰੀਤ ਬੀੜ ਕਿਸ਼ਨ', ਭਰਦਾ ਗਵਾਹੀ ਏ।

***

# ਇਲਾਹੀ ਨਦਰ ਦੇ ਪੈਂਡੇ

(ਮਹਾਕਾਵਿ) (ਭਾਗ - 4)

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ



*(ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਰਚਿਆ ਸ਼ਾਹਕਾਰ ਮਹਾਂਕਾਵਿ ਭਾਗ ਚੌਥਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਤੇ ਉਦੇਸ਼ ਬਾਰੇ ਹੈ। ਸੰਕੇਤ ਤੱਥਾਂ ਮਿਥਾਂ ਦੀ ਯੋਗ, ਕਠਨ, ਢੁਕਵੀਂ ਸ਼ਬਦਾਵਲੀ ਤੇ ਖ਼ਿਆਲ ਦੀ ਪ੍ਰਵਾਜ਼ ਨੂੰ ਸਮਝਣਾ ਆਮ ਪਾਠਕ ਲਈ ਔਖਾ ਹੈ। ਐਪਰ 'ਸਹਿਜੇ ਰਚਿਓ ਖ਼ਾਲਸਾ' ਦਾ ਦੀਰਘ ਅਧਿਐਨ ਮਹਾਂਕਾਵਿ ਸਮਝਣ ਵਿਚ ਸਹਾਇਤਾ ਕਰਦਾ ਹੈ। ਮਹਾਕਾਵਿ ਨੂੰ ਵਾਰਤਕ ਵਿਚ ਲਿਖਣ ਸਮਝਣ (Parapharase) ਲਈ ਇਹ ਮੇਰੇ ਨਿਜੀ ਨੋਟਸ ਹਨ। ਪਾਠਕ ਆਪਣੀ ਉਚੀ ਸੁਰਤਿ ਨਾਲ ਇਸ ਦੀ ਉਚਿਆਈ ਤੱਕ ਪਹੁੰਚ ਸਕਦੇ ਹਨ।*
ਵਾਰਤਕ ਰੂਪ – ਚੇਤਨ ਸਿੰਘ

### ਸਰਗ ਪਹਿਲਾ

### ਕਾਲ-ਫਾਸ ਤੋਂ ਨਿਰਲੇਪ ਸੱਦ

(1)

### ਪੀਰ ਭੀਖਣ ਸ਼ਾਹ ਦੀ ਨੂਰੀ ਜਾਗ

### (Divine Awakening of Pir Bhikhan Shah)

ਪੰਜਾਬ ਦੀ ਧਰਤੀ 'ਤੇ ਵਸਿਆ 'ਘੁੜਾਮ' ਨਾਮ ਦਾ ਇਹ ਸ਼ਹਿਰ ਸਦੀਆਂ ਤੋਂ ਤਵਾਰੀਖ਼ ਦੇ ਅਣਗਿਣਤ ਪੰਨਿਆਂ ਦਾ ਚਸ਼ਮਦੀਦ ਗ਼ਵਾਹ ਹੈ। ਅੱਜ ਦੀ ਇਸ ਸੁਭਾਗੀ ਰਾਤ ਨੂੰ ਸ਼ਹਿਰ ਦੀ ਸੁੰਨ-ਮਸਾਨ ਤੇ ਰੂਹਾਨੀ ਇਕਾਂਤ ਵਿੱਚ ਰੱਬ ਨਾਲ ਜੁੜੇ ਹੋਏ ਫ਼ਕੀਰਾਂ ਨੂੰ ਇੱਕ ਗ਼ੈਬੀ ਆਵਾਜ਼ ਦਾ ਇਲਾਹੀ ਨਾਦ ਸੁਣਾਈ ਦਿੰਦਾ ਹੈ। ਇਸ ਗੈਬੀ ਨਾਦ ਦਾ ਰੂਹਾਨੀ ਰੰਗ ਤਾਰਿਆਂ ਦੀ ਲੋਅ ਵਿੱਚ ਕੁੱਲ ਵਨਸਪਤੀ ਅਤੇ ਹਰ ਜ਼ਿੰਦਾ ਦਿਲ ਜੀਵ ਨੂੰ ਕਿਸੇ ਇਲਾਹੀ ਰੰਗ ਵਿੱਚ ਰੰਗ ਰਿਹਾ ਸੀ। ਸ਼ਹਿਰ ਤੋਂ ਕੁਝ ਦੂਰ ਵਹਿੰਦੇ ਮਾਰਕੰਡਾ ਦਰਿਆ ਦੇ ਵੱਖਰੇ-ਵੱਖਰੇ ਵਹਿਣਾਂ ਦੇ ਮਾਰਗ ਆਪਣੀ ਆਦਿ-ਜੁਗਾਦੀ ਹੋਂਦ ਦੀ ਕਹਾਣੀ ਪਾ ਰਹੇ ਹਨ। ਕੁਦਰਤ ਰੱਬ ਦੀ ਇਨ੍ਹਾਂ ਜੰਗਲਾਂ ਤੇ ਦਰਿਆਵਾਂ ਨੇ ਬੇਸ਼ੁਮਾਰ ਰੂਪ ਧਾਰਨ ਕੀਤੇ ਤੇ ਅਲੋਪ ਹੁੰਦੇ ਰਹੇ। ਪਾਂਡਵਾਂ ਵਰਗੇ ਪੁਰਾਣੇ ਰਿਸ਼ੀਆਂ ਅਤੇ ਗੀਤਾ ਵਰਗੇ ਧਾਰਮਿਕ ਗ੍ਰੰਥਾਂ ਨੇ ਹਯਾਤੀ ਅਤੇ ਰੂਹਾਨੀਅਤ ਦੇ ਅਨੇਕਾਂ ਭੇਦਾਂ ਦੀ ਥਾਹ ਪਾਉਂਣ ਦੇ ਬੇ-ਸ਼ੁਮਾਰ ਯਤਨ ਕੀਤੇ ਪਰ ਇਨ੍ਹਾਂ ਸਭਨਾਂ 'ਚੋਂ ਇੱਕੋ ਹੂਕ ਇਹੋ ਨਿਕਲ ਰਹੀ ਸੀ ਕਿ ਧਰਮਾਂ ਦੇ ਇਤਿਹਾਸ ਦੀ ਅੰਤਮ ਮੰਜ਼ਿਲ ਦਾ ਪਹੁ-ਫੁਟਾਲਾ ਹੋਣਾ ਅਜੇ ਬਾਕੀ ਹੈ। ਕਾਲ ਦੇ ਵਿਸ਼ਾਲ ਕੈਨਵੱਸ ਉੱਪਰ ਕੋਈ ਤੇਜ਼ ਰੂਹਾਨੀ ਸੂਰਤ ਦੇ ਉਦੈ ਹੋਣ ਦੀ ਕੰਨਸੋਅ ਪਹੋਏ ਦੇ ਪਹੁੰਚੇ ਹੋਏ ਫ਼ਕੀਰਾਂ ਨੂੰ ਸੁਣ ਰਹੀ ਹੈ। ਇਸ ਰੂਹਾਨੀ ਤੇਜ ਦਾ ਨੂਰ ਇਨਸਾਨੀ ਦਿਲਾਂ ਕੋਲੋਂ ਖੀਵੇ ਹੋਣ ਦੀ ਅਵਸਥਾ ਵਿੱਚ ਸੰਭਾਲਿਆ ਨਹੀਂ ਜਾਂਦਾ ਹੈ। ਪਰ ਇਹ ਨੂਰੀ ਜਲਵਾ ਧਰਤੀ ਨੂੰ ਕੋਈ ਦੈਵੀ ਧਰਵਾਸ ਜ਼ਰੂਰ ਦੇ ਰਿਹਾ ਹੈ। ਜਿਵੇਂ ਪੰਜਾਬ ਦੇ ਦਰਿਆ ਉੱਚੇ ਪਰਬਤਾਂ ਤੋਂ ਨਿਕਲ ਕੇ ਲੰਮੀਆਂ ਵਾਟਾਂ ਦੇ ਸਫ਼ਰ ਪਿੱਛੋਂ ਸਿੰਧ ਵਿਖੇ ਸੁਮੇਲ ਕਰਦੇ ਹਨ ਇਉਂ ਅਰਸ਼ਾਂ ਕੁਰਸ਼ਾਂ ਤੋਂ ਉਦੈ ਹੋਣ ਵਾਲਾ ਇਹ ਪ੍ਰਕਾਸ਼ ਸਭ ਨੂੰ ਆਪਣੀ ਨਦਰ ਵਿੱਚ ਲੈ ਕੇ ਰੂਹਾਨੀ ਵਸਲ ਦਾ ਅਹਿਸਾਸ ਦੇਵੇਗਾ।

ਇਸ ਰੂਹਾਨੀ ਜਲਵੇ ਦਾ ਜਲੌ ਸੱਯਦ ਭੀਖਣ ਸ਼ਾਹ ਨੂੰ ਆਪਣੀ ਬੰਦਗੀ ਕਰਨ ਵਾਲੀ ਕੁਟੀਆ ਵਿੱਚ ਪ੍ਰਤੀਤ ਹੁੰਦਾ ਹੈ। ਉਸ ਦੇ ਦਿਲੋ-ਦਿਮਾਗ਼ ਵਿੱਚ ਅਜਿਹਾ ਪ੍ਰਕਾਸ਼ ਹੁੰਦਾ ਹੈ ਜਿਹੜਾ ਉਸ ਨੂੰ ਪਹਿਲੇ ਕਦੀ ਵੀ ਨਸੀਬ ਨਹੀਂ ਹੋਇਆ। ਭੀਖਣ ਸ਼ਾਹ ਨੂੰ ਜਾਪਿਆ ਜਿਵੇਂ ਕੁੱਲ ਹਿੰਦ ਉੱਪਰ ਹੋ ਰਹੇ ਅਸੰਖਾਂ ਮਾਰੂ ਹਮਲਿਆਂ ਨੂੰ ਇਸ ਇਕੋ ਰੂਹਾਨੀ ਪ੍ਰਕਾਸ਼ ਦੇ ਹੜ੍ਹ ਨਾਲ ਠੱਲ ਪੈ ਰਹੀ ਹੋਵੇ। ਪੀਰ ਜੀ ਨੂੰ ਕਾਦਰ ਦੀ ਸਿਰਜੀ ਹੋਈ ਕਾਇਨਾਤ ਵਿੱਚੋਂ ਕੋਈ ਦੈਵੀ ਸੱਦ ਸੁਣਾਈ ਦੇਣ ਅਤੇ ਦੂਰ ਰਣਾਂ ਵਿੱਚੋਂ ਅਬੋਲ ਇਸਤਰੀ ਦੇ ਹੱਕ ਵਿੱਚ ਅਵਾਜ਼ ਉੱਠਣ ਦਾ ਆਭਾਸ ਹੋਣ ਲੱਗ ਪਿਆ। ਜਿਸ ਅੰਤਮ ਸੱਚ ਨੂੰ ਫ਼ਕੀਰਾਂ ਤੇ ਜੋਗੀਆਂ ਦੇ ਝੁੰਡ ਢੂੰਡ ਰਹੇ ਸਨ, ਜਿਸ ਸੱਚ ਨੂੰ ਪੁਰਾਤਨ ਮਿਥਿਹਾਸਕ ਮਹਾਂ

ਨਾਇਕ ਨਾਇਕਾਵਾਂ ਨੇ ਸੰਕਲਪਿਆ ਸੀ ਅਤੇ ਜਿਵੇਂ ਥੰਮ ਪਾੜ ਕੇ ਕੋਈ ਦੇਵ ਪ੍ਰਗਟ ਹੋਇਆ ਸੀ, ਐਨ ਉਸੇ ਤਰ੍ਹਾਂ ਦੀਆਂ ਸੁਭਾਗੀ ਘੜੀਆਂ ਮੁੜ ਆ ਗਈਆਂ ਹਨ। ਅੱਜ ਖੁੱਲ੍ਹੇ ਅਸਮਾਨ ਵਿੱਚ ਪੋਹ ਦੀ ਸੱਤਵੀਂ ਨੂੰ ਗੰਗਾ ਦੇ ਘਾਟ ਉੱਤੇ ਚੰਨ ਪੂਰੇ ਜਲੌ ਵਿੱਚ ਚਮਕ ਰਿਹਾ ਹੈ। ਕੁਰਖੇਤਰ ਦੇ ਰਣਾਂ ਦੀਆਂ ਭਿਆਨਕ ਆਵਾਜ਼ਾਂ ਨੂੰ ਕਿਸੇ ਬਾਲ ਦਰਵੇਸ਼ ਦੇ ਨੈਣਾਂ ਦਾ ਤਸੱਵਰ ਸ਼ਾਂਤ ਕਰ ਰਿਹਾ ਹੈ। ਜਦੋਂ ਦੁਖੀ ਲੁਕਾਈ ਮਹਾਨ ਧਰਵਾਸ ਦੀ ਉਡੀਕ ਵਿੱਚ ਵਿਆਕੁਲ ਹੋਈ ਮਾਰੀ ਮਾਰੀ ਕਰ ਰਹੀ ਹੈ ਤਾਂ ਉਸੇ ਸਮੇਂ ਦਰਗਾਹ ਤੋਂ ਇਹ ਰਹਿਮ ਦਾ ਸੂਰਜ ਚੜ੍ਹ ਰਿਹਾ ਹੈ ਜਿਹੜਾ ਅਜਿੱਤ ਤੇਗ ਨਾਲ ਰੂਹਾਨੀ ਚੜ੍ਹਤਲ ਦਾ ਦਰਿਆ ਵਗਾ ਦੇਵੇਗਾ। ਅੱਲਾ ਦੇ ਪਿਆਰਿਆਂ ਨੂੰ ਅੱਜ ਸ਼ਾਂਤ ਵਹਿੰਦੇ ਦਰਿਆ ਵਿੱਚੋਂ ਅਸਮਾਨ ਵਿੱਚ ਚਮਕਦੇ ਚੰਨ ਵਰਗੀ ਇਕ ਦੈਵੀ ਸੂਰਤ ਨਜ਼ਰ ਆਉਂਦੀ ਹੈ।

ਇਸ ਭਿੰਨੀ ਰੈਣ ਵਿੱਚ ਭੀਖਣ ਸ਼ਾਹ ਜਿਹੇ ਪੀਰ ਜੀ ਨਬੀ ਨੂੰ ਸੁਪਨੇ ਵਿੱਚ ਵੇਖਦੇ ਤੇ ਮਹਿਸੂਸ ਕਰਦੇ ਹਨ ਕਿ ਕੁੱਲ ਧਰਤੀ ਉੱਪਰ ਕਿਸੇ ਇਲਾਹੀ ਸੰਗੀਤ ਦੀਆਂ ਤਰਬਾਂ ਥਰ ਥਰਾ ਰਹੀਆਂ ਹਨ। ਚਿਸ਼ਤੀ ਸਿਲਸਿਲੇ ਦੇ ਪਹੁੰਚੇ ਹੋਏ ਫ਼ਕੀਰ ਲੋਕ ਇਸ ਸੁਭਹਾਨ ਘੜੀ ਨੂੰ ਸਵਾਂਤ ਬੂੰਦ ਵਾਂਗ ਚਖ ਰਹੇ ਹਨ। ਅੱਜ ਪੋਹ ਦੀ ਸੱਤਵੀਂ ਨੂੰ ਚੰਦੇ ਦੀ ਚਾਨਣੀ ਵਿੱਚ ਉਹਨਾਂ ਦੇ ਸਿਦਕ ਦੀ ਪਰਵਾਜ਼ ਅਗੰਮ ਵਾਟਾਂ ਨੂੰ ਪਛਾਣ ਰਹੀ ਹੈ। ਉਹ ਸਮਿਆਂ ਦੀ ਸੀਮਾ ਤੋਂ ਪਾਰ ਦੀ ਅਵਸਥਾ ਵਾਂਗ ਆਪਣੇ ਅੰਦਰ ਧੁਰ ਦਰਗਾਹ ਦਾ ਚਾਨਣ ਮਹਿਸੂਸ ਕਰ ਰਹੇ ਹਨ। ਇੰਜ ਇਹ ਫ਼ਕੀਰ ਲੋਕ ਛਿੰਨ ਭੰਗਰੀ ਪ੍ਰਾਪਤੀਆਂ ਦੀ ਥਾਂ ਮਹਾਨ ਆਦਰਸ਼ਾਂ ਦੀ ਤ੍ਰਿਖਾ ਵਧਾ ਰਹੇ ਹਨ। ਇਸ ਆਵੇਸ਼ ਅੱਗੇ ਸਭ ਝੁੱਕਦੇ ਜਾਂਦੇ ਹਨ ਅਤੇ ਇਕ ਨਵਾਂ ਸੂਫ਼ੀਆਨਾ ਹੜ੍ਹ ਵਗਣ ਲੱਗ ਜਾਂਦਾ ਹੈ। ਅਜਿਹੀ ਉੱਚੀ ਅਵਸਥਾ ਵਿੱਚ ਕਿਸੇ ਪੈਗੰਬਰ ਦੇ ਪ੍ਰਗਟ ਹੋਣ ਦੇ ਆਭਾਸ ਨਾਲ ਬੰਦਗੀ ਵਾਲਿਆਂ ਨੂੰ ਇਲਾਹੀ ਧਰਵਾਸ ਇਸ ਤਰ੍ਹਾਂ ਆ ਰਿਹਾ ਹੈ ਜਿਵੇਂ ਕਿਸੇ ਫ਼ਰਿਆਦੀ ਨੂੰ ਖ਼ੈਰ ਪੈ ਰਹੀ ਹੋਵੇ। ਸੱਯਦ ਭੀਖਣ ਸ਼ਾਹ ਦੀ ਬੰਦਗੀ ਰੱਬ ਦੀ ਦਰਗਾਹ ਵਿੱਚ ਕਬੂਲ ਹੋ ਰਹੀ ਹੈ। ਉਸ ਦਾ ਹਿਰਦਾ ਕੰਵਲ ਵਾਂਗ ਖਿੜ ਉੱਠਿਆ ਹੈ ਅਤੇ ਉਹ ਧਰਤੀ ਦੇ ਬੋਸੇ ਲੈਂਦਿਆਂ ਅਨੰਤ ਖੁਸ਼ੀ ਵਿੱਚ ਆਪਣੇ ਚਿਸ਼ਤੀ ਸਿਲਸਿਲੇ ਦੇ ਮੁਰੀਦਾਂ ਨੂੰ ਦੱਸ ਰਿਹਾ ਹੈ ਕਿ ਅਜਿਹਾ ਮਹਾਂਬਲੀ ਪੈਦਾ ਹੋ ਗਿਆ ਹੈ ਜਿਸ ਦੇ ਸਾਹਵੇਂ ਕੋਈ ਜ਼ੁਲਮ ਦੀ ਹਨ੍ਹੇਰੀ ਨਹੀਂ ਝੁੱਲ ਸਕਦੀ।

ਭੀਖਣ ਸ਼ਾਹ ਦੀ ਉੱਚੀ ਸੁਰਤ ਨੂੰ ਰੂਹਾਨੀਅਤ ਦਾ ਇਹ ਉਛਲਦਾ ਦਰਿਆ ਸਦਾ ਤੋਂ ਵਹਿੰਦਾ ਨਜ਼ਰੀਂ ਆਉਂਣ ਲੱਗਦਾ ਹੈ। ਉਸ ਨੂੰ ਕਾਲ ਦੇ ਸਾਰੇ ਚੱਕਰ ਹੁਣ ਥੋੜ ਚਿਰੇ ਜਾਪ ਰਹੇ ਹਨ। ਪੀਰ ਭੀਖਣ ਸ਼ਾਹ ਦੀ ਉੱਚੀ ਸੁਰਤ ਗੁਰੂ ਕਾਲ ਦੇ ਭਿਅੰਕਰ ਨਜ਼ਾਰੇ ਵੀ ਅਨੁਭਵ ਕਰ ਰਹੀ ਹੈ। ਗੁਰੂ ਜੀ ਜੰਗਾਂ ਯੁੱਧਾਂ ਵਿੱਚ ਵਿਚਰਦੇ ਨਜ਼ਰ ਆਉਂਦੇ ਹਨ ਅਤੇ ਉਹ ਛੋਟੇ ਸਹਿਬਜ਼ਾਦਿਆਂ ਉੱਪਰ ਜ਼ੁਲਮਾਂ, ਪਹਾੜੀ ਰਾਜਿਆਂ ਦੇ ਝੂਠੇ ਵਿਸ਼ਵਾਸਾਂ ਤੋਂ ਪਰਦਾ ਉੱਠਦਾ ਦੇਖ ਰਿਹਾ ਹੈ। ਉਸ ਨੂੰ ਅਹਿਸਾਸ ਹੋ ਰਿਹਾ ਹੈ ਕਿ ਦੁਨੀਆਂ ਵਿੱਚ ਆਉਂਣ ਵਾਲੇ ਮਿਥਿਹਾਸਕ ਪਾਤਰ ਧਰਤੀ ਨੂੰ ਕੋਈ ਧੀਰਜ ਨਾ ਦੇ ਸਕੇ। ਨਬੀ ਦੇ ਚਾਰ ਯਾਰਾਂ ਨੇ ਵੀ ਆਪਣੀ ਵਾਹ ਲਾਈ। ਸ਼ੈਤਾਨ ਦੀਆਂ ਚਾਲਾਂ ਸੱਚਾਈ ਦੇ ਧਰਮ ਨੂੰ ਹਰ ਮੋੜ 'ਤੇ ਢਾਹ ਲਾ ਰਹੀਆਂ ਹਨ। ਕੂੜ ਦੀ ਹਨ੍ਹੇਰ ਮੱਸਿਆ ਵਿੱਚ ਕੋਈ ਪੇਸ਼ ਨਹੀਂ ਜਾ ਰਹੀ ਸੀ। ਪਰ ਹੁਣ ਮਹਾਂਬਲੀ ਦੀ ਤੇਗ਼ ਦੀ ਧਾਰ ਸਾਰੇ ਪਾਪਾਂ ਦਾ ਨਾਸ਼ ਕਰ ਦੇਵੇਗੀ। ਇਸ ਧਰਵਾਸ ਦੀ ਕੂਕ ਨੂੰ ਕਾਇਨਾਤ ਦਾ ਸਿਰਜਣਹਾਰ ਆਪ ਪੈਦਾ ਕਰ ਰਿਹਾ ਹੈ। ਇਸ ਮਹਾਂਬਲੀ ਦਾ ਤੇਜ ਸਮੇਂ ਦੇ ਬਾਦਸ਼ਾਹਾਂ ਤੋਂ ਝੱਲਿਆ ਨਹੀਂ ਜਾਵੇਗਾ। ਉੱਚੀ ਸੁਰਤ ਦੇ ਰਾਜ਼ਦਾਨਾਂ ਨੂੰ ਅੱਜ ਅਨੁਭਵ ਹੋ ਗਿਆ ਕਿ ਨਬੀਆਂ ਦਾ ਸਰਦਾਰ ਪੈਦਾ ਹੋ ਗਿਆ ਹੈ। ਇਸ ਭਾਗਸ਼ੀਲ ਰਾਤ ਨੂੰ ਪੀਰਾਂ ਨੂੰ ਇਹ ਗੈਬੀ ਖਿੱਚ ਵਾਰ ਵਾਰ ਪੈ ਰਹੀ ਹੈ। ਉਨ੍ਹਾਂ ਨੂੰ ਇੰਝ ਲੱਗ ਰਿਹਾ ਹੈ ਕਿ ਧਰਮ ਦਾ ਧੌਲ ਆਪਣੀ ਜਗ੍ਹਾ ਬਦਲ ਕੇ ਅਸਲ ਥਾਂ 'ਤੇ ਆ ਕੇ ਟਿੱਕ ਗਿਆ ਹੈ। ਨਾਲ ਹੀ ਉਨ੍ਹਾਂ ਨੂੰ ਧਰਤ ਨਾਲ ਹੋਏ ਇੱਕ ਕੌਲ ਦੇ ਪੂਰੇ ਹੋਣ ਦਾ ਰੂਹਾਨੀ ਆਭਾਸ ਹੁੰਦਾ ਹੈ। ਇਸ ਰਾਜ਼ ਦੇ ਜ਼ਾਹਿਰ ਹੋਣ ਨਾਲ ਉਨ੍ਹਾਂ ਸਭਨਾਂ ਨੂੰ ਕੋਈ ਆਤਮਿਕ ਸਰੂਰ ਹਾਸਿਲ ਹੋ ਰਿਹਾ ਹੈ।

ਇਸ ਅੰਮ੍ਰਿਤੀ ਕਾਂਗ ਦੀ ਅਵਸਥਾ ਵਿੱਚ ਪੀਰ ਭੀਖਣ ਸ਼ਾਹ ਗੁਰੂ ਨਾਨਕ ਸਾਹਿਬ ਦੇ ਕੱਤਕ ਦੀ ਪੁੰਨਿਆਂ ਨੂੰ 'ਸਤਿਗੁਰ ਅਗਮ ਬੋਧ' ਦੇ ਪ੍ਰਗਟ ਹੋਣ ਦੀ ਘੜੀ ਨੂੰ ਯਾਦ ਕਰ ਰਿਹਾ ਹੈ ਕਿਵੇਂ ਇੱਕ ਓਅੰਕਾਰ ਦੀ ਸੱਦ ਨੇ ਤਪਦੀ ਧਰਤ ਨੂੰ ਸ਼ਾਂਤ ਕਰ ਦਿੱਤਾ ਸੀ ਤੇ ਕੂੜ ਦੀ ਮੱਸਿਆ ਦਾ ਹਨ੍ਹੇਰ ਖ਼ਤਮ ਹੋ ਗਿਆ ਸੀ। ਸੈਆਂ ਸੂਰਜਾਂ ਦੇ ਨੂਰ ਗੁਰੂ ਨਾਨਕ ਸਾਹਿਬ ਵਿੱਚ ਅਨੰਤ ਰੂਹਾਨੀ

ਤਾਣ ਸੀ। ਪੀਰ ਭੀਖਣ ਸ਼ਾਹ ਦੀਆਂ ਅੱਖਾਂ ਅੱਗੇ ਪੰਚਮ ਗੁਰੂ ਅਰਜਨ ਦੇਵ ਜੀ ਦੇ ਤੱਤੀ ਤਵੀ 'ਤੇ ਬੈਠਣ ਦਾ ਦ੍ਰਿਸ਼ ਹੂਬਹੂ ਆ ਗਿਆ। ਆਦਿ ਬੀੜ ਦੀ ਸਿਰਜਣਾ ਦੇ ਪਲ ਵੀ ਉਸ ਨੂੰ ਵਾਰ ਵਾਰ ਯਾਦ ਆਏ। ਗੁਰੂ ਸਾਹਿਬਾਂ ਦੇ ਨਿਰਾਲੇ ਚੋਜਾਂ ਦੀ ਪੂਰੀ ਥਾਹ ਪਾਉਣ ਦਾ ਉਸ ਵਿੱਚ ਤਾਣ ਨਹੀਂ ਸੀ। ਰੂਹਾਨੀਅਤ ਦੇ ਇਸ ਭਰੇ ਦਰਿਆ ਦਾ ਉਸ ਨੂੰ ਕੋਈ ਪਾਰਲਾ ਕੰਢਾ ਨਜ਼ਰ ਨਹੀਂ ਸੀ ਆ ਰਿਹਾ ਤੇ ਨਾ ਹੀ ਮਰਦ ਅਗੰਮੜੇ ਦੇ ਨਿਰਾਲੇ ਰਾਹਾਂ ਦੀ ਸਿਰਜਣਾ ਦਾ ਉਸ ਨੂੰ ਪੂਰਨ ਗਿਆਨ ਹੋ ਰਿਹਾ ਸੀ। ਪੀਰ ਭੀਖਣ ਸ਼ਾਹ ਦੀ ਇਹ ਉਨਮਨੀ ਅਵਸਥਾ ਉਸ ਨੂੰ ਕੋਈ ਦੈਵੀ ਆਵੇਸ਼ ਤਾਂ ਦੇ ਰਹੀ ਸੀ ਪਰ ਉਹ ਪੂਰੇ ਰੂਹਾਨੀ ਜਲੌਂ ਨੂੰ ਆਪਣੇ ਵਿੱਚ ਸਮਾ ਲੈਣ ਦੇ ਸਮਰੱਥ ਵੀ ਨਹੀਂ ਸੀ। ਉਹ ਕਿਸੇ ਅਜਬ ਅਵਸਥਾ ਵਿੱਚ ਵਾਰ-ਵਾਰ ਸੱਜਦਾ ਕਰੀ ਜਾ ਰਿਹਾ ਸੀ ਤੇ ਮੁੱਖੋਂ ਅੱਲਾ ਪਾਕ ਵਲੋਂ ਧਰਤੀ ਉੱਪਰ ਕੀਤੇ ਜਾ ਰਹੇ ਇਸ ਰਹਿਮੋ-ਕਰਮ ਦਾ ਸ਼ੁਕਰ! ਸ਼ੁਕਰ!! ਕਰ ਰਿਹਾ ਸੀ।

ਪੀਰ ਭੀਖਣ ਸ਼ਾਹ ਦਾ ਮੁਰੀਦ ਅੱਜ ਆਪਣੇ ਮੁਰਸ਼ਦ ਦੀਆਂ ਇਸ ਨਿਵੇਕਲੀਆਂ ਅਦਾਵਾਂ ਨੂੰ ਕਿਸੇ ਡੂੰਘੇ ਰਾਜ਼ ਦੀ ਤਰਜਮਾਨੀ ਦੇ ਸੰਕੇਤ ਸਮਝ ਰਿਹਾ ਹੈ। ਉਸ ਨੇ ਪੀਰ ਜੀ ਅੱਗੇ ਅਰਜ਼ ਕਰੀ, "ਹਜ਼ੂਰ ਅੱਜ ਸੱਜਦਾ ਕਰਨ ਦਾ ਅੰਦਾਜ਼ ਨਿਰਾਲਾ ਕਿਸ ਕਾਰਨ ਹੈ?" ਰੂਹਾਨੀਅਤ ਦੇ ਚਲੂਲੇ ਰੰਗ ਵਿੱਚ ਰੰਗੇ ਹੋਏ ਪੀਰ ਜੀ ਫ਼ਰਮਾਉਂਣ ਲੱਗੇ, "ਅੱਜ ਪੈਗੰਬਰਾਂ ਦਾ ਉਹ ਸਰਦਾਰ ਪੈਦਾ ਹੋਇਆ ਹੈ ਜਿਸ ਨੇ ਸਾਰਿਆਂ ਨੂੰ ਗਲ ਨਾਲ ਲਾ ਕੇ ਦੈਵੀ ਧਰਵਾਸ ਦੇਣਾ ਹੈ। ਉਸ ਨੂੰ ਜਿਸ ਸ਼ਰਧਾ ਭਰੇ ਜੀਵਨ ਨਾਲ ਕੋਈ ਤੱਕੇਗਾ, ਉਹ ਓਨੇ ਹੀ ਵਧੇਰੇ ਰੂਹਾਨੀ ਰਾਜ਼ ਖੋਲ੍ਹ ਕੇ ਉਸ ਨੂੰ ਰੂਹਾਨੀ ਧਰਵਾਸ ਦੇਵੇਗਾ ਉਸ ਦੀ ਮਿਹਰ ਦਾ ਹੱਥ ਬਹੁਤ ਵੱਡਾ ਹੋਵੇਗਾ। ਉਸ ਦੇ ਬਚਨ ਰਹਿੰਦੀ ਦੁਨੀਆਂ ਤੱਕ ਲੋਕਾਈ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ ਅਤੇ ਕੁੱਲ ਆਲਮ ਉਸ ਦੇ ਬੋਲਾਂ (ਬਾਣੀ) ਤੇ ਚੋਜਾਂ ਨੂੰ ਆਪਣੀ ਸਦੀਵੀ ਯਾਦ ਵਿੱਚ ਸੰਭਾਲ ਕੇ ਰੱਖੇਗਾ। ਮੈਂ ਉਸ ਦੇ ਪ੍ਰਗਟ ਹੋਣ ਨੂੰ ਵਾਰ-ਵਾਰ ਅੱਲਾ ਦਾ ਸ਼ੁਕਰ ਕਰ ਕੇ ਸੱਜਦਾ ਕਰ ਰਿਹਾ ਹਾਂ।"

ਬਦਰੁਦੀਨ ਮੁਰੀਦ ਆਪਣੇ ਮੁਰਸ਼ਦ ਦੇ ਮੁੱਖ ਤੋਂ ਨਵੀਂ ਗੱਲ ਸੁਣ ਕੇ ਉਤਸੁਕਤਾ ਨਾਲ ਪੁੱਛ ਰਿਹਾ ਹੈ, "ਪੀਰ ਜੀ! ਅਜਿਹਾ ਪੈਗੰਬਰ ਕੌਣ ਹੈ? ਕਿੱਥੇ ਪੈਦਾ ਹੋਇਆ ਹੈ? ਤੇ ਕਿਸ ਧਰਮ ਦੀ ਰਹਿਨੁਮਾਈ ਕਰੇਗਾ? ਤੇ ਕੀ ਇਸਲਾਮ ਮੱਤ ਨੂੰ ਉਹ ਦੁਨੀਆਂ ਵਿੱਚ ਫ਼ੈਲਾਵੇਗਾ?" ਸ਼ੁਕਰ ਨਾਲ ਭਰੇ ਪੀਰ ਜੀ ਬੜੇ ਸਹਿਜ ਨਾਲ ਕਹਿੰਦੇ ਹਨ, "ਉਹ ਦਰਵੇਸ਼, ਉਹ ਪੈਗੰਬਰ ਸਰਬ ਸਾਂਝਾ ਹੋਵੇਗਾ। ਉਸ ਦੇ ਮਾਰਗ ਅਸੀਮ ਹੋਣਗੇ। ਉਹ ਹਰ ਦੀਨ ਦੁਖੀ ਦਾ ਰੱਖਵਾਲਾ ਹੋਵੇਗਾ। ਉਸ ਪੈਗੰਬਰ ਦੀ ਮਿਹਰ ਹੇਠਾਂ ਸਾਰੀ ਕਾਇਨਾਤ ਹੋਵੇਗੀ। ਅੱਜ ਬਾਲ ਰੂਪ ਵਿੱਚ ਉਸ ਦੇ ਪ੍ਰਗਟ ਹੋਣ ਸਮੇਂ ਮੈਂ ਬਹੁਤ ਕੁੱਝ ਦੱਸਣ ਦੇ ਯੋਗ ਨਹੀਂ ਹਾਂ ਪਰ ਇਹ ਸੱਚ ਹੈ ਕਿ ਹੁਣ ਸੱਚ ਦੀ ਤੌਹੀਦ ਦਾ ਬੋਲ ਬਾਲਾ ਹੋਵੇਗਾ ਤੇ ਉਹ ਤੇਗ਼ ਦੀ ਧਾਰ ਵਿੱਚੋਂ ਨਵੇਂ ਸਿਲਸਿਲੇ ਦੀ ਸਾਜਨਾ ਕਰੇਗਾ। ਉਸ ਨੂੰ ਮਹਾਨ ਜਿੱਤਾਂ ਹਾਸਿਲ ਹੋਣਗੀਆਂ। ਉਸ ਨੇ ਦੁਨੀਆਂ 'ਚ ਨਵੇਂ ਰੂਹਾਨੀ ਕੀਰਤੀਮਾਨ ਸਥਾਪਿਤ ਕਰਨੇ ਹਨ। ਇਕ ਅਜਿਹਾ ਨਵਾਂ ਪੰਥ ਪੈਦਾ ਕਰੇਗਾ ਜਿਹੜਾ ਦੁਨੀਆ ਦਾ ਆਖ਼ਰੀ ਪੰਥ ਹੋਵੇਗਾ ਤੇ ਦੁਨੀਆਂ ਦੀ ਤਵਾਰੀਖ਼ ਵਿੱਚ ਇਹ ਨਵਾਂ ਵਾਕਿਆ ਸਦਾ ਚਮਕਦਾ ਰਹੇਗਾ। ਉਹ ਅਕਾਲ ਪੁਰਖ ਦੇ ਰੰਗ ਵਿੱਚ ਸਭ ਨੂੰ ਰੰਗ ਦੇਵੇਗਾ। ਹੋਰਨਾਂ ਧਰਮਾਂ ਦੇ ਪੈਰੋਕਾਰ ਉਸ ਤੋਂ ਰੂਹਾਨੀ ਰਹਿਨੁਮਾਈ ਤੇ ਸਲਾਮਤੀ ਦੀਆਂ ਅਰਜ਼ੋਈਆਂ ਕਰਨਗੇ। ਹਰ ਧਰਮ ਦੇ ਚੰਗੇ ਅਕੀਦਿਆਂ ਨੂੰ ਮਾਣ ਵੀ ਦੇਵੇਗਾ ਅਤੇ ਉਨ੍ਹਾਂ ਦੇ ਸ਼ੁੱਧ ਰੂਪ ਤੋਂ ਜਾਣੂ ਕਰਾਏਗਾ। ਉਹ ਸਾਬਤ ਧਰਮ ਤੇ ਸਾਬਤ ਇਨਸਾਨ ਦੀ ਸਿਰਜਣਾ ਕਰੇਗਾ ਤੇ ਹਿੰਦੂਆਂ ਅਤੇ ਮੁਸਲਮਾਨ ਦੋਵਾਂ ਦਾ ਰਖਵਾਲਾ ਹੋਵੇਗਾ। ਉਹ ਖ਼ਲਕਤ ਨੂੰ 'ਏਕ ਨੂਰ' ਦਾ ਪੈਗ਼ਾਮ ਦੇਵੇਗਾ। ਐ ਬਦਰੁਦੀਨ! ਉਹ ਪੂਰਬ ਦੇ ਸ਼ਹਿਰ ਪਟਨੇ ਵਿੱਚ ਪ੍ਰਗਟ ਹੋਇਆ ਹੈ। ਉਸ ਦਾ ਕਾਮਲ ਦੀਦਾਰ ਪਾਉਂਣ ਲਈ ਆਪਾਂ ਹੁਣੇ ਹੀ ਚਾਲੇ ਪਾ ਦੇਣੇ ਹਨ"-

ਮੰਗੇ ਦਿਲ ਗ਼ਮਗੀਨ ਮਿਹਰ ਹੁਸੀਨ 'ਚੋਂ,
ਸੰਵਰੇ ਤਾਰ ਮਹੀਨ, ਰੁੱਲੇ ਯਕੀਨ 'ਚੋਂ।
ਪੂਰਬ ਬਲਦਾ ਦੀਪ! ਆਵੋ ਟੋਲੀਏ,
ਲਹਿਰਾਂ ਚੜ੍ਹਣ ਅਮੀਰ, ਬੇੜਾ ਠੱਲੀਏ।

ਇੰਜ ਪੀਰ ਭੀਖਣ ਸ਼ਾਹ ਪੋਹ ਦੀ ਸੱਤਵੀਂ ਦੀ ਇਸ ਭਾਗਾਂ ਭਰੀ ਰਾਤ ਨੂੰ ਆਤਮਿਕ ਚਮਤਕਾਰ ਨਾਲ ਸਰਸ਼ਾਰ ਹੋ ਕੇ ਬਾਲ ਦਸ਼ਮੇਸ਼ ਪਿਤਾ ਦੇ ਦੀਦਾਰ ਪਾਉਂਣ ਲਈ ਪਹਾੜ ਜੇਡੇ ਚਾਓ ਨਾਲ ਮੁਰੀਦਾਂ ਸਮੇਤ ਸਵੇਰ ਸਾਰ ਪਟਨੇ ਦੀ ਰਾਹ ਫੜ੍ਹ ਲੈਂਦੇ ਹਨ।

......ਚਲਦਾ

ਕਵਿਤਾ

# ਗੁਰੂ ਨਾਨਕ ਰਵਿਦਾਸ ਗੁਰੂ

ਸੁਖਜਿੰਦਰ ਸਿੰਘ ਭੁਪਾਲ

ਗੁਰੂ ਨਾਨਕ ਰਵਿਦਾਸ ਗੁਰੂ
ਧੰਨ ਨੇ ਦੋਵੇਂ ਨਿਰੰਕਾਰ ਗੁਰੂ।
ਰੂਪ ਰੱਬ ਦਾ ਧਾਰ ਕੇ ਆਏ,
ਜਗਤ ਜਲੰਦਾ ਤਾਰਨ ਗੁਰੂ।
ਦੁਨੀਆਂ ਪਈ ਸੀ ਗੋਤੇ ਖਾਂਦੀ,
ਪਾਖੰਡੀਆਂ ਦੇ ਸੀ ਸੋਹਲੇ ਗਾਂਦੀ,
ਭਰਮਾਂ ਦੇ ਵਿੱਚ ਫਸੀ ਮਨੁੱਖਤਾ,
ਉਹਨਾਂ ਨੂੰ ਬਚਾਉਣ ਦੀ ਖਾਤਿਰ,
ਆਏ ਧਾਰ ਅਵਤਾਰ ਗੁਰੂ
ਗੁਰੂ ਨਾਨਕ ਰਵਿਦਾਸ ਗੁਰੂ,
ਧੰਨ ਨੇ ਦੋਵੇਂ ਨਿਰੰਕਾਰ ਗੁਰੂ।
ਇੱਕੋ ਰੂਪ ਤੇ ਇੱਕੋ ਹੋਕਾ,
ਕਿਰਤ ਕਰੋ ਕੰਮ ਕੋਈ ਨਹੀ ਛੋਟਾ,
ਹੱਕ ਸੱਚ ਦੀ ਕਰੋ ਕਮਾਈ,
ਕਰਨਾ ਨਹੀ ਕਿਸੇ ਨਾਲ ਧੋਖਾ,
ਮਜਲੂਮਾਂ ਨੂੰ ਗਲ ਨਾਲ ਲਾ ਕੇ,
ਕੀਤਾ ਸਭ ਨਾਲ ਪਿਆਰ ਗੁਰੂ
ਗੁਰੂ ਨਾਨਕ ਰਵਿਦਾਸ ਗੁਰੂ,
ਧੰਨ ਨੇ ਦੋਵੇਂ ਨਿਰੰਕਾਰ ਗੁਰੂ।
ਬਾਨੀ ਰਚ ਕੇ ਸਬਕ ਸਿਖਾਇਆ,
ਊਚ ਨੀਚ ਦਾ ਫ਼ਰਕ ਮਿਟਾਇਆ,
ਨਾ ਕੋ ਬੈਰੀ ਨਹੀ ਬਿਗਾਨਾ,
ਸਭ ਨੂੰ ਇਹ ਆਖ ਸੁਣਾਇਆ.
ਸਬਰ ਸ਼ੁਕਰ ਦੇ ਵਿੱਚ ਰਹਿ ਕੇ,
ਭਾਣਾ ਮੰਨੋ ਸਮਝਾਏ ਗੁਰੂ

ਗੁਰੂ ਨਾਨਕ ਰਵਿਦਾਸ ਗੁਰੂ
ਧੰਨ ਨੇ ਦੋਵੇਂ ਨਿਰੰਕਾਰ ਗੁਰੂ।
ਮਾੜੀਆਂ ਜੋ ਸੀ ਜੱਗ ਵਿੱਚ ਰੀਤਾਂ,
ਚਿੰਬੜੀਆਂ ਸਨ ਜੋ ਬਣ ਕੇ ਜੋਕਾਂ,
ਜੀਣਾ ਲੋਕਾਂ ਦਾ ਜਿਹਨਾਂ ਨਰਕ ਸੀ ਕੀਤਾ,
ਪਾਖੰਡੀਆਂ ਚਲਾਈਆਂ ਸੀ ਉਹ ਰੀਤਾਂ,
ਲੋਕਾਂ ਨੂੰ ਬਚਾਉਣ ਦੇ ਲਈ,
ਵਿੱਚ ਸੰਸਾਰ ਆਏ ਗੁਰੂ,
ਗੁਰੂ ਨਾਨਕ ਰਵਿਦਾਸ ਗੁਰੂ
ਧੰਨ ਨੇ ਦੋਵੇਂ ਨਿਰੰਕਾਰ ਗੁਰੂ।
ਇੱਕੋ ਸੋਚ ਰੱਖ ਜਗਤ ਗੁਰੂ ਆਏ,
ਭਲੇ ਸਰਬੱਤ ਦੇ ਉਹਨਾਂ ਮਨਾਏ,
ਠੁਕਰਾਏ ਹੋਇਆ ਨੂੰ ਗਲ ਨਾਲ ਲਾਇਆ,
ਲੋੜਵੰਦਾਂ ਦੀ ਸੇਵਾ ਕਰਨਾ,
ਸਭ ਨੂੰ ਪਾਠ ਪੜ੍ਹਾਏ ਗੁਰੂ
ਗੁਰੂ ਨਾਨਕ ਰਵਿਦਾਸ ਗੁਰੂ,
ਧੰਨ ਨੇ ਦੋਵੇਂ ਨਿਰੰਕਾਰ ਗੁਰੂ।
ਦੁਨੀਆਂ ਇੱਕ ਹੈ ਰੈਨ ਬਸੇਰਾ,
ਕਿਸੇ ਦਾ ਨਹੀਂ ਏਥੇ ਪੱਕਾ ਡੇਰਾ,
ਭੌਰ ਨੇ ਜਾਣੀ ਜਦ ਮਾਰ ਉਡਾਰੀ
'ਸੁੱਖ' ਛੱਡ ਕਹਿਣਾ ਤੇਰਾ ਮੇਰਾ,
ਅਮਲਾਂ ਉੱਤੇ ਹੋਣੇ ਨਿਬੇੜੇ,
ਸੱਭ ਨੂੰ ਇਹ ਸਮਝਾਏ ਗੁਰੂ
ਗੁਰੂ ਨਾਨਕ ਰਵਿਦਾਸ ਗੁਰੂ
ਧੰਨ ਦੋਵੇਂ ਨਿਰੰਕਾਰ ਗੁਰੂ!

# ‘ਪੰਜਾਬੀਆਂ ਦੇ ਵਹਿਮ-ਭਰਮ ਤੇ ਰਸਮ ਰਿਵਾਜ’- ਇਕ ਪਾਰਖੂ-ਝਾਤ

ਲੇਖਕ - ਡਾ. ਰਾਮ ਮੂਰਤੀ
ਚਰਚਾ - ‘ਮਿੱਤਰ’ ਮਨਜੀਤ (98726-24833)

ਡਾ. ਰਾਮ ਮੂਰਤੀ ਪੰਜਾਬੀ ਸਾਹਿਤ ਦਾ ਇੱਕ ਜਾਣਿਆ ਪਹਿਚਾਣਿਆ ਹਸਾਤਖਰ ਹੈ । ਇਸ ਤੋਂ ਪਹਿਲਾਂ ਵੀ ਉਹ ਕਈ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਚੁੱਕੇ ਹਨ । ਉਹਨਾਂ ਨੂੰ ਅਕਸਰ ਕਵੀ ਦਰਬਾਰਾਂ ਵਿਚ ਵੀ ਆਪਣੀ ਮਾਨਵੀ ਦਰਦ, ਚੰਗੀ ਜੀਵਨ ਸ਼ੈਲੀ ਅਤੇ ਤਰਕਸ਼ੀਲ ਵਾਲੀ ਕਵਿਤਾ ਪੜ੍ਹਦੇ ਸੁਣਿਆ ਜਾ ਸਕਦਾ ਹੈ ।ਹੱਥਲੀ ਪੁਸਤਕ ‘ਪੰਜਾਬੀਆਂ ਦੇ ਵਹਿਮ-ਭਰਮ ਤੇ ਰਸਮ ਰਿਵਾਜ’ (ਗੁਰਮਤਿ ਦੀ ਲੋਅ ਵਿਚ ਤਾਰਕਿਕ ਵਿਸ਼ਲੇਸ਼ਣ) ਹੈ ।

ਹਰ ਦੇਸ-ਪ੍ਰਦੇਸ ਦੇ ਵਿੱਚ ਬਹੁਤ ਸਾਰੇ ਕਰਮਕਾਂਡ ਪ੍ਰਚੱਲਿਤ ਹੁੰਦੇ ਹਨ। ਜੋ ਉਸ ਦੇ ਸਭਿਆਚਾਰ ਤੇ ਇਤਿਹਾਸ ਨਾਲ ਜਾ ਜੁੜਦੇ ਹਨ ।ਹੋ ਸਕਦਾ ਇਹਨਾਂ ਕਰਮ ਕਾਂਡਾਂ ਦੇ ਪਿੱਛੇ ਉਸ ਸਮੇਂ ਕੋਈ ਤਰਕ ਹੋਵੇ। ਗਿਆਨ ਤੇ ਵਿਗਿਆਨ ਦੇ ਵਿਕਾਸ ਨਾਲ ਬਹੁਤ ਸਾਰੀਆਂ ਧਾਰਨਾਵਾਂ ਟੁੱਟਦੀਆਂ ਤੇ ਜੁੜਦੀਆਂ ਰਹਿੰਦੀਆਂ ਹਨ। ਪਰ ਤਰਕ ਕਹਿੰਦਾ ਹੈ ਕਿ ਕੁਝ ਕੁ ਜਿਹੜੇ ਕਰਮਕਾਂਡ ਸਮੇਂ ਦੇ ਬਦਲਣ ਨਾਲ ਛੱਡ ਦੇਣੇ ਚਾਹੀਦੇ ਹਨ, ਪਰ ਅਸੀਂ ਉਹਨਾਂ ਨੂੰ ਛੱਡਦੇ ਨਹੀਂ।

ਇਹ ਤਦ ਹੀ ਛੁੱਟਣਗੇ, ਜਦੋਂ ਅਸੀਂ ਤਰਕ ਦੇ ਬੁਨਿਆਦੀ ਸਵਾਲ, ‘ਕੀ, ਕਿਉਂ, ਕਿਵੇਂ, ਕਿੱਥੇ, ਕਦੋਂ’ ਆਦਿ ਕਰਨ ਦੀ ਜ਼ੁਰਤ ਕਰਾਂਗੇ । ਜਦੋਂ ਅਸੀਂ ਸਮਝ ਜਾਵਾਂਗੇ ਕਿ ਕੁਝ ਵੀ ਅਕਾਰਣ ਨਹੀਂ ਹੁੰਦਾ। ਡਾ. ਰਾਮ ਮੂਰਤੀ ਨੇ ਸਾਡੇ ਪੰਜਾਬੀਆਂ ਦੇ ਵਹਿਮ-ਭਰਮ ਤੇ ਰਸਮ-ਰਿਵਾਜਾਂ ਪਿੱਛੇ ਛੁਪੇ ਕਾਰਣਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜੋ ਸਮੇਂ ਦੇ ਅਨੁਸਾਰ ਉਪਯੋਗੀ ਨਹੀਂ ਰਹੇ, ਉਹਨਾਂ ਨੂੰ ਛੱਡਣ ਲਈ ਪ੍ਰੇਰਿਤ ਕੀਤਾ ਹੈ।

ਪੁਰਾਣੀਆਂ ਲੀਹਾਂ ਦਾ ਨਰੀਖਣ ਕਰਨਾ, ਬੇਲੋੜੀਆਂ ਨੂੰ ਮਿਟਾਉਣਾ ਤੇ ਸਮਾਜ ਦੀ ਬਿਹਤਰੀ ਵਾਸਤੇ ਵਿਗਿਆਨ ਅਤੇ ਤਰਕ ’ਤੇ ਅਧਾਰਿਤ ਨਵੀਆਂ ਲੀਹਾਂ ਸਿਰਜਣਾ, ਅੱਜ ਦੇ ਸਹਿਤਕਾਰਾਂ ਦਾ ਮੁੱਖ ਕਰਤੱਵ ਹੈ। ਬਹੁਤ ਸਾਰੇ ਤਰਕ ਵਿਹੂਣੇ ਅਤੇ ਅਵਿਗਿਆਨਕ ਸੋਚ ਤੇ ਆਧਾਰਿਤ ਵਹਿਮ-ਭਰਮ ਤੇ ਰਸਮ-ਰਿਵਾਜ ਧਰਮ ਨਾਲ ਜੁੜੇ ਹੋਣ ਕਰਕੇ ਉਹਨਾਂ ਨੂੰ ਛੱਡਣਾ ਜਾਂ ਉਹਨਾਂ ਵਿੱਚ ਕੋਈ ਬਦਲਾਅ ਕਰਨਾ ਜਾਂ ਨਵੀਆਂ ਪਿਰਤਾਂ ਪਾਉਣਾ ਬਹੁਤ ਔਖਾ ਹੁੰਦਾ ਹੈ। ਇਹ ਵਹਿਮ-ਭਰਮ ਤੇ ਰਸਮ ਰਿਵਾਜ ਜੋ ਮਨੁੱਖ ਦੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ ਤੇ ਮਰਨ ਦੇ ਬਾਅਦ ਪੁਸ਼ਤਾਂ ਤੱਕ ਚੱਲਦੇ ਹਨ। ਜਿਵੇਂ ਸਵਾ ਮਹੀਨੇ ਦੀਆਂ ਰਹਿਤਾਂ, ਤੇਹਰਵੇਂ ਦੀ ਰਸਮ (ਜੱਚਾ ਨੂੰ ਚੌਂਕੇ ਚੜ੍ਹਾਉਣ ਦੀ ਰਸਮ), ਮਿੱਠ ਭੇਜਣਾ, ਘਿਓ ਲੈ ਕੇ ਜਾਣਾ, ਛਟੀ ਦੀ ਰਸਮ, ਲੋਹੜੀ ਪਾਉਣਾ, ਵਿਆਹ ਨਾਲ ਸੰਬੰਧਤ ਰਸਮਾਂ, ਮਰੇ ਦੇ ਸਰਾਧ ਕਰਨਾ ਆਦਿ ਤੇ ਡਾ. ਰਾਮ ਮੂਰਤੀ ਨੇ ਤਰਕ ਦੀ ਕਸੌਟੀ ਤੇ ਪਰਖਣ ਦੀ ਕੋਸ਼ਿਸ਼ ਕੀਤੀ ਹੈ।

ਡਾ. ਰਾਮ ਮੂਰਤੀ ਅਧਿਆਪਨ ਕਾਰਜ ਨਾਲ ਜੁੜੇ ਹੋਣ ਕਰਕੇ, ਉਹਨਾਂ ਨੇ ਇਸ ਬਿਮਾਰੀ ਦੀ ਜੜ੍ਹ ਨੂੰ ਫੜਿਆ ਹੈ ।ਉਹ ਬੱਚਿਆਂ ਦੇ ਮਨੋ-ਵਿਗਿਆਨ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸ ਕਰਕੇ ਉਹਨਾਂ ਨੇ ਇਹ ਹਲਕੇ-ਫੁਲਕੇ ਲੇਖਾਂ ਦੀ ਕਿਤਾਬ ਬੱਚਿਆਂ ਨੂੰ ਮੁੱਖ ਰੱਖ ਕੇ ਲਿਖੀ ਲੱਗਦੀ ਹੈ। ਉਹ ਸਮਝਦੇ ਹਨ ਕਿ ਬੱਚੇ ਦਾ ਦਿਮਾਗ਼ ਖਾਲੀ ਸਲੇਟ ਵਰਗਾ ਹੁੰਦਾ ਹੈ, ਉਸ ਉੱਤੇ ਇਹ ਜੋ ਪੁਰਾਣੇ ਤੇ ਬੇਲੋੜੇ ਵਹਿਮ-ਭਰਮਾਂ ਤੇ ਰਸਮ-ਰਿਵਾਜਾਂ ਦੀ ਤਸਵੀਰ ਰਿਣਾਤਮਕ ਨਾ ਉੱਭਰੇ। ਇਹਨਾਂ ਵਿੱਚੋਂ ਜੋ ਤਰਕ ਤੇ ਖਰੇ ਉਤਰਦੇ ਹਨ ਉਹਨਾਂ ਨੂੰ ਇਨ-ਬਿਨ ਜਾਂ ਜ਼ਰੂਰਤ ਮੁਤਾਬਿਕ ਬਦਲਾਅ ਕਰ ਕੇ ਗ੍ਰਹਿਣ ਕਰਨ ਵਿੱਚ ਕੋਈ ਹਰਜ਼ ਨਹੀਂ। ਲੇਖਕ ਨੇ ਵਿਸ਼ੇ ਪੱਖੋਂ ਬੇਲੋੜੇ, ਵਹਿਮ-ਭਰਮ ਤੇ ਰਸਮ-ਰਿਵਾਜ, ਜੋ ਬੱਚਿਆਂ, ਬਜ਼ੁਰਗਾਂ ਤੇ ਔਰਤਾਂ, ਪੜ੍ਹੇ ਲਿਖੇ ਤੇ ਅਨਪੜ੍ਹਾਂ ਸਭ ਨੂੰ ਪ੍ਰਭਾਵਿਤ ਕਰਦੇ ਨੇ, ਪ੍ਰਤੀ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਕਰਕੇ ਇਹ ਕਿਤਾਬ ਸਿਰਫ਼ ਬੱਚਿਆਂ ਦੇ ਉਪਯੋਗ ਦੀ ਨਹੀਂ, ਸਗੋਂ ਸਭ ਦੇ ਹਿਤ ਦੀ ਹੈ, ਵਿਸ਼ੇਸ਼ ਤੌਰ ਤੇ ਵੱਡਿਆਂ ਦੇ, ਜੋ ਇਹਨਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਮੋਢਿਆਂ ਤੇ ਭਾਰ ਦੇ ਰੂਪ ਵਿਚ ਲਦ ਰਹੇ ਹਨ।

ਕੁਝ ਨਸੀਹਤਾਂ ਤੇ ਵਰਜਣਾ ਸਦਾਚਾਰ ਦਾ ਹਿੱਸਾ

ਹੁੰਦੀਆਂ ਹਨ, ਉਹਨਾਂ ਨੂੰ ਕਿਸੇ ਧਰਮ ਨਾਲ ਜੋੜ ਕੇ ਮੰਨਣਾ ਜ਼ਰੂਰੀ ਨਹੀਂ । ਜਿਵੇਂ ਸੱਚ ਬੋਲੋ, ਮਾਂ-ਬਾਪ ਦਾ ਸਤਿਕਾਰ ਕਰੋ, ਚੋਰੀ ਨਾ ਕਰੋ, ਨਸ਼ਾ ਨਾ ਕਰੋ, ਆਦਿ। ਆਦਮੀ ਨਾਸਤਿਕ ਹੋ ਕੇ ਵੀ ਵਧੀਆ ਇਨਸਾਨ ਬਣ ਸਕਦਾ ਹੈ ਤੇ ਆਸਤਿਕ ਹੋ ਕੇ ਵੀ ਕਮੀਨਾ, ਲੁੱਚਾ-ਲਫੰਗਾ ਹੋ ਸਕਦਾ।

ਇਹ ਕਿਤਾਬ ਕੱਟੜਪੁਣੇ ਚੋਂ ਕੱਢਦੀ ਹੋਈ, ਤਰਕ ਤੇ ਧਰਮ ਦੇ ਵਿੱਚ ਇਕ ਪੁਲ ਦਾ ਕੰਮ ਕਰਦੀ ਹੈ। ਲੇਖਕ ਨੇ ਇਸ ਛੋਟੀ ਜਿਹੀ 159 ਪੰਨਿਆਂ ਦੀ ਕਿਤਾਬ ਵਿੱਚ ਉਸ ਹਰ ਖਿੱਤੇ ਨੂੰ ਛੂਹਿਆ ਹੈ ਜਿੱਥੇ ਵੀ ਲੇਖਕ ਨੂੰ ਮਹਿਸੂਸ ਹੋਇਆ ਕਿ ਇਸ ਵਿਚ ਇਹ ਵਾਧੂ ਜਾਂ ਫ਼ਜ਼ੂਲ ਦੇ ਰਸਮ ਰਿਵਾਜ ਅਸੀਂ ਢੋਈ ਜਾ ਰਹੇ ਹਾਂ ਅਤੇ ਉਹਨਾਂ ਦੇ ਪਿੱਛੇ ਛੁਪੇ ਕਾਰਨਾਂ ਵਲ ਵੀ ਝਾਤੀ ਮਰਵਾਉਣ ਦੀ ਕੋਸ਼ਿਸ਼ ਕੀਤੀ ਹੈ।

ਵਹਿਮ-ਭਰਮ ਤੇ ਰਸਮ-ਰਿਵਾਜ ਦੇ ਪਿੱਛੇ ਡਰ ਵਿੱਚੋਂ ਉਗਮੀ ਨਿਰਾਰਥਿਕ ਤੇ ਧਨਾਤਮਿਕ ਸੋਚ ਜੋ ਸਾਨੂੰ ਵਿਰਸੇ ਵਿਚ ਮਿਲਦੀ ਹੈ। ਇਸ ਸੋਚ ਸਦਕਾ ਹੀ ਅਸੀਂ ਇਹਨਾਂ ਵਹਿਮ-ਭਰਮਾਂ ਨੂੰ ਪੀੜ੍ਹੀ ਦਰ ਪੀੜ੍ਹੀ ਢੋਂਹਦੇ ਰਹਿੰਦੇ ਹਾਂ। ਅਜੋਕੇ ਯੁਗ ਵਿੱਚ ਤਰਕ ਦੀ ਕਸੌਟੀ ਤੇ ਇਹਨਾਂ ਵਿਚੋਂ ਕਈ ਖੜ੍ਹੇ ਨਹੀਂ ਰਹਿੰਦੇ। ਗਲੀਲਿਓ ਨੇ ਕਿਹਾ ਸੀ ਕਿ ਧਰਤੀ ਸੂਰਜ ਦੇ ਦੁਆਲੇ ਚੱਕਰ ਕੱਢ ਰਹੀ। ਪਰ ਉਸ ਸਮੇਂ ਦੇ ਧਾਰਮਿਕ ਠੇਕੇਦਾਰਾਂ ਦੀ ਆਸਥਾ ਟੁੱਟਦੀ ਸੀ, ਉਹਨਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਗਲੀਲਿਓ ਦੀ ਮੌਤ ਤੋਂ ਕਰੀਬ ਤਿੰਨ ਸਦੀਆਂ ਬਾਅਦ ਚਰਚ ਨੇ ਆਪਣੇ ਧਰਮ ਦੀ ਇਸ ਧਾਰਨਾ ਵਿੱਚ ਤਬਦੀਲੀ ਕੀਤੀ। ਪਰ ਸਾਡੇ ਭਾਰਤੀ ਧਰਮ ਜਿਨ੍ਹਾਂ ਰੂੜੀਵਾਦੀ ਵਿਚਾਰਾਂ ਨੂੰ ਛੱਡਣ ਚਾਹੀਦਾ ਹੈ, ਨਹੀਂ ਛੱਡਦੇ।

ਬੱਚੇ ਕੱਲ ਦੇ ਨੇਤਾ ਤੇ ਅਧਿਆਪਕ ਰਾਸ਼ਟਰ ਨਿਰਮਾਤਾ ਹੁੰਦੇ ਹਨ । ਸਾਹਿਤਕਾਰ ਇਹਨਾਂ ਨੂੰ ਸੇਧ ਦੇਣ ਵਾਲੇ ਹੁੰਦੇ ਹਨ । ਡਾ. ਰਾਮ ਮੂਰਤੀ ਖੁਦ ਅਧਿਆਪਨ ਦੇ ਕਿਤੇ ਨਾਲ ਜੁੜੇ ਹੋਏ ਹਨ ਉੱਥੇ ਨਾਲ ਨਾਲ ਤਰਕਸ਼ੀਲ ਸੋਚ ਵਾਲਾ ਸਾਹਿਤ ਵੀ ਰਚ ਰਹੇ ਹਨ। ਲੇਖਕ ਪਾਠਕਾਂ ਨੂੰ ਆਪਣਾ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ ਨੂੰ ਪ੍ਰੇਰਤ ਕਰਦਾ ਹੈ। ਪੰਜਾਬੀਆਂ ਦੇ ਬੇਲੋੜੇ ਵਹਿਮ-ਭਰਮ ਤੇ ਰਸਮ-ਰਿਵਾਜਾਂ ਤੋਂ ਦੁੱਖੀ ਹੋ ਕੇ ਇੰਝ ਮਹਿਣਾ ਵੀ ਮਾਰਦੇ ਹਨ :

'ਪਰ ਸਾਡੇ ਲੋਕਾਂ ਦਾ ਸੁਭਾਅ ਹੈ ਕਿ ਅਸੀਂ ਪੁਰਾਣੀ-ਰੀਤ ਨੂੰ ਤਿਆਗਣ ਅਤੇ ਨਵੀਂ ਨੂੰ ਅਪਣਾਉਣ ਵਿਚ ਬੜੀ ਝਿਜਕ ਅਤੇ ਢਿੱਲ ਦਿਖਾਉਂਦੇ ਹਾਂ । ਇਸ ਦਾ ਕਾਰਨ ਇਹ ਹੈ ਕਿ ਅਸੀਂ ਪੰਜਾਬੀ ਮੂਲ ਰੂਪ ਵਿਚ ਪ੍ਰਗਤੀਸ਼ੀਲ ਸੁਭਾਅ ਵਾਲੇ ਨਹੀਂ ਹਾਂ'।

ਜਿਹੜੀ ਅਸੀਂ ਪੰਜਾਬੀ ਧਨਾਤਮਕ ਸ਼ਕਤੀ, ਸਮਾਂ ਅਤੇ ਧਨ ਇਹਨਾਂ ਵਹਿਮ-ਭਰਮ ਤੇ ਰਸਮ-ਰਿਵਾਜਾਂ ਨੂੰ ਨਿਭਾਉਣ ਤੇ ਖਰਚ ਕਰ ਰਹੇ ਹਾਂ ਅਤੇ ਆਪਣੇ, ਆਪਣੇ ਸਮਾਜ ਅਤੇ ਦੇਸ਼ ਵਿਚ ਰਿਣਾਤਮਕ ਮਾਹੌਲ ਸਿਰਜ ਰਹੇ ਹਾਂ ਜੋ ਸਾਨੂੰ ਦੂਸਰਿਆਂ ਨਾਲੋਂ ਪਿੱਛੇ ਧੱਕ ਰਿਹਾ ਹੈ ।

ਲੇਖਕ ਆਦਮੀ ਨੂੰ ਆਪਣੀ ਜੀਵਨ ਸ਼ੈਲੀ ਬਦਲਣ ਤੇ ਜ਼ੋਰ ਦਿੰਦਾ ਹੈ । ਉਸ ਦਾ ਕਹਿਣਾ ਹੈ, 'ਸੁੱਖ, ਦੇਸ਼ ਬਦਲਣ ਨਾਲ ਨਹੀਂ ਮਲਦਾ, ਸਗੋਂ ਆਪਣੀ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆ ਕੇ ਹੀ ਮਿਲ ਸਕਦਾ ਹੈ' ।

ਇਹ ਤਬਦੀਲੀ ਲਿਆਉਣ ਲਈ ਲੇਖਕ ਬੁੱਧ ਦੇ ਮੱਧਮ ਮਾਰਗ ਜਾਂ ਮੱਧ ਮਾਰਗ ਦੇ ਸੂਤਰ ਨੂੰ ਅੱਗੇ ਤੋਰ ਕੇ ਗੁਰੂ ਅਰਜਨ ਦੇਵ ਜੀ ਤੱਕ ਲੈ ਆਉਂਦਾ ਹੈ ਤੇ ਗੁਰਬਾਣੀ ਵਿੱਚੋਂ ਹਵਾਲਾ ਦਿੰਦਾ ਹੈ:

ਜਿਸ ਗ੍ਰਿਹਿ ਬਹੁਤ ਤਿਸੈ ਗ੍ਰਿਹਿ ਚਿੰਤਾ ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ।
ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ॥
ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥

ਦੁੱਖ ਤੋਂ ਭੱਜਣ ਨਾਲ ਦੁੱਖ ਦਾ ਅੰਤ ਨਹੀਂ ਹੁੰਦਾ । ਤਰਕ ਨਾਲ ਉਸ ਦਾ ਕਾਰਣ ਲੱਭ ਕੇ ਉਸ ਨਾਲ ਜੂਝਣਾ ਪੈਂਦਾ ਹੈ। ਤੇ ਦੁੱਖ ਤੇ ਸਮੱਸਿਆਵਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਇਕ ਉਹ ਜਿਨ੍ਹਾਂ ਦਾ ਹਲ ਹੁੰਦਾ ਹੈ, ਤੇ ਦੂਸਰੀਆਂ ਉਹ ਜਿਹਨਾਂ ਨੂੰ ਸਵੀਕਾਰ ਕਰਨਾ ਹੁੰਦਾ । ਆਧਿਆਤਮਵਾਦ ਇਸ ਨੂੰ ਹੀ ਭਾਣਾ ਕਹਿੰਦਾ ਹੈ ।

ਡਾ. ਰਾਮ ਮੂਰਤੀ ਗਿਆਨ ਭੰਡਾਰ ਹਨ । ਉਹਨਾਂ ਨੇ ਉਹਨਾਂ ਰਸਮ-ਰਿਵਾਜਾਂ ਦੀ ਵੀ ਗੱਲ ਕੀਤੀ ਜਿਹੜੀ ਅੱਜ ਦੀ ਜ਼ਿਨ-ਜ਼ੈਡ ਪੀੜ੍ਹੀ ਸ਼ਾਇਦ ਭੁੱਲ ਗਈ ਹੈ । ਪਰ ਡਾ. ਰਾਮ ਮੂਰਤੀ ਦੇ ਤੀਖਣ ਤਰਕ ਨੇ ਉਸ ਦੀ ਪੜਚੋਲ ਕਰਕੇ ਉਸ ਦੀ ਸਾਰਥਿਕਤਾ ਤੇ ਨਿਰਾਰਥਕਤਾ ਦਾ ਭਾਵ ਉਜਾਗਰ ਕਰ ਦਿੱਤਾ

। ਬਹੁਤ ਸਾਰੇ ਸ਼ਬਦ 'ਝੱਲਣ, ਲਕਬ (ਲਕਬਾਂ), ਬਰੂਹਾਂ ਆਦਿ ਯਾਦ ਕਰਵਾ ਦਿੱਤੇ ਨੇ, ਜੋ ਹੌਲ਼ੀ ਹੌਲ਼ੀ ਅਲੋਪ ਹੋ ਰਹੇ ਹਨ । ਅਸਲ ਵਿੱਚ ਇਹ ਸਮਾਂ ਪਰਿਵਰਤਨ (ਟਰਾਂਸਫੋਰਮ) ਦਾ ਹੈ, ਜੇ ਨਾ ਬਦਲੇ ਤਾਂ ਅਸੀਂ ਇਕੱਲੇ ਨਹੀਂ, ਪੂਰੀ ਕੌਮ ਅਤੇ ਦੇਸ਼ ਬਹੁਤ ਪਿੱਛੇ ਰਹਿ ਜਾਣਗੇ । ਸਾਹਿਤ ਇਸ ਪਰਿਵਰਤਨ ਦਾ ਵਾਹਕ ਹੈ । ਡਾ. ਰਾਮ ਮੂਰਤੀ ਆਪਣੇ ਫ਼ਰਜ਼ ਪ੍ਰਤੀ ਸਜਗ ਹੈ । ਪਹਿਲਾਂ ਹੀ ਅਸੀਂ ਦੁਨੀਆ ਨਾਲੋਂ ਕਈ ਦਹਾਕੇ ਪਿੱਛੇ ਚੱਲ ਰਹੇ ।

ਡਾ. ਰਾਮ ਮੂਰਤੀ ਦੇ ਆਪਣੇ ਸ਼ਬਦਾਂ ਵਿੱਚ, "ਬਦਲਦੀਆਂ ਜੀਵਨ-ਹਾਲਾਤ ਮੁਤਾਬਕ ਜੀਵਨ-ਵਿਧੀਆਂ ਵੀ ਬਦਲਦੀਆਂ ਰਹਿੰਦੀਆਂ ਹਨ । ਜਿਹੜੀਆਂ ਕੌਮਾਂ ਬਦਲਦੇ ਵਕਤਾਂ ਅਨੁਸਾਰ ਆਪਣੇ ਆਪ ਨੂੰ ਨਹੀਂ ਢਾਲਦੀਆਂ ਉਹ ਪਿੱਛੇ ਰਹਿ ਜਾਂਦੀਆਂ ਹਨ ਕਿਉਂਕਿ ਅਸਲ ਪ੍ਰਗਤੀ ਪਦਾਰਥਕ ਨਹੀਂ ਹੁੰਦੀ ਵਿਚਾਰਾਤਮਕ ਹੁੰਦੀ ਹੈ' ।

ਉਪਰੋਕਤ ਨਿਗਰ ਵਿਚਾਰ ਤਰਕ ਤੇ ਵਿਵੇਕ ਵਿੱਚੋਂ ਹੀ ਨਿਕਲਦੇ ਹਨ । ਮਨੁੱਖ ਅੰਦਰ ਸਿਆਣਪ ਪੈਦਾ ਕਰਦੇ ਹਨ । ਸਿੱਖਿਆ (ਪੜ੍ਹਾਈ) ਮਨੁੱਖ ਦੇ ਵਿਵੇਕ ਵਿੱਚ ਬੀਜ ਦਾ ਕੰਮ ਕਰਦੀ ਹੈ । ਅਜਿਹਾ ਮਨੁੱਖ ਖ਼ੁਦ ਵੀ ਮੰਜ਼ਿਲ ਤਲਾਸ਼ ਲੈਂਦਾ ਹੈ ਅਤੇ ਬਾਕੀਆਂ ਲਈ ਵੀ ਰਾਹ ਦਸੇਰਾ ਬਣ ਜਾਂਦਾ ਹੈ ।

ਇਹ ਕਿਤਾਬ ਜਿੱਥੇ ਸਾਡੇ ਨਿੱਜੀ ਲਾਭ ਦੀ ਹੈ ਉੱਥੇ ਸਾਡੇ ਸਮਾਜ ਤੇ ਦੇਸ਼ ਦੇ ਲਈ ਵੀ ਲਾਹੇਵੰਦ ਸਾਬਤ ਹੋਵੇਗੀ ।

## ਮੋਹਣ ਮਤਿਆਲਵੀ ਦੀ ਪੁਸਤਕ ਕੁੱਤਾ ਜੂਨ ਅਤੇ ਮੈਂਡੋਲਿਨ ਰਿਲੀਜ਼, ਗੋਸ਼ਟੀ ਅਤੇ ਕਵੀ ਦਰਬਾਰ

ਬੀਤੇ ਦਿਨੀਂ ਸਾਹਿਤ ਆਸ਼ਰਮ ਟਾਂਡਾ ਉੜਮੁੜ ਵਲੋਂ ਉੱਘੇ ਕਵੀ ਮੋਹਣ ਮਤਿਆਲਵੀ ਦੀ ਕਾਵਿ ਪੁਸਤਕ 'ਕੁੱਤਾ ਜੂਨ ਅਤੇ ਮੈਂਡੋਲਿਨ ' ਨੂੰ ਰਿਲੀਜ਼ ਕਰਕੇ ਗੋਸ਼ਟੀ ਸੰਵਾਦ ਰਚਾਇਆ ਗਿਆ।

ਇਸ ਸਮਾਗਮ ਵਿੱਚ ਡਾ. ਬਲਦੇਵ ਸਿੰਘ ਬੱਦਨ ਰਿਟਾਇਰਡ ਡਾਇਰੈਕਟਰ ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ ਮੁੱਖ ਮਹਿਮਾਨ ਵਜੋਂ ਪਧਾਰੇ। ਪ੍ਰਧਾਨਗੀ ਮੰਡਲ ਵਿਚ ਡਾ. ਧਰਮਪਾਲ ਸਾਹਿਲ, ਮਦਨ ਵੀਰਾ, ਮੱਖਣ ਕੁਹਾੜ, ਅਮਰੀਕ ਡੋਗਰਾ, ਗੁਰਮੀਤ ਹਯਾਤਪੁਰੀ ਅਤੇ ਸਾਹਿਤ ਆਸ਼ਰਮ ਟਾਂਡਾ ਦੇ ਪ੍ਰਧਾਨ ਪ੍ਰੋ. ਮਲਕੀਤ ਜੌੜਾ ਜੀ ਸੁਸ਼ੋਭਿਤ ਹੋਏ। ਡਾ. ਨਿਰੰਜਨ ਸਰਪ੍ਰਸਤ ਸਾਹਿਤ ਆਸ਼ਰਮ ਟਾਂਡਾ ਨੇ ਹਾਜ਼ਰ ਸਾਹਿਤਕਾਰ ਅਦੀਬਾਂ ਨੂੰ ਜੀ ਆਇਆਂ ਆਖਿਆ।

ਬਹੁਤ ਹੀ ਸੂਝਵਾਨ ਆਲੋਚਕ ਡਾ. ਰਾਮ ਮੂਰਤੀ ਨੇ ਪੁਸਤਕ 'ਕੁੱਤਾ ਜੂਨ ਅਤੇ ਮੈਂਡੋਲਿਨ' 'ਤੇ ਪਰਚਾ ਪੜ੍ਹਿਆ ਜਿਸ ਤੇ ਭਖਵੀਂ ਬਹਿਸ ਹੋਈ। ਬਹਿਸ ਵਿਚ ਡਾ. ਧਰਮਪਾਲ ਸਾਹਿਲ, ਮਦਨ ਵੀਰਾ, ਮੱਖਣ ਕੁਹਾੜ, ਗੁਰਮੀਤ ਹਯਾਤਪੁਰੀ, ਅਮਰੀਕ ਡੋਗਰਾ, ਪੰਮੀ ਦਿਵੇਦੀ, ਵਿਸ਼ਾਲ ਅਤੇ ਡਾ.ਵਿਕਰਮਜੀਤ ਨੇ ਭਰਪੂਰ ਸ਼ਿਰਕਤ ਕੀਤੀ। ਮੋਹਣ ਮਤਿਆਲਵੀ ਨੇ ਬਹਿਸ ਵਿਚ ਉੱਠੇ ਪ੍ਰਸ਼ਨਾਂ ਨੂੰ ਸਵਿਕਾਰਦਿਆਂ ਸਾਰੀਆਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅਗਲੇ ਦੌਰ ਵਿਚ ਕਨੇਡਾ ਰਹਿੰਦੇ ਸ਼ਾਇਰ ਬਲਦੇਵ ਸੀਹਰਾ ਦੀ ਪੁਸਤਕ 'ਗੁਜ਼ਾਰਿਸ਼' ਅਤੇ ਮੰਗਤ ਚੰਚਲ ਦੀ ਪੁਸਤਕ 'ਚੁੱਪ ਦਾ ਅਨੁਵਾਦ' ਨੂੰ ਲੋਕ ਅਰਪਣ ਕੀਤਾ ਗਿਆ। ਮੁਸ਼ਾਇਰੇ ਵਿਚ ਨਿਮਨਲਿਖਤ ਸ਼ਾਇਰਾਂ ਨੇ ਸ਼ਿਰਕਤ ਕੀਤੀ : ਮੱਖਣ ਕੁਹਾੜ, ਬੂਟਾ ਰਾਮ ਆਜ਼ਾਦ, ਮੰਗਤ ਚੰਚਲ, ਸੀਤਲ ਸਿੰਘ ਗੁਨੋਪੁਰੀ, ਗੁਰਮੀਤ ਬਾਜਵਾ, ਗੁਰਮੀਤ ਹਯਾਤਪੁਰੀ, ਮਦਨ ਵੀਰਾ, ਅਮਰੀਕ ਡੋਗਰਾ, ਡਾ. ਨਿਰੰਜਨ, ਡਾ. ਵਿਕਰਮਜੀਤ, ਡਾ. ਮਿਨਾਕਸ਼ੀ, ਵਿਸ਼ਾਲ, ਰਾਮ ਲਾਲ ਭਗਤ, ਅਵਤਾਰ ਜ਼ਹੂਰਵੀ, ਮਨਦੀਪ ਜ਼ਹੂਰਵੀ, ਪ੍ਰਦੀਪ ਮੌਜੀ, ਬਿਮਲਾ ਦੁੱਗਲ, ਆਸ਼ਾ ਅਰਮਾਨ, ਰਜਿੰਦਰ ਕੌਰ ਹੁੰਦਲ, ਰਾਜਿੰਦਰ ਢੱਡਾ, ਅਜਮੇਰ ਕੰਧਾਲਾ, ਗੁਰਨੇਕ ਝਾਵਰ, ਸੰਤ ਸੰਧੂ ਸੰਦੀਪ ਸਨਕ, ਪ੍ਰਦੀਪ ਵਿਰਲੀ, ਚੰਦਨ ਦਿਵੇਦੀ ਅਤੇ ਹੋਰ ਸ਼ਾਇਰਾਂ ਨੇ ਆਪਣੇ ਕਲਾਮ ਪੇਸ਼ ਕੀਤੇ।


ਦੋਵਾਂ ਸ਼ੈਸ਼ਨਾਂ ਦੀ ਸਟੇਜ ਸਕੱਤਰੀ ਪੰਮੀ ਦਿਵੇਦੀ ਅਤੇ ਪ੍ਰਿ. ਅਰਮਨਪ੍ਰੀਤ ਨੇ ਬਾਖ਼ੂਬੀ ਨਿਭਾਈ। ਸਮਾਗਮ ਦੀ ਸਮਾਪਤੀ ਤੇ ਸਭਾ ਦੇ ਪ੍ਰਧਾਨ ਪ੍ਰੋ. ਮਲਕੀਤ ਜੌੜਾ ਨੇ ਹਾਜ਼ਰ ਅਦੀਬਾਂ ਦਾ ਧੰਨਵਾਦ ਕੀਤਾ।

# ਪਲਾਸਟਿਕ ਦਾ ਡੱਡੂ

ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ

**ਪੁਸਤਕ-ਪਲਾਸਟਿਕ ਦਾ ਡੱਡੂ**
**ਲੇਖਕ : ਹਰੀ ਕ੍ਰਿਸ਼ਨ ਮਾਇਰ**
**ਪ੍ਰਕਾਸ਼ਕ : ਗੋਰਕੀ ਪ੍ਰਕਾਸ਼ਨ**

ਪੰਜਾਬੀ ਭਵਨ, ਸ਼ਾਪ 7
ਨੇੜੇ ਭਾਰਤ ਨਗਰ ਚੌਂਕ, ਲੁਧਿਆਣਾ (ਪੰਜਾਬ)
ਫੋਨ 94176-42785
ਪੰਨੇ: 64, ਮੁੱਲ: 200 ਰੁਪਏ




ਬਾਲ ਸਾਹਿਤ ਦੇ ਖੇਤਰ ਵਿੱਚ ਸਿਰਜੀਆਂ ਜਾ ਰਹੀਆਂ ਕਹਾਣੀਆਂ ਨੂੰ ਜਦੋਂ ਅਸੀਂ ਗੰਭੀਰ ਹੋ ਕੇ ਪੜ੍ਹਦੇ ਹਾਂ ਤਾਂ ਵਿਗਿਆਨਕ ਕਹਾਣੀਆਂ ਦੀ ਹਮੇਸ਼ਾ ਘਾਟ ਦਿਖਾਈ ਦਿੰਦੀ ਹੈ। ਇਸ ਖੇਤਰ ਵਿੱਚ ਨਰੋਆ ਕਾਰਜ ਕਰਨ ਵਾਲੇ ਲੇਖਕ ਉਂਗਲਾਂ ਤੇ ਗਿਣਨ ਜੋਗੇ ਵੀ ਨਹੀਂ ਹਨ। ਵਿਗਿਆਨਿਕ ਰਚਨਾਵਾਂ ਰਚਨ ਵਾਲਿਆਂ ਵਿੱਚ ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਦਾ ਨਾਂ ਸਭ ਤੋਂ ਅੱਗੇ ਆ ਜਾਂਦਾ ਹੈ। ਤਿੰਨ ਦਹਾਕੇ ਪਹਿਲਾਂ ਡਾ. ਡੀ.ਪੀ. ਸਿੰਘ, ਡਾ. ਧਰਮਪਾਲ ਸਾਹਿਲ ਹੋਰਾਂ ਇਸ ਖੇਤਰ ਵਿੱਚ ਆਪਣਾ ਸ਼ਾਨਦਾਰ ਯੋਗਦਾਨ ਪਾਉਣਾ ਆਰੰਭ ਕੀਤਾ ਸੀ। ਡਾ. ਸੋਨੀਆ ਚਹਿਲ ਅਤੇ ਅਮਨਦੀਪ ਸਿੰਘ ਨੌਰਾ ਦਾ ਵੀ ਉਨ੍ਹਾਂ ਨਾਲ ਜ਼ਿਕਰ ਹੋਣਾ ਆਰੰਭ ਹੋਇਆ ਹੈ। ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਇੱਕ ਦਰਜਨ ਤੋਂ ਵੱਧ ਬਾਲ ਸਾਹਿਤ ਦੀਆਂ ਪੁਸਤਕਾਂ ਦੀ ਸਿਰਜਣਾ ਕਰਕੇ ਆਪਣਾ ਸ਼ਾਨਦਾਰ ਮੁਕਾਮ ਸਿਰਜ ਚੁੱਕੇ ਹਨ। ਇਹਨਾਂ ਵਿੱਚ ਬਾਲ ਕਹਾਣੀਆਂ ਅਤੇ ਵਿਗਿਆਨੀਆਂ ਦੀਆਂ ਜੀਵਨੀਆਂ ਵੀ ਸ਼ਾਮਿਲ ਹਨ। ਇਸ ਪ੍ਰਕਾਰ ਉਹ ਸਮਾਜ ਵਿੱਚ ਵਿਗਿਆਨਿਕ ਸੋਚ ਨੂੰ ਪ੍ਰਚਲਿਤ ਕਰਨ ਵਿੱਚ ਆਪਣਾ ਸ਼ਾਨਦਾਰ ਯੋਗਦਾਨ ਪਾ ਰਹੇ ਹਨ। ਹਥਲੇ ਕਹਾਣੀ ਸੰਗ੍ਰਹਿ 'ਪਲਾਸਟਿਕ ਦਾ ਡੱਡੂ' ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਅਸੀਂ 21ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਪੁੱਜ ਕੇ ਵੀ ਵਹਿਮਾਂ ਭਰਮਾਂ ਤੋਂ ਛੁਟਕਾਰਾ ਨਹੀਂ ਪਾ ਸਕੇ। ਸਮਾਜ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਨਵਾਂ ਤੇ ਨਰੋਆ ਨਜ਼ਰੀਆ ਪ੍ਰਦਾਨ ਕਰਨ ਵਾਲੀ ਇਹ ਪੁਸਤਕ ਹਰ ਬਾਲ ਪਾਠਕ ਲਈ ਜਿੱਥੇ ਸਿੱਖਿਆਦਾਇਕ ਹੈ ਉੱਥੇ ਪ੍ਰੇਰਨਾਦਾਇਕ ਵੀ ਹੈ। ਕਿਉਂਕਿ ਸਾਨੂੰ ਕੁਦਰਤ ਵੱਲੋਂ ਬਖਸ਼ੀਆਂ ਨਿਆਮਤਾਂ ਨੂੰ ਸਹੀ ਢੰਗ ਨਾਲ ਪ੍ਰਯੋਗ ਕਰਨ ਦੀ ਮੱਤ ਆਉਣੀ ਚਾਹੀਦੀ ਹੈ। ਇਹ ਪੁਸਤਕ ਮੱਤਾਂ ਤਾਂ ਦਿੰਦੀ ਹੈ ਪਰ ਉਪਦੇਸ਼ਾਤਮਕ ਨਹੀਂ ਬਣਦੀ ਸਗੋਂ ਬਾਲ ਪਾਠਕ ਕਹਾਣੀਆਂ ਪੜ੍ਹਦੇ ਪੜ੍ਹਦੇ ਹੀ ਆਪਣੇ ਅੰਦਰ ਝਾਤੀ ਮਾਰਨ ਲਈ ਤਿਆਰ ਹੋ ਜਾਂਦੇ ਹਨ। ਉਹ ਇੰਝ ਮਹਿਸੂਸ ਕਰਦੇ ਹਨ ਕਿ ਹੋਣਾ ਕੀ ਚਾਹੀਦਾ ਹੈ ਤੇ ਅਸੀਂ ਕਰ ਕੀ ਰਹੇ ਹਾਂ?

ਕਹਾਣੀਕਾਰ ਨੇ ਇਹਨਾਂ ਕਹਾਣੀਆਂ ਦੀ ਬਣਤਰ ਤੇ ਬੁਣਤਰ ਨੂੰ ਨਵੀਂ ਰੰਗਤ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਤਾਂ ਕਿ ਤਕਨੀਕੀ ਯੁਗ ਦੇ ਹਾਣੀ ਬੱਚੇ ਇਹਨਾਂ ਤੋਂ ਲਾਭ ਉਠਾ ਸਕਣ। ਗੁਰੂ ਸਾਹਿਬਾਨ ਅਤੇ ਮਹਾਂਪੁਰਸ਼ਾਂ ਨੇ ਸੈਂਕੜੇ ਸਾਲ ਪਹਿਲਾਂ ਉਚ ਨੀਚ, ਜਾਤ ਪਾਤ ਅਤੇ ਸਭ ਵਿਤਕਿਰਿਆ ਨੂੰ ਖਤਮ ਕੀਤਾ ਸੀ। ਪ੍ਰੰਤੂ ਅੱਜ ਵੀ ਅਸੀਂ ਵਰਗਾਂ, ਜਾਤਾਂ, ਧਰਮਾਂ ਵਿੱਚ ਵੰਡੇ ਹੋਏ ਹਾਂ। ਪੁਸਤਕ ਵਿੱਚ ਸ਼ਾਮਿਲ ਕਹਾਣੀਆਂ ਸਾਨੂੰ ਇਨਸਾਨੀਅਤ ਦਾ

ਪਾਠ ਪੜ੍ਹਾਉਂਦੀਆਂ ਹੋਈਆਂ ਕੁਦਰਤ ਦੇ ਵਰਤਾਰੇ ਵਿੱਚ ਖਲਲ ਨਾ ਪਾਉਣ ਦਾ ਸੁਨੇਹਾ ਦਿੰਦੀਆਂ ਹਨ। ਕਹਾਣੀਕਾਰ ਨੂੰ ਚਿੰਤਾ ਹੈ ਕਿ ਮਨੁੱਖ ਵਿੱਚੋਂ ਮਨੁੱਖਤਾ ਖਤਮ ਹੋ ਰਹੀ ਹੈ ਜਿਸ ਕਾਰਨ ਉਹ ਕੁਦਰਤੀ ਜੀਵਾਂ ਪ੍ਰਤੀ ਦਇਆ ਕਰਨ ਦੀ ਬਜਾਏ ਜ਼ੁਲਮ ਕਰ ਰਿਹਾ ਹੈ। ਉਹ ਇਹ ਨਹੀਂ ਜਾਣਦਾ ਕਿ ਪਾਣੀ ਗੰਧਲਾ ਹੋਣ ਨਾਲ ਪਾਣੀ ਅੰਦਰ ਰਹਿਣ ਵਾਲੇ ਜੀਵ ਖਤਮ ਹੋ ਰਹੇ ਹਨ ਅਤੇ ਵਾਤਾਵਰਣ ਗੰਧਲਾ ਹੋਣ ਨਾਲ ਅਸੀਂ ਸਾਰੇ ਹੀ ਦੁੱਖਾਂ ਦੀ ਹਨੇਰ ਕੋਠੜੀ ਵਿੱਚ ਜਾ ਰਹੇ ਹਾਂ। ਮਨੁੱਖ ਬਨਾਉਟੀ ਪੰਛੀ ਅਤੇ ਜਾਨਵਰ ਆਪਣੇ ਘਰਾਂ ਵਿੱਚ ਰੱਖ ਰਹੇ ਹਨ। ਜਦਕਿ ਜਿਉਂਦੇ ਜਾਗਦੇ ਜੀਵਾਂ ਤੇ ਅੱਤਿਆਚਾਰ ਕਰ ਰਹੇ ਹਨ। ਪੁਸਤਕ ਵਿੱਚ ਦਰਜ ਵੀਹ ਕਹਾਣੀਆ ਪਾਠਕਾਂ ਦੀ ਕਿਰਤ ਅਤੇ ਕਿਰਦਾਰ ਨੂੰ ਉੱਚੀਆਂ ਦਿਸ਼ਾਵਾਂ ਵੱਲ ਤੋਰਦੀਆਂ ਹਨ।ਪੁਸਤਕ ਦੀ ਰੌਚਕ ਸ਼ੈਲੀ ਅਤੇ ਨਾਟਕੀ ਤੱਤ ਹਰ ਕਿਸੇ ਨੂੰ ਪ੍ਰਭਾਵਿਤ ਕਰਦੇ ਹਨ। ਮਾਨਵੀ ਸੋਚ ਦਾ ਪ੍ਰਚਾਰ ਅਤੇ ਪ੍ਰਸਾਰ ਸ਼ਾਨਦਾਰ ਸਲੀਕੇ ਨਾਲ ਕੀਤਾ ਗਿਆ ਹੈ। ਆਤਮ ਵਿਸ਼ਵਾਸ ਅਤੇ ਦ੍ਰਿੜ ਨਿਸ਼ਚੇ ਨਾਲ ਹੀ ਜਿੱਤਾਂ ਜਿੱਤੀਆਂ ਜਾ ਸਕਦੀਆਂ ਹਨ। ਪੰਜਾਬੀ ਸਾਹਿਤ ਦੀ ਪਹਿਲੀ ਡਾਕਟਰ ਬੀਬੀ ਰਮਾ ਰਤਨ ਇਸ ਪੁਸਤਕ ਬਾਰੇ ਆਪਣੇ ਵਿਚਾਰ ਇੰਜ ਪ੍ਰਗਟ ਕਰਦੇ ਹਨ– 'ਮਾਇਰ ਜੀ ਨੇ ਬਾਲਾਂ ਦਾ ਹਾਣੀ ਬਣ ਕੇ ਬਾਲਾਂ ਦੀ ਸੰਵਾਦ ਸ਼ੈਲੀ ਵਿੱਚ ਹੀ ਅਹਿਸਾਸਾਂ ਨੂੰ ਇਸ ਤਰ੍ਹਾਂ ਬੁਣਿਆ ਹੈ ਕਿ ਬੱਚੇ ਸਹਿਜੇ ਹੀ ਪਾਤਰਾਂ ਨਾਲ ਆਤਮਸਾਤ ਕਰਨ ਲੱਗ ਜਾਂਦੇ ਹਨ'। ਅਧਿਆਪਕਾਂ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਮਿਆਂ ਦੇ ਹਾਣੀ ਬਣਾਉਣ ਵਾਸਤੇ ਇਹ ਪੁਸਤਕ ਪੜ੍ਹਨ ਲਈ ਪ੍ਰੇਰਿਤ ਕਰਨ।

***

ਰੀਵਿਊਕਾਰ : **ਬਲਜਿੰਦਰ ਮਾਨ**
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ, (ਹੁਸ਼ਿਆਰਪੁਰ)

**ਕਵਿਤਾ**

# 'ਸਿਆਸੀ ਲੋਕਾਂ ਦੇ ਅੰਡਰਗਾਰਮੈਂਟਸ'




**ਡਾ.ਲਾਭ ਸਿੰਘ ਖੀਵਾ**
ਸੰਪਰਕ : 94171-78487

ਦੋਸਤੋ !
ਸਿਆਸੀ ਲੋਕਾਂ ਦੇ ਅੰਡਰਗਾਰਮੈਂਟਸ,
ਬੜੇ ਮਹੀਨ ਹੁੰਦੇ ਐ ਤੇ ਰੰਗੀਨ ਹੁੰਦੇ ਐ।
ਇਨ੍ਹਾਂ ਦੇ ਦੁੱਧ ਧੋਤੇ ਲਿਬਾਸ,
ਇੰਨੇ ਪਾਰਦਰਸ਼ੀ ਨਹੀਂ ਹੁੰਦੇ ਕਿ
ਸੌਖਿਆਂ ਸਮਝ ਆ ਜਾਵੇ
ਅੰਡਰਗਾਰਮੈਂਟਸ ਦੇ ਰੰਗਾਂ ਦੀ ਲੀਲ੍ਹਾ।
ਖਾਕੀ, ਸਫ਼ੈਦ, ਖੱਟਾ, ਜਾਂ ਨੀਲਾ।
ਕਦੇ ਕਦੇ ਅੰਡਰਗਾਰਮੈਂਟਸ,
ਅਖ਼ਬਾਰਾਂ ਦੀਆਂ ਤਾਰਾਂ 'ਤੇ ,
ਬਿਆਨ ਬਣਾਕੇ ਟੰਗੇ ਹੁੰਦੇ ਨੇ,
ਤੇ ਦੋਅਰਥੀ 'ਚ ਰੰਗੇ ਹੁੰਦੇ ਨੇ ,
ਤਾਂ ਜੋ ਮੁਨਕਰ ਹੋਇਆ ਜਾ ਸਕੇ,
ਲੋੜ ਵੇਲੇ ਗਾਰਮੈਂਟ ਦੇ ਰੰਗ ਤੋਂ।
.......................
ਦੋਸਤੋ, ਚੋਣਾਂ ਦੇ ਮੌਸਮ ਵਿੱਚ ,
ਹਵਾ ਦਾ ਰੁਖ਼ ਭਾਂਪਦਿਆਂ,
ਅੰਡਰਗਾਰਮੈਂਟ ਭਾਵੇਂ ਰੰਗ ਬਦਲੇ,
ਪਰ ਚਿੱਟੇ ਸੂਟ ਦੀ ਮੰਗ ਨਾ ਬਦਲੇ।
ਗਲ ਦੇ ਦੁਆਲੇ ਸਕਾਰਫ਼ ਬਣਕੇ,
ਅੰਡਰਗਾਰਮੈਂਟ ਨਵਾਂ ਢੰਗ ਬਦਲੇ।
.........................
ਬੁਲਟ-ਪਰੂਫ ਫਤੂਹੀ ,
ਸੱਤਾਧਾਰੀ ਜੋ ਪਾਉਂਦੇ ਨੇ।
ਉਹ ਆਪਣੀ ਨਿਡਰਤਾ ਦੀ,
ਇੱਕ ਨੌਟੰਕੀ ਰਚਾਉਂਦੇ ਨੇ।
ਤੇ ਸ਼ੇਰੇ-ਵਤਨ ਹੋਣ ਦਾ,
ਮੱਥੇ ਤਿਲਕ ਲਾਉਂਦੇ ਨੇ।
..................................
ਦੋਸਤੋ !
ਸਿਆਸੀ ਲੋਕਾਂ ਦੇ ਅੰਡਰਗਾਰਮੈਂਟਸ ,
ਬੜੇ ਮਹੀਨ ਹੁੰਦੇ ਐ ਤੇ ਰੰਗੀਨ ਹੁੰਦੇ ਐ।
ਉਪਰੋਂ ਸ਼ਲੀਨ ਹੁੰਦੇ ਐ,
ਅੰਦਰੋਂ ਮਲੀਨ ਹੁੰਦੇ ਐ।
ਇਹ ਭੇਤ ਬੀਵੀ ਜਾਣਦੀ ਹੈ,
ਜਾਂ ਫਿਰ ਈਡੀ ਪਛਾਣਦੀ ਹੈ।
............................

ਲੇਖ

# ਧੰਨ ਹੈ ਭਗਤ ਧੰਨਾ ਜੀ ਦੀ ਪ੍ਰਭੂ ਨਾਲ ਪ੍ਰੀਤ



**ਨੂਰ ਸੰਤੋਖਪੁਰੀ**

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਵਤਾਰ ਧਾਰਨ ਕਰਨ ਤੋਂ 53 ਸਾਲ ਪਹਿਲਾਂ ਭਾਵਸੰਨ 1416 ਈ. ਨੂੰ ਭਗਤਧੰਨਾ ਜੀ ਦਾ ਜਨਮ ਰਾਜਪੂਤਾਨੇ (ਰਾਜਸਥਾਨ) ਦੇ ਧੂਆਨ ਕਲਾਂ ਪਿੰਡ ਵਿੱਚ ਇਕ ਸਾਧਾਰਣ ਕਿਰਤੀ ਕਿਸਾਨ ਪਰਿਵਾਰ 'ਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਭੋਲਾ ਜੀ ਅਤੇ ਮਾਤਾ ਜੀ ਦਾ ਨਾਂ ਮਾਤਾ ਧੰਨੋ ਜੀ ਸੀ। ਭਗਤ ਧੰਨਾ ਜੀ ਆਪਣੇ ਬਚਪਨ ਤੋਂ ਹੀ ਆਪਣੇ ਜੱਦੀ-ਪੁਸ਼ਤੀ ਕੰਮ ਖੇਤੀ ਬਾੜੀ ਤੇ ਪਸ਼ੂ ਪਾਲਣ ਵਾਲੇ ਕੰਮ ਵਿੱਚ ਲੱਗ ਗਏ। ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਅਕਾਲ ਪੁਰਖ ਪਰਮਾਤਮਾ ਨਾਲ ਬਹੁਤ ਪਿਆਰ ਤੇ ਸਨੇਹ ਸੀ। ਉਹ ਸੁਭਾਅ ਪੱਖੋਂ ਬੜੇ ਭੋਲੇ-ਭਾਲੇ ਅਤੇ ਸਿੱਧੇ-ਸਾਦੇ ਸਨ। ਪਾਖੰਡ ਤੇ ਆਡੰਬਰ-ਭਰੇ ਦਿਖਾਵੇ ਤੋਂ ਕੋਹਾਂ ਦੂਰ ਰਹਿੰਦੇ ਸਨ। ਸਾਦਗੀ ਤੇ ਹਲੀਮੀ ਦਾ ਪੱਲਾ ਸਦਾਫੜੀ ਰੱਖਿਆ।

ਉਨ੍ਹਾਂ ਨੇ ਜਦੋਂ ਇਕ ਪੰਡਤ (ਪੁਜਾਰੀ) ਨੂੰ ਠਾਕੁਰ ਦੀ ਪੂਜਾ ਕਰਦੇ ਵੇਖਿਆ ਤਾਂ ਉਸ ਕੋਲੋਂ ਆਪਣੇ ਆਸਤੇ ਠਾਕੁਰ ਦੀ ਮੰਗ ਕੀਤੀ। ਪੰਡਤ ਨੇ ਉਨ੍ਹਾਂ ਦੇ ਭੋਲੇਪਨ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਕਾਲੇ ਰੰਗ ਦਾ ਪੱਥਰ ਦੇ ਕੇ ਉਨ੍ਹਾਂ ਦੀ ਮੰਗ ਪੂਰੀਕਰ ਦਿੱਤੀ। ਉਸ ਸਾਧਾਰਣ ਪੱਥਰ ਨੂੰ ਭਗਤ ਧੰਨਾ ਜੀ ਆਪਣੇ ਘਰਲੈ ਆਏ ਅਤੇ ਉਸ ਪ੍ਰਤੀ ਆਪਣੀ ਬੇਅੰਤ ਸ਼ਰਧਾ ਤੇ ਭਰੋਸਗੀ ਜ਼ਾਹਰ ਕੀਤੀ। ਉਹਦੀ ਭਗਤੀ ਵਿੱਚ ਉਹ ਲੀਨ ਰਹਿਣ ਲੱਗੇ। ਆਖ਼ਰ ਉਨ੍ਹਾਂ ਦੀ ਸੱਚੀ-ਸੁੱਚੀ ਭਾਵਨਾ, ਸ਼ਰਧਾ ਅਤੇ ਭਗਤੀ ਤੋਂ ਪ੍ਰਸੰਨ ਹੋ ਕੇ ਪਰਮਾਤਮਾ ਨੇ ਖ਼ੁਦ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਅਤੇ ਉਨ੍ਹਾਂ ਨਾਲ ਮਿੱਤਰਤਾ ਪੂਰਨ ਗੱਲਾਂ ਕੀਤੀਆਂ। ਭਗਤ ਜੀ ਹੁਰਾਂ ਦੇ ਕਈ ਕੰਮ ਖੁਦ ਕੀਤੇ। ਜਿਵੇਂ ਕਿ ਭਗ ਤਧੰਨਾ ਜੀ ਦੀਆਂ ਪਾਲਤੂ ਗਊਆਂ ਚਰਾਉਣ ਦਾ ਕੰਮ, ਖੂਹ ਗੇੜਨ ਆਲੇ ਬੌਲਦਾਂ ਨੂੰ ਹਿੱਕਣਾ, ਨੱਕੇ ਮੋੜਨਾ, ਫ਼ਸਲਾਂ ਨੂੰ ਸਿੰਜਣਾ ਆਦਿ ਕੰਮ। ਸੁਭਾਅ ਪੱਖੋਂ ਸਰਲ, ਸਿੱਧੇ-ਸਾਦੇ ਭਗਤ ਧੰਨਾ ਜੀ ਦਾ ਇਹ ਪ੍ਰਭੂ-ਪ੍ਰੇਮ ਹੀ ਸੀ, ਜਿਸ ਨੇ ਭਗਵਾਨ ਨੂੰ ਉਨ੍ਹਾਂ ਨਾਲ ਬਹਿ ਕੇ ਭੋਜਨ ਛਕਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਨੇ ਆਪਣੀ ਸੱਚੀ-ਸੁੱਚੀ ਭਗਤੀ ਰਾਹੀਂ ਇਹ ਰੂਹਾਨੀ ਭੇਤ ਪਾ ਲਿਆ ਸੀ ਕਿ ਸੱਚੇ ਪ੍ਰੇਮ ਦੀ ਬਦੌਲਤ ਪਰਮਾਤਮਾ ਨੂੰ ਆਪਣੇ ਦਿਲ ਵਿੱਚ ਵਸਾ ਕੇ ਪਾਇਆ ਜਾ ਸਕਦਾਹੈ। ਇਸ ਲਈ ਉਹ ਪਰਮਾਤਮਾ ਨਾਲ ਇਕਮਿਕ-ਇਕ ਰੂਪ ਹੋ ਗਏ। ਭਗਤ ਧੰਨਾ ਜੀ ਦੀ ਪ੍ਰਭੂ-ਭਗਤੀ ਦੀ ਇਹ ਅਦਭੁਤ, ਸਰਲ ਵਿਧੀ ਭਗਤੀ-ਮਾਰਗ ਦੀ ਇਕ ਵਿਲੱਖਣ ਤੇ ਲਾ-ਮਿਸਾਲ ਉਦਾਹਰਣ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੇ ਬਾਰੇ "ਧੰਨੇ ਸੇਵਿਆ ਬਾਲ ਬੁਧਿ" ਆਖ ਕੇ ਉਨ੍ਹਾਂ ਦੀ ਪ੍ਰਭੂ-ਭਗਤੀ ਦੀ ਪ੍ਰਸ਼ੰਸਾ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਦਸਮ ਗ੍ਰੰਥ ਵਿੱਚ ਪਰਮਾਤਮਾ ਨੂੰ ਪ੍ਰੇਮ ਰਾਹੀਂ ਪਾਉਣ ਦਾ ਅਤਿ ਸੁੰਦਰ ਜ਼ਿਕਰ ਕੀਤਾ ਹੈ, "ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਉ ਤਿੰਨ ਹੀ ਪ੍ਰਭ ਪਾਇਉ।"

ਭਗਤ ਧੰਨਾ ਜੀ ਫ਼ਰਮਾਨ ਕਰਦੇ ਹਨ ਕਿ ਲੋਭ-ਲਾਲਚ ਜ਼ਹਿਰ ਸਮਾਨ ਹੈ। ਪ੍ਰਭੂ-ਭਗਤੀ ਰਾਹੀਂ ਮਨਦਾ ਸੱਚਾ ਸੁੱਖ ਮਿਲਦਾ ਹੈ। ਮੈਂ ਜਾਣ ਲਿਆ ਹੈ ਕਿ ਪਰਮਾਤਮਾ ਦੀ ਭਗਤੀ ਨਾਲ ਤ੍ਰਿਪਤੀ ਪਾ ਕੇ ਆਵਾਗਮਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀਹੈ। ਰਾਗ ਆਸਾ ਵਿੱਚ ਉਹ ਫਰਮਾਨ ਕਰਦੇ ਹਨ:

ੴਸਤਿਗੁਰ ਪ੍ਰਸਾਦਿ

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀਂ ਧੀਰੇ॥

ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭਹੀਰੇ॥੧॥ ਰਹਾਉ॥

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥

ਗੁਨ ਤੇ ਪ੍ਰੀਤਿ ਬਢੀਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥੧॥

ਜੁਗਤਿ ਜਾਨਿ ਨਹੀਂ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥

ਗਿਆਨ ਪ੍ਰਵੇਸੁ ਗੁਰਹਿ ਧਨ ਦੀਆ ਧਿਆਨੁ ਮਾਨੁ ਮਨ ਏਕ ਮਏ ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥

ਧੰਨੈ ਧਨੁ ਪਾਇਆ ਧਰਣੀ ਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥ [ਅੰਗ ੪੮੭]

ਭਗਤ ਧੰਨਾ ਜੀ ਨੇ ਆਪਣੇ ਭੋਲੇਪਨ ਵਿੱਚ ਹੀ ਪ੍ਰਭੂ ਦੇ ਦਰਸ਼ਨ ਕਰਨ ਦੀ, ਉਸ ਨੂੰ ਪਾਉਣ ਦੀ ਜ਼ਿੱਦ ਕੀਤੀ ਅਤੇ ਥਾਂ-ਥਾਂ ਉਤਾਰੀ ਜਾ ਰਹੀ ਆਰਤੀ ਨੂੰ ਵੇਖ ਕੇ ਆਪਣੇ ਸ਼ਬਦਾਂ 'ਚ 'ਆਰਤਾ' ਸ਼ਬਦ ਦਾ ਉਚਾਰਣ ਕੀਤਾ :

ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥ ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥ ਪਨੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥ ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥ ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨੧॥੪॥ [ਪੰਨਾ ੬੯੫]

'ਆਰਤਾ' ਸ਼ਬਦ ਦਾ ਅਧਿਐਨ ਕਰਨ ਤੋਂ ਬਾਅਦ ਅਸੀਂ ਇਹ ਜਾਣ ਸਕੇ ਹਾਂ ਕਿ ਭਗਤ ਧੰਨਾ ਜੀ ਸਾਨੂੰ ਇਹ ਸਮਝਾ ਰਹੇ ਨੇ ਕਿ ਭਗਤੀ ਆਸ ਤੇ ਜਿੱਥੇ ਸੱਚੀ-ਸੁੱਚੀ ਭਾਵਨਾ ਅਤੇ ਮਨ ਦੀ ਇਕਾਗਰਤਾ ਜ਼ਰੂਰੀ ਹੈ, ਉੱਥੇ ਸਰੀਰਕ ਸ਼ਕਤੀ, ਭੋਜਨ ਤੇ ਹੋਰ ਸੁੱਖ-ਸਹੂਲਤਾਂ ਵੀ ਅਤਿ ਜ਼ਰੂਰੀ ਹਨ। ਉਨ੍ਹਾਂ ਦੀ ਭਗਤੀ ਉਨ੍ਹਾਂ ਸੰਨਿਆਸੀ ਸਾਧੂਆਂ ਤੋਂ ਵੱਖਰੀ ਸੀ, ਜਿਹੜੇ ਪ੍ਰਚਾਰ ਕਰਿਆ ਕਰਦੇ ਸਨ ਕਿ ਪਰਮਾਤਮਾ ਨੂੰ ਪਾਉਣ ਲਈ ਇਕਾਂਤ 'ਚ, ਜੰਗਲਾਂ 'ਚ, ਪਹਾੜਾਂ 'ਤੇ ਜਾਂ ਫਿਰ ਭੁੱਖੇ-ਨੰਗੇ ਰਹਿਣਾ ਜ਼ਰੂਰੀਹੈ। ਉਨ੍ਹਾਂ ਨੇ ਸੰਨਿਆਸੀ ਸਾਧੂਆਂ ਤੇ ਬਾਕੀ ਦੁਨੀਆਦਾਰ ਲੋਕਾਂ ਨੂੰ ਦੱਸਿਆ ਕਿ ਗ੍ਰਹਿਸਥੀ ਜੀਵਨ ਅਤੇ ਔਰਤਾਂ ਨੂੰ ਭਗਤੀ-ਮਾਰਗ 'ਚ ਰੁਕਾਵਟ ਨਹੀਂ ਸਮਝਣਾ ਚਾਹੀਦਾ। ਨੇਕ ਤੇ ਚੰਗੀ ਔਰਤ ਤਾਂ ਭਗਤੀ ਲਈ ਸਹਾਇਕ ਸਿੱਧ ਹੁੰਦੀ ਹੈ। ਇਸੇ ਲਈ ਉਨ੍ਹਾਂ ਨੇ ਹੋਰਵਸਤਾਂ ਮੰਗਣ ਦੇ ਨਾਲ-ਨਾਲਪ੍ਰਭੂ ਤੋਂ ਚੰਗੀ ਤੇ ਯੋਗ ਪਤਨੀ ਦੀ ਮੰਗ ਵੀ ਕੀਤੀ। ਭਗਤਧੰਨਾ ਜੀ ਦਾ ਸਿੱਖ ਧਰਮ ਵਿੱਚ ਖਾਸ ਮੁਕਾਮ ਹੈ। ਉਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਭਗਤ ਧੰਨਾ ਜੀ ਦੇ ਨਾਂ 'ਤੇ ਕਿਸੇ ਯੂਨੀਵਰਸਿਟੀ 'ਚ 'ਚੇਅਰ' ਕਾਇਮ ਕੀਤੀ ਜਾਣੀ ਚਾਹੀਦੀ ਹੈ।


ਬੀ.ਐਕਸ/੯੨੫, ਮੁਹੱਲਾ ਸੰਤੋਖਪੁਰਾ,
ਹੁਸ਼ਿਆਰਪੁਰ ਰੋਡ, ਜਲੰਧਰ-144008,
ਫ਼ੋਨ ਨੰ. 9872254990


## ਗੀਤ

ਬੂੰਦ-ਬੂੰਦ ਪਾਣੀ ਲਈ ਲੋਕੋ ਤਰਸਿਓ ਨਾ
ਭੁੱਲ ਕੇ ਵੀ ਕੁਦਰਤ ਨੂੰ ਕਮਲਿਓ ਪਰਖਿਓ ਨਾ

ਕੁਦਰਤ ਦੇ ਨਾਲ ਛੇੜ-ਛਾੜ ਇਹ ਚੰਗੀ ਨਹੀਂ
ਐਵੇਂ ਕਰਦਾ ਕੋਈ ਕਿਸੇ ਦੀ ਭੰਡੀ ਨਹੀਂ
ਮੱਲੋ-ਮੱਲੀ ਅੰਨ੍ਹੇ ਖੂਹ ਵਿਚ ਗਰਕਿਓ ਨਾ।
ਭੁੱਲ ਕੇ ਵੀ ਕੁਦਰਤ ਨੂੰ ਕਮਲਿਓ ਪਰਖਿਓ ਨਾ।

ਲੱਖਾਂ ਹੀ ਰੁੱਖ ਰੋਜ਼ ਦੇ ਕਤਲ ਕਰਾਉਂਦੇ ਓ
ਧਰਤੀ ਦੀ ਕੁੱਖ ਸੁੰਨੀ ਕਰਨੀ ਚਾਹੁੰਦੇ ਓ
ਪੁੱਠੇ ਸਿੱਧੇ ਹੋਰ ਹਥਿਆਰ ਕੋਈ ਵਰਤਿਓ ਨਾ।
ਭੁੱਲ ਕੇ ਵੀ ਕੁਦਰਤ ਨੂੰ ਕਮਲਿਓ ਪਰਖਿਓ ਨਾ।

ਲਾਲੀ ਘਟੀਆਂ ਸੋਚਾਂ ਦਿਲ 'ਚੋਂ ਕੱਢ ਦਿਓ
ਅੰਮ੍ਰਿਤ ਦੀ ਦੁਰ ਵਰਤੋਂ ਕਰਨੀ ਛੱਡ ਦਿਓ
ਨਹੀਂ ਤਾਂ ਬਿਨ ਪਾਣੀ ਦੇ ਮੁੜਕੇ ਤੜਫਿਓ ਨਾ
ਭੁੱਲ ਕੇ ਵੀ ਕੁਦਰਤ ਨੂੰ ਕਮਲਿਓ ਪਰਖਿਓ ਨਾ।




**ਲਾਲੀ ਕਰਤਾਰਪੁਰੀ**
186/10 ਮੰਡੀ ਮੁਹੱਲਾ,
ਪਿੰਡ ਕਰਤਾਰਪੁਰ, ਜ਼ਿਲ੍ਹਾ ਜਲੰਧਰ
ਮੋਬਾ : 98882-71066

# ਮਨੁੱਖੀ ਮਨ ਦੀਆਂ ਸੂਖ਼ਮ ਪਰਤਾਂ ਨੂੰ ਫਰੋਲਦਾ ਕਾਵਿ ਸੰਗ੍ਰਹਿ : ਸੁੰਦਰਤਾ ਦਾ ਲਿਬਾਸ


**ਡਾ. ਚਰਨਜੀਤ ਕੌਰ ਬਰਾੜ**
ਸੰਪਰਕ ਨੰ...9878447758

ਸੁੰਦਰਤਾ ਦਾ ਲਿਬਾਸ (ਕਾਵਿ ਸੰਗ੍ਰਹਿ)
ਲੇਖਕ : ਪਰੀਤ ਬਾਜਵਾ
ਪ੍ਰਕਾਸ਼ਕ:ਐਸ.ਐਲ.ਐਮ.ਪਬਲੀਸ਼ਰ, ਪਟਿਆਲਾ
ਮੁੱਲ:250 ਰੁਪਏ, ਸਫ਼ੇ:134

ਕਵਿਤਾ ਦਾ ਰਿਸ਼ਤਾ ਰੂਹ ਤੋਂ ਰੂਹ ਤੱਕ ਦਾ ਰਿਸ਼ਤਾ ਹੁੰਦਾ ਹੈ। ਇਹ ਰਿਸ਼ਤਾ ਕਵੀ ਦੀ ਰੂਹ ਤੋਂ ਹੁੰਦਾ ਹੋਇਆ ਧੁਰ ਪਾਠਕ ਦੀ ਰੂਹ ਤੱਕ ਪਹੁੰਚਦਾ ਹੈ। ਲੋਰੀ ਤੋਂ ਮਰਸੀਏ ਤੱਕ ਦਾ ਕਾਵਿ ਮਨੁੱਖੀ ਜੀਵਨ ਦੇ ਅੰਗ- ਸੰਗ ਤੁਰਦਾ ਹੈ। ਭਾਵੇਂ ਅੱਜ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਪਰ ਤੇਜ਼ਧਾਰ ਤਬਦੀਲੀਆਂ ਵਾਪਰ ਰਹੀਆਂ ਹਨ। ਸੂਚਨਾ ਤੰਤਰ ਦੇ ਯੁੱਗ ਵਿੱਚ ਪਦਾਰਥਕ ਬਹੁਲਤਾ ਦੇ ਨਾਲ- ਨਾਲ ਮਨੁੱਖੀ ਰਿਸ਼ਤੇ ਅਤੇ ਮਾਨਵਤਾ ਤਰੇੜੀ ਜਾ ਰਹੀ ਹੈ। ਧਰਮ, ਜਾਤ, ਰੰਗ ਤੇ ਖੇਤਰਵਾਦ ਦੇ ਭਾਰੂ ਬੋਲ-ਬਾਲੇ ਨੇ ਸਮੁੱਚੇ ਵਾਤਾਵਰਨ ਅੰਦਰ ਜ਼ਹਿਰ ਘੋਲ ਦਿੱਤਾ ਹੈ। ਜਿਸ ਵਿੱਚ ਮਨੁੱਖ ਗੁੰਮ-ਗਵਾਚ ਰਿਹਾ ਹੈ। ਅਜਿਹੇ ਵਾਤਾਵਰਨ ਵਿੱਚ ਕਵਿਤਾ ਨਿੱਘੀ ਅਤੇ ਅੰਮ੍ਰਿਤ ਦੀ ਬੂੰਦ ਹੋਰ ਨਿਬੜਦੀ ਹੈ। ਇਸ ਮਸ਼ੀਨੀ ਯੁੱਗ ਵਿੱਚ ਕਵਿਤਾ ਤੁਹਾਨੂੰ ਮੁੜ ਭਾਵੁਕ ਇਨਸਾਨ ਹੋਣ ਵੱਲ ਪ੍ਰੇਰਦੀ ਹੈ। ਕਾਵਿ ਨੂੰ ਧਰਤੀ ਜਾਂ ਅੰਬਰ ਦੀ ਲੋੜ ਨਹੀਂ ਹੁੰਦੀ ਉਹ ਤਾਂ ਇਨਸਾਨੀ ਸੋਚ ਵਿੱਚ ਪਤੰਗ ਬਣ ਉਡਦੀ ਹੈ, ਦਿਲਾਂ ਵਿੱਚ ਮਹਿਬੂਬ ਬਣ ਧੜਕਦੀ ਹੈ ਤੇ ਬੁੱਲਾਂ ਤੇ ਗੀਤ ਬਣ ਹੇਕ ਲਾਉਂਦੀ ਹੈ। ਆਦਿ ਕਾਲ ਤੋਂ ਹੁਣ ਤੱਕ ਜਾਤੀ ਜਾਂ ਲਿੰਗ ਦੇ ਭੇਦ ਭਾਵ ਬਿਨਾਂ ਕਵਿਤਾ ਨੇ ਹਰ ਦਿਲ ਵਿੱਚ ਆਪਣੀ ਥਾਂ ਬਣਾਈ ਹੈ। ਇਥੋਂ ਤੱਕ ਕਿ ਪੀਰਾਂ ਫਕੀਰਾਂ ਜਿਨ੍ਹਾਂ ਨੇ ਸਿਰਫ਼ ਰੱਬ ਨਾਲ ਹੀ ਲਿਵ ਲਾਈ ਰੱਖੀ ਹੈ ਉਨਾਂ ਨੇ ਵੀ ਕਾਵਿ ਮਾਧਿਅਮ ਰਾਹੀਂ ਆਪਣੇ ਰੱਬ ਨੂੰ ਧਿਆਇਆ ਹੈ। ਗ੍ਰੰਥ ਵੀ ਇਸ ਦੀ ਹਾਮੀ ਭਰਦੇ ਹਨ।ਕਵਿਤਾ ਸਿਰਫ਼ ਤੁਕਾਂ ਦਾ ਹੀ ਮੇਲ ਨਹੀਂ ਹੁੰਦੀ ਸਗੋਂ ਅਨੁਭਵ ਚਿੰਤਨ ਤੇ ਚੇਤਨਾ ਦਾ ਸਮੇਲ ਹੁੰਦੀ ਹੈ।

ਪ੍ਰੀਤ ਬਾਜਵਾ ਕੋਲ ਪੰਜਾਬੀ ਕਾਵਿ ਦਾ ਭਰਪੂਰ ਖਜ਼ਾਨਾ ਹੈ। ਗੀਤ, ਗਜ਼ਲ ਤੇ ਖੁੱਲੀ ਕਵਿਤਾ ਦੇ ਰੂਪ ਵਿੱਚ ਰਚੀ ਕਾਵਿ ਵਿਧੀ ਮੇਰੇ ਸਾਹਮਣੇ ਆਈ। ਵੱਖੋ-ਵੱਖਰੇ ਵਿਸ਼ਿਆਂ ਤੇ ਬਹੁ ਰੰਗੀ ਕਵਿਤਾ ਵੀ ਫੁੱਲਾਂ ਦੀ ਖੁਸ਼ਬੋ ਵਾਂਗ ਹੁੰਦੀ ਹੈ। ਜਿੰਨੀ ਤਰ੍ਹਾਂ ਦੇ ਫੁੱਲ ਉਨੀ ਤਰ੍ਹਾਂ ਦੀ ਹੀ ਖੁਸ਼ਬੂ ਜਿਵੇਂ ਹਰ ਮਨੁੱਖ ਨੂੰ ਵੱਖਰੀ ਖੁਸ਼ਬੂ ਪਸੰਦ ਹੁੰਦੀ ਹੈ ਉਸੇ ਤਰ੍ਹਾਂ ਹਰ ਮਨੁੱਖ ਦੀ ਪਸੰਦ ਕਵਿਤਾ ਬਾਰੇ ਵੀ ਵੱਖੋ ਵੱਖਰੀ ਪ੍ਰਕਾਰ ਦੀ ਹੁੰਦੀ ਹੈ। ਕਿਸੇ ਨੂੰ ਗ਼ਜ਼ਲ ਪਸੰਦ ਹੈ, ਕਿਸੇ ਨੂੰ ਗੀਤ, ਕਿਸੇ ਨੂੰ ਨਜ਼ਮ ਤੇ ਕਾਫੀ ਤੇ ਕਿਸੇ ਨੂੰ ਖੁੱਲ੍ਹੀ ਕਵਿਤਾ ਆਦਿ। ਫੁੱਲਾਂ ਦੀਆਂ ਕਿਸਮਾਂ ਵਾਂਗ ਕਵਿਤਾ ਦੇ ਵੀ ਕਈ ਰੂਪ ਹਨ ਤੇ ਖੁਸ਼ਬੂਆਂ ਵਾਂਗ ਵੱਖਰੇ ਗੁਣ ਹਨ। ਕਵਿਤਾ ਦੇ ਪਾਰਖੂ ਕੋਲ ਕਵਿਤਾ ਨੂੰ ਪਰਖਣ ਦੀ ਵਾਲੇ ਅੱਖ ਹੋਣੀ ਚਾਹੀਦੀ ਹੈ।

ਸੁੰਦਰਤਾ ਦਾ ਲਿਬਾਸ ਪ੍ਰੀਤ ਕਾਵਿ ਸੰਗ੍ਰਹਿ ਪ੍ਰੀਤ ਬਾਜਵਾ ਦਾ ਕਾਵਿ ਸੰਗ੍ਰਹਿ ਹੈ ਜੋ ਉਹਨਾਂ ਨੇ ਆਪਣੇ ਪੁਰਾਣੇ ਵਿਦਿਆਰਥੀ ਗੁਰਸ਼ਰਨ ਸਿੰਘ ਬੱਗਾ ਨੂੰ ਸਮਰਪਿਤ ਕੀਤਾ ਹੈ। ਇਸ ਕਾਵਿ -ਸੰਗ੍ਰਹਿ ਵਿੱਚ 62 ਗੀਤ ਤੇ ਕਵਿਤਾਵਾਂ ਵੱਖ ਵੱਖ ਵਿਸ਼ਿਆਂ ਦੀਆਂ ਹਨ। ਇਸ ਪੁਸਤਕ ਤੋਂ ਪਹਿਲਾਂ ਅੰਗਰੇਜ਼ੀ, ਪੰਜਾਬੀ, ਹਿੰਦੀ 134 ਦੇ ਕਰੀਬ ਹੋਰ ਪੁਸਤਕਾਂ ਲੇਖਕ ਪਾਠਕਾਂ ਦੀ ਝੋਲੀ ਵਿੱਚ ਪਾ ਚੁੱਕਾ ਹੈ। ਕਵਿਤਾ ਲਿਖਣ ਦੇ ਨਾਲ ਦੇ ਨਾਲ ਜਿਆਦਾ ਕਵਿਤਾਵਾਂ ਦੇ ਆਖਰ ਵਿੱਚ ਲੇਖਕ ਨੇ ਆਪਣੇ



ਅੰਦਰਲੀ ਹੂਕ ਬਿਆਨ ਕਰਕੇ ਬਹੁਤ ਕੁਝ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਨੂੰ ਪੜ ਕੇ ਬਹੁਤ ਕੁਝ ਅਹਿਸਾਸ ਹੁੰਦਾ ਹੈ ਅਤੇ ਸਾਡਾ ਅੰਦਰਲਾ ਵਿਚਾਰ ਵੀ ਹਲੂਣਿਆ ਜਾਂਦਾ ਹੈ। ਲੇਖਕ ਸੰਵੇਦਨਸ਼ੀਲ ਅਤੇ ਚਿੰਤਨਸ਼ੀਲ ਦੇ ਨਾਲ ਨਾਲ ਲੰਬੀ ਉਡਾਰੀ ਦਾ ਵੀ ਮਾਲਕ ਹੈ ਅਤੇ ਹਰ ਗੱਲ ਨੂੰ ਆਪਣੇ ਨਿੱਜੀ ਤਜ਼ਰਬੇ ਦੇ ਆਧਾਰੋਂ ਉੱਤੇ ਬਿਆਨ ਕਰਕੇ ਕਮਾਲ ਕੀਤੀ ਹੈ। ਹਰ ਕਵਿਤਾ ਵਿੱਚ ਕੁਝ ਨਾ ਕੁਝ ਛੁਪਿਆ ਹੋਇਆ ਹੈ।

ਜੋ ਭਾਸ਼ਾ ਲੇਖਕ ਨੇ ਆਪਣੀ ਰਚਨਾ ਵਿੱਚ ਵਰਤੀ ਹੈ। ਉਹ ਬਹੁਤ ਸਧਾਰਨ ਤੇ ਸਪਸ਼ਟ ਹੈ। ਲੇਖਕ ਦੀਆਂ ਕਵਿਤਾਵਾਂ ਪੜ੍ਹ ਕੇ ਜਾਪਦਾ ਹੈ ਕਿ ਉਹ ਆਪਣੇ ਸੱਭਿਆਚਾਰ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਇਸ ਨੇ ਕਵਿਤਾਵਾਂ ਵਿੱਚ ਤੋੜਨ ਦੀ ਨਹੀਂ ਬਲਕਿ ਜੋੜਨ ਦੀ ਗੱਲ ਆਪਣੇ ਹੀ ਵਧੀਆ ਅੰਦਾਜ਼ ਵਿੱਚ ਕੀਤੀ ਹੈ। ਜਿਸ ਦੀ ਸਲਾਘਾ ਕਰਨੀ ਬਣਦੀ ਹੈ। ਲੇਖਕ ਦੀ ਸੋਚ ਇੱਕ ਪਾਸੇ ਨਹੀਂ ਖੜਦੀ ਬਲਕਿ ਉਡਾਰੀਆਂ ਲਾਉਂਦੀ ਹੋਈ ਜੀਵਨ ਦੇ ਨਾਲ ਸੰਬੰਧਿਤ ਗੱਲਾਂ ਦੇ ਪ੍ਰਤੀ ਵਿਅਕਤੀ ਨੂੰ ਹਲੂਣ ਕੇ ਚੇਤਾ ਕਰਵਾਉਂਦੀ ਹੈ। ਪੁਸਤਕ ਵਿਚਲਿਆਂ ਕਵਿਤਾਵਾਂ ਬਹੁਤ ਵਧੀਆਂ ਹਨ।

ਪ੍ਰੀਤ ਬਾਜਵਾ ਨੇ ਵਚਨਾਂ ਤੇ ਕੌਲਾਂ ਆਪਣੀਆਂ ਕਵਿਤਾਵਾਂ ਵਿਚ ਅਹਿਦ ਨਿਭਾਇਆ ਹੈ ਇਹਨਾਂ ਦੀਆਂ ਕਵਿਤਾਵਾਂ ਸਰਲਤਾ ਅਤੇ ਸਾਦਗੀ ਨੂੰ ਬਿਆਨ ਕਰਦੀਆਂ ਹਨ। ਕਵਿਤਾ ਬਹੁਤ ਹੀ ਨਿਮਰ ਭਾਵ ਦਾ ਪ੍ਰਗਟਾਵਾ ਕਰਦੀਆਂ ਹਨ।ਹੇਠਲੀਆਂ ਸਤਰਾਂ ਇਸ ਬਿਆਨ ਨੂੰ ਤਸਦੀਕ ਕਰਦੀਆਂ ਹਨ:

ਮੈਂ ਕਦੋਂ ਕਿਹਾ
ਮੇਰਾ ਹੱਥ ਫੜ ਕੇ ਚੱਲਣ ਨੂੰ
ਮੈਂ ਤਾਂ ਇੰਨਾ ਹੀ ਕਿਹਾ ਸੀ
ਹੱਥ ਫੜ ਕੇ ਚੱਲਣ ਨਾਲ
ਜ਼ਿੰਦਗੀ ਦੇ ਪੰਧ ਦੀ ਵਾਟ
ਲੰਮੇਰੀ ਨਹੀਂ ਜਾਪਦੀ।

ਮਾਂ ਦੀ ਮਮਤਾ ਅਤੇ ਰੱਬ ਨਾਲ ਜੁੜੀਆਂ ਅਨੇਕਾਂ ਕਵਿਤਾਵਾਂ ਇਸ ਕਾਵਿ ਸੰਗ੍ਰਹਿ ਵਿੱਚ ਦਰਜ ਹਨ।

'ਖ਼ੁਦ ਦਾ ਦਰਦ' ਨਾਂ ਦੀ ਕਵਿਤਾ ਵਿੱਚੋਂ ਉਸ ਨੂੰ ਰੱਬ ਦੇ ਦਰਸ਼ਨ ਹੁੰਦੇ ਹਨ:

ਰੱਬ ਦੀ ਮਿਹਰ ਹੋਵੇ ਤਾਂ ਵਾਲ ਵਿੰਗਾ ਨਹੀਂ ਹੁੰਦਾ,
ਜ਼ਿੰਦਗੀ ਵਿੱਚ ਭਾਵੇਂ ਲੱਖ ਝੱਖੜ ਝੁੱਲ ਹੀ ਜਾਂਦੇ ਨੇ।

ਪ੍ਰੀਤ ਬਾਜਵਾ ਹਰ ਤਰ੍ਹਾਂ ਦੇ ਹਿਰਦੇ ਦੇ ਵੇਗਾਂ ਦੀ ਰਚਨਾ ਕਰਦਾ ਹੈ। ਉਹ ਆਪ ਬੀਤੀ ਦੇ ਨਾਲ ਨਾਲ ਜੱਗ ਬੀਤੀਆਂ ਨੂੰ ਵੀ ਪਾਠਕਾਂ ਦੇ ਸਨਮੁੱਖ ਪ੍ਰਸਤੁਤ ਕਰਦਾ ਹੈ। ਉਹ ਰਿਸ਼ਤੇ ਬਣਾਉਣ ਅਤੇ ਨਿਭਾਉਣ ਦੀ ਕਲਾ ਭਲੀ ਭਾਂਤੀ ਜਾਣਦਾ ਹੈ। ਆਪਣੀ ਕਵਿਤਾ' ਕਮਰੇ ਦੀ ਬਾਰੀ 'ਵਿੱਚ ਲਿਖਦਾ ਹੈ :

ਹਰੇਕ ਇਨਸਾਨ ਨੂੰ

ਇੱਕ ਅਜਿਹਾ ਹੀ ਰਿਸ਼ਤਾ ਚਾਹੀਦਾ ਹੁੰਦਾ ਬਿਲਕੁਲ ਕਿਸੇ ਕਮਰੇ ਦੀ 'ਬਾਰੀ' ਵਰਗਾ ਜਿਸ ਕੋਲ ਉਹ ਆਪਣਾ ਮਨ ਖੋਲ ਸਕੇ ਮਨ ਦੀਆਂ ਵੇਦਨਾਵਾਂ ਸਾਂਝੀਆਂ ਕਰ ਸਕੇ ਦੁੱਖੜੇ ਰੋ ਸਕੇ

ਦਿਲ ਦਾ ਭਾਰ ਹੌਲਾ ਕਰ ਸਕੇ

ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ ਨੇ ਮਾਨਵੀਂ ਰਿਸ਼ਤਿਆਂ ਦੀ ਬਲੀ ਲੈ ਲਈ ਹੈ ਅਤੇ ਉਸਦੀ ਥਾਵੇਂ ਉਹ ਰਿਸ਼ਤੇ ਪ੍ਰਚੱਲਤ ਕਰ ਦਿੱਤੇ ਹਨ ਜਿਨਾਂ ਦੀ ਨਕਲੀ ਫੁੱਲਾਂ ਵਾਂਗ ਕੋਈ ਵਜੂਦ ਜਾਂ ਕੋਈ ਖੁਸ਼ਬੂ ਨਹੀਂ ਹੁੰਦੀ।ਉਹ ਲਿਖਦੇ ਹਨ :

ਸੋਸ਼ਲ ਮੀਡੀਆ ਨੇ
ਮਨੁੱਖ ਨੂੰ ਖ਼ੁਦਗਰਜ਼
ਸਵੈ ਕੇਂਦਰਿਤ
ਮਾਨਸਿਕ ਰੋਗੀ ਬਣਾ ਦਿੱਤਾ ਹੈ।

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਪਿਆਰ ਅਤੇ ਵਿਸ਼ਵਾਸ ਹਰ ਇੱਕ ਨਾਲ ਨਹੀਂ ਹੋ ਸਕਦਾ ਇਹ ਅਸੀਂ ਭਲੀ ਭਾਂਤੀ ਜਾਣਦੇ ਹਾਂ। ਕਵੀ ਆਪਣੀ ਕਵਿਤਾ 'ਵਿਸ਼ਵਾਸ਼ ਦਾ ਬੂਟਾ' ਵਿੱਚ ਵਿਸ਼ਵਾਸ ਦੀ ਤੁਲਨਾ ਇਕ ਪੌਦੇ ਨਾਲ ਕਰਦਾ ਹੈ ਜਿਵੇਂ ਹਰ ਇੱਕ ਪੌਦੇ ਲਈ ਹਰੇਕ ਮਿੱਟੀ ਸਹੀ ਨਹੀਂ ਹੁੰਦੀ ਉਸੇ ਤਰ੍ਹਾਂ ਹਰ ਇਨਸਾਨ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ :

ਆਪਣਾ ਵਿਸ਼ਵਾਸ ਦਾ ਬੂਟਾ
ਲਾਉਣ ਤੋਂ ਪਹਿਲਾਂ
ਮਿੱਟੀ ਦੀ ਪਰਖ ਕਰ ਲੈਣੀ ਚਾਹੀਦੀ ਆ
ਕਿਉਂਕਿ ਹਰੇਕ ਮਿੱਟੀ
ਵਿਸ਼ਵਾਸ ਦੇ ਬੂਟੇ ਨੂੰ
ਬੀਜਣ ਯੋਗ ਨਹੀਂ ਹੁੰਦੀ

ਬਾਜਵਾ ਆਪਣੀਆਂ ਕਵਿਤਾਵਾਂ ਵਿੱਚ ਬੀਤੇ ਕੱਲ ਤੇ ਅੱਜ ਦੀ ਗੱਲ ਕਰਦਾ ਹੈ। ਮੌਜੂਦਾ ਹਾਲਾਤ ਬਿਆਨਦਾ ਹੈ ਅਤੇ ਸੱਚ ਤੋਂ ਪਰਦਾ ਲਾਉਂਦਾ ਹੈ।ਸਮੁੱਚੇ ਤੌਰ ਤੇ ਜੇਕਰ ਵਿਚਾਰਿਆ ਜਾਵੇ ਪੁਸਤਕ ਵਿਚਲਿਆਂ ਕਵਿਤਾਵਾਂ,ਗੀਤਾਂ ਨੂੰ ਪੜ੍ਹ ਕੇ ਇਹਨਾਂ ਵਿੱਚੋਂ ਬਹੁਤ ਕੁਝ ਲੱਭਿਆ ਜਾ ਸਕਦਾ ਹੈ ਪਰੰਤੂ ਜੇਕਰ ਪਾਰਖੂ ਅੱਖ ਹੋਵੇ।

# ਆਓ ਜ਼ਿੰਦਗੀ ਨੂੰ ਖੁਸ਼ੀ ਨਾਲ ਜਿਉਣ ਦੀ ਕਲਾ ਸਿੱਖੀਏ !

**ਲਿਖਤ: ਜ਼ਫ਼ਰ ਇਕਬਾਲ ਜ਼ਫ਼ਰ**



ਮੈਨੂੰ ਦੌਲਤ ਕਮਾਉਣ ਦੀ ਇੱਛਾ ਨਹੀਂ ਹੈ ਪਰ ਮੈਨੂੰ ਜ਼ਿੰਦਗੀ ਦਾ ਆਨੰਦ ਲੈਣ ਦੀ ਇੱਛਾ ਜ਼ਰੂਰ ਹੈ। ਜੇਕਰ ਤੁਸੀਂ ਜਿਊਣ ਦੀ ਕਲਾ ਤੋਂ ਜਾਣੂ ਨਹੀਂ ਹੋ, ਤਾਂ ਤੁਸੀਂ ਜ਼ਿੰਦਗੀ ਨਹੀਂ ਜੀ ਰਹੇ ਹੋ, ਸਗੋਂ ਜ਼ਿੰਦਗੀ ਤੁਹਾਨੂੰ ਜੀ ਰਹੀ ਹੈ। ਹਾਲਾਤਾਂ ਦੇ ਸਾਹਮਣੇ ਬੇਵੱਸ ਹੋਣ ਦੀ ਬਜਾਏ, ਇਸਨੂੰ ਆਪਣੀ ਪਕੜ ਵਿੱਚ ਰੱਖਣ ਦੀ ਕਲਾ ਨੂੰ ਅਪਣਾਓ। ਇੱਕ ਉਦਾਹਰਣ ਬਣ ਕੇ ਇਤਿਹਾਸ ਬਣਾਓ, ਇੱਕ ਸਬਕ ਨਹੀਂ। ਸਿਰਫ਼ ਸਿਹਤਮੰਦ ਨਸਾਂ ਦਾ ਯੁੱਗ ਹੀ ਤੁਹਾਡੀ ਵਿੱਤੀ ਤਰੱਕੀ ਨੂੰ ਹਕੀਕਤ ਬਣਾਉਂਦਾ ਹੈ ਕਿਉਂਕਿ ਪਰਮਾਤਮਾ ਤੁਹਾਡੇ ਪਾਪਾਂ ਨੂੰ ਮਾਫ਼ ਕਰ ਸਕਦਾ ਹੈ, ਪਰ ਤੁਹਾਡਾ ਦਿਮਾਗੀ ਪ੍ਰਣਾਲੀ ਤੁਹਾਨੂੰ ਕਦੇ ਵੀ ਦੁਰਵਰਤੋਂ ਲਈ ਮਾਫ਼ ਨਹੀਂ ਕਰਦਾ। ਇਸ ਲਈ, ਆਪਣੀਆਂ ਨਸਾਂ ਨੂੰ ਨੁਕਸਾਨਦੇਹ ਸਿਹਤ ਵਰਤੋਂ ਤੋਂ ਬਚਾਓ ਅਤੇ ਉਨ੍ਹਾਂ ਨੂੰ ਸ਼ਾਂਤ ਕਰਨ ਵਾਲੇ ਉਪਾਵਾਂ ਵਿੱਚ ਨਿਵੇਸ਼ ਕਰੋ ਤਾਂ ਜੋ ਜਦੋਂ ਤੁਸੀਂ ਘਬਰਾਹਟ ਦੀ ਕਮਜ਼ੋਰੀ ਤੋਂ ਪੀੜਤ ਹੋ, ਤਾਂ ਤੁਹਾਡੀ ਸਹੀ ਰਣਨੀਤੀ ਤੁਹਾਡੇ ਲਈ ਕਮਾਈ ਕਰਦੀ ਰਹੇ।

ਇਹ ਦੁਨੀਆ ਇੱਕ ਸਫਲ ਵਿਅਕਤੀ ਵਿੱਚ ਵਿਸ਼ਵਾਸ ਕਰਦੀ ਹੈ ਜਿਸ ਵਿੱਚ ਦੌਲਤ ਅਤੇ ਵਪਾਰਕ ਨਿਵੇਸ਼ ਇੱਕੋ ਇੱਕ ਸਾਧਨ ਹੈ ਜੋ, ਜੇਕਰ ਸਹੀ ਦਿਸ਼ਾ ਵਿੱਚ ਕੀਤਾ ਜਾਵੇ, ਤਾਂ ਪੀੜ੍ਹੀਆਂ ਦੇ ਨਾਲ-ਨਾਲ ਸਮਾਜ ਦੇ ਮਜ਼ਦੂਰ ਵਰਗ ਨੂੰ ਪੋਸ਼ਣ ਦਿੰਦਾ ਹੈ। ਵਿਕਸਤ ਦੇਸ਼ ਆਪਣੇ ਲੋਕਾਂ ਨੂੰ ਆਰਥਿਕ ਵਿਕਾਸ ਲਈ ਸਰੋਤ ਪ੍ਰਦਾਨ ਕਰਦੇ ਹਨ ਅਤੇ ਸਿਖਲਾਈ ਲਈ ਅਜਿਹੇ ਪਲੇਟਫਾਰਮ ਪ੍ਰਦਾਨ ਕਰਦੇ ਹਨ ਜੋ ਝਿਜਕ ਅਤੇ ਅਵਿਸ਼ਵਾਸ ਦੀ ਬਜਾਏ ਲੋਕਾਂ ਵਿੱਚ ਹਿੰਮਤ ਅਤੇ ਆਤਮ-ਵਿਸ਼ਵਾਸ ਪੈਦਾ ਕਰਦੇ ਹਨ।

ਲੋਕਾਂ ਨੂੰ ਬੌਧਿਕ ਗੁਲਾਮ ਬਣਾਉਣ ਦੀ ਬਜਾਏ, ਕੁਦਰਤ ਦੁਆਰਾ ਉਨ੍ਹਾਂ ਦੇ ਅੰਦਰ ਰੱਖੇ ਗਏ ਲੀਡਰਸ਼ਿਪ ਗੁਣਾਂ ਨੂੰ ਬਾਹਰ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਨੂੰ ਬੋਲਣ ਦੀ ਕਲਾ ਨਾਲ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ, ਅਤੇ ਜੋ ਲੋਕ ਆਪਣੇ ਦਿਮਾਗ ਅਤੇ ਭਾਸ਼ਾ ਨੂੰ ਸਹੀ ਢੰਗ ਨਾਲ ਵਰਤਦੇ ਹਨ, ਉਨ੍ਹਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਲੀਡਰਸ਼ਿਪ ਉਨ੍ਹਾਂ ਲੋਕਾਂ ਦੇ ਪੈਰ ਚੁੰਮਦੀ ਹੈ ਜੋ ਆਪਣੇ ਉਪਯੋਗੀ ਵਿਚਾਰਾਂ ਨੂੰ ਨਿਡਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨਾ ਜਾਣਦੇ ਹਨ।

ਜੇ ਕੱਲ੍ਹ ਅਤੇ ਕੱਲ੍ਹ ਦਾ ਸਾਂਝਾ ਬੋਝ ਚੁੱਕਿਆ ਜਾਵੇ, ਤਾਂ ਅੱਜ ਸਭ ਤੋਂ ਤਾਕਤਵਰ ਵਿਅਕਤੀ ਵੀ ਬਰਬਾਦ ਹੋ ਜਾਵੇਗਾ। ਆਪਣੇ ਅਤੀਤ ਵਾਂਗ, ਤੁਹਾਡਾ ਆਪਣੇ ਭਵਿੱਖ 'ਤੇ ਕੋਈ ਕੰਟਰੋਲ ਨਹੀਂ ਹੈ। ਅੱਜ ਜੋ ਤੁਹਾਡੇ ਕੋਲ ਹੈ ਉਸਦਾ ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰੋ। ਜੀਵਨ ਦਾ ਉਦੇਸ਼ ਦੂਰ-ਦੁਰਾਡੇ ਦ੍ਰਿਸ਼ਾਂ ਵਿੱਚ ਦੇਖਣਾ ਨਹੀਂ ਹੈ, ਸਗੋਂ ਜੋ ਤੁਹਾਡੇ ਸਾਹਮਣੇ ਹੈ ਉਸਨੂੰ ਪੂਰਾ ਕਰਨਾ ਹੈ। ਅਤੀਤ ਵਾਂਗ, ਭਵਿੱਖ ਨੂੰ ਕੱਸ ਕੇ ਬੰਦ ਕਰੋ। ਭਵਿੱਖ ਬਾਰੇ ਚਿੰਤਤ ਵਿਅਕਤੀ ਮਾਨਸਿਕ ਤਾਕਤ ਨੂੰ ਬਰਬਾਦ ਕਰ ਰਿਹਾ ਹੈ। ਘਬਰਾਹਟ ਦੀਆਂ ਸਮੱਸਿਆਵਾਂ ਉਸ ਦੇ ਰਾਹ ਵਿੱਚ ਰੁਕਾਵਟਾਂ ਬਣ ਕੇ ਖੜ੍ਹੀਆਂ ਹਨ। ਸਾਡੇ ਇੱਕ ਪਾਸੇ ਅਨੰਤ ਅਤੀਤ ਹੈ ਜੋ ਅਨੰਤ ਕਾਲ ਤੋਂ ਚੱਲ ਰਿਹਾ ਹੈ, ਅਤੇ ਦੂਜੇ ਪਾਸੇ ਭਵਿੱਖ ਹੈ ਜੋ ਹਮੇਸ਼ਾ ਲਈ ਜਾਰੀ ਰਹੇਗਾ। ਫਿਰ ਸਾਨੂੰ ਆਪਣੇ ਅੱਜ ਵਿੱਚ ਰਹਿਣ ਨਾਲ ਸੰਤੁਸ਼ਟ ਕਿਉਂ ਨਹੀਂ ਹੋਣਾ ਚਾਹੀਦਾ? ਉਨ੍ਹਾਂ ਮਨਾਂ ਲਈ ਪ੍ਰਬੰਧ ਕਰੋ ਜੋ ਖੁਦਕੁਸ਼ੀ ਬਾਰੇ ਸੋਚ ਰਹੇ ਹਨ ਕਿ ਉਹ ਜੀਵਨ ਦੇਣ ਵਾਲੇ ਮਾਹੌਲ ਵਿੱਚ ਡੂੰਘੇ ਸਾਹ ਲੈਣ। ਇਕੱਲਤਾ ਅਤੇ ਵਾਂਝੇਪਣ ਦੇ ਕੈਦੀ ਨੂੰ ਇਮਾਨਦਾਰ ਸਹਾਇਤਾ ਅਤੇ ਸਾਧਨ ਪ੍ਰਦਾਨ ਕਰੋ। ਵਾਧੂ ਅਤੇ ਨੁਕਸਾਨ ਤੋਂ ਪ੍ਰਭਾਵਿਤ ਵਿਅਕਤੀ ਨੂੰ ਇਸ ਗੱਲੋਂ ਬੇਪਰਵਾਹ ਬਣਾਓ ਕਿ ਜ਼ਿੰਦਗੀ ਕਿਸੇ ਨੂੰ ਕੁਝ ਨਹੀਂ ਦਿੰਦੀ। ਆਪਣੀਆਂ ਕੋਸ਼ਿਸ਼ਾਂ ਅਤੇ ਮਿਹਨਤਾਂ ਆਪਣੀ ਜ਼ਿੰਦਗੀ ਵਿੱਚ ਰੰਗ ਭਰਦੀਆਂ ਹਨ। ਮਨੁੱਖੀ ਸੁਭਾਅ ਨੂੰ ਬਦਲੋ ਜੋ ਜ਼ਿੰਦਗੀ ਦੇ ਅਨੰਦ ਨੂੰ ਮੁਲਤਵੀ ਕਰ ਦਿੰਦਾ ਹੈ। ਮਨ ਨੂੰ ਮਰੇ ਹੋਏ ਸਿਰੇ ਵਾਂਗ ਆਪਣੇ ਮੋਢੇ 'ਤੇ ਬਿਠਾਉਣ ਵਾਲੇ ਵਿਚਾਰਾਂ ਨੂੰ ਆਪਣੇ ਇੱਕਲੇ ਮੋਢੇ 'ਤੇ ਚੁੱਕੋ ਅਤੇ ਇਸਨੂੰ ਚਾਰ ਕਬਰਾਂ ਜਿੰਨੇ ਡੂੰਘੇ ਟੋਏ ਵਿੱਚ ਦੱਬ ਦਿਓ। ਉਨ੍ਹਾਂ ਵਿਚਾਰਾਂ ਦੇ ਵਾਇਰਸ ਕਾਰਨ, ਸਾਰੇ ਸਰੀਰ ਵਿੱਚ ਨਿਰਾਸ਼ਾ ਦੇ ਛੋਟੇ-ਛੋਟੇ ਫੋੜੇ ਦਿਖਾਈ ਦਿੰਦੇ ਹਨ, ਜੋ ਤੁਹਾਨੂੰ ਉਮੀਦ ਦੇ ਬਿਸਤਰੇ 'ਤੇ ਲੇਟਦੇ ਹੀ ਬੇਵੱਸੀ ਦੇ ਦਰਦ ਤੋਂ ਪੀੜਤ ਕਰਦੇ ਸਨ।

ਕਈ ਵਾਰ ਮੁਸੀਬਤ ਵਿੱਚ ਘਿਰੇ ਵਿਅਕਤੀ ਦੀ ਉਦਾਸੀਨਤਾ ਇੱਕ ਇਲਾਜ ਹੋ ਸਕਦੀ ਹੈ। ਮਨੁੱਖੀ ਪ੍ਰੇਰਣਾ ਵਿੱਚ ਬਹੁਤ ਸ਼ਕਤੀ ਹੁੰਦੀ ਹੈ, ਪਰ ਕਈ ਵਾਰ ਜ਼ਾਲਮ ਹਾਲਾਤ ਵੀ ਵਿਅਕਤੀ ਨੂੰ ਜੀਵਨ ਦੇ ਰਾਹ 'ਤੇ ਪਾ ਸਕਦੇ ਹਨ। ਇੱਕ ਵਿਅਕਤੀ ਨੂੰ ਵਿੱਤੀ ਨੁਕਸਾਨ ਦੁਆਰਾ ਗਰੀਬੀ ਦੇ ਮੌਤ ਦੇ

ਬਿਸਤਰੇ 'ਤੇ ਪਾ ਦਿੱਤਾ ਗਿਆ ਸੀ। ਸਰੀਰ ਤੋਂ ਸਿਹਤ ਦਾ ਵਿਛੋੜਾ ਦਿਨੋ-ਦਿਨ ਤੇਜ਼ ਹੋ ਰਿਹਾ ਸੀ। ਡਾਕਟਰ ਨੇ ਆਪਣੇ ਆਪ ਨੂੰ ਮਾਫ਼ ਕਰ ਦਿੱਤਾ ਅਤੇ ਸੰਕੇਤ ਦਿੱਤਾ ਕਿ ਜ਼ਿੰਦਗੀ ਕੁਝ ਦਿਨਾਂ ਲਈ ਮਹਿਮਾਨ ਹੋਵੇਗੀ। ਹੁਣ ਮੌਤ ਦੀ ਉਡੀਕ ਕਰ ਰਿਹਾ ਇਹ ਵਿਅਕਤੀ ਸੋਚਦਾ ਹੈ ਕਿ ਸੰਘਰਸ਼ ਜਾਂ ਚਿੰਤਾ ਵਿੱਚ ਰਹਿਣ ਦਾ ਕੋਈ ਫਾਇਦਾ ਨਹੀਂ ਹੈ। ਉਸਨੇ ਚਿੰਤਾ ਕਰਨ ਤੋਂ ਪਰਹੇਜ਼ ਕੀਤਾ, ਆਪਣੇ ਸਰੀਰ ਨੂੰ ਆਰਾਮ ਦਿੱਤਾ ਅਤੇ ਸੌਂ ਗਿਆ। ਉਸਦੀ ਆਤਮਾ ਥੱਕ ਗਈ, ਥਕਾਵਟ ਘੱਟਣ ਲੱਗੀ, ਭੁੱਖ ਵਾਪਸ ਆ ਗਈ ਅਤੇ ਤਾਕਤ ਵਧਣ ਲੱਗੀ। ਕੁਝ ਹਫ਼ਤਿਆਂ ਬਾਅਦ, ਉਸਨੇ ਬੈਸਾਖੀਆਂ ਦੀ ਮਦਦ ਨਾਲ ਤੁਰਨਾ ਸ਼ੁਰੂ ਕਰ ਦਿੱਤਾ ਅਤੇ ਕੁਝ ਮਹੀਨਿਆਂ ਵਿੱਚ, ਉਸਦੀ ਸਰੀਰਕ ਤਾਕਤ ਨੇ ਸਖ਼ਤ ਮਿਹਨਤ ਦੇ ਹਥਿਆਰਾਂ ਨਾਲ ਸਰੋਤਾਂ ਦੇ ਪਹਾੜ ਤੋੜ ਕੇ ਆਪਣੀ ਪੁਰਾਣੀ ਸ਼ਾਨ ਨੂੰ ਬਹਾਲ ਕਰ ਦਿੱਤਾ। ਆਪਣੀ ਚੇਤਨਾ ਦੀ ਅਗਵਾਈ ਹੇਠ, ਇਸ ਵਿਅਕਤੀ ਨੇ ਵਿਕਾਸ ਦੇ ਯਾਦਗਾਰੀ ਪੜਾਵਾਂ ਨੂੰ ਪਾਰ ਕਰਕੇ ਇਤਿਹਾਸ ਰਚਿਆ। ਸਭ ਤੋਂ ਵੱਡੇ ਨੁਕਸਾਨ ਦੀ ਕੀਮਤ ਇਹ ਨਹੀਂ ਹੈ ਕਿ ਉਹ ਤੁਹਾਡੀ ਜ਼ਿੰਦਗੀ ਨੂੰ ਨਿਗਲ ਲੈਣ। ਸਫਲਤਾ ਵਾਂਗ, ਨੁਕਸਾਨ ਲਈ ਮਾਨਸਿਕ ਤੌਰ 'ਤੇ ਤਿਆਰ ਰਹੋ ਤਾਂ ਜੋ ਤੁਸੀਂ ਚੁੱਪਚਾਪ ਸਭ ਤੋਂ ਮਾੜੇ ਦਾ ਸਾਹਮਣਾ ਕਰ ਸਕੋ। ਆਪਣਾ ਸਮਾਂ, ਊਰਜਾ ਅਤੇ ਤਾਕਤ ਇਸਦਾ ਸਭ ਤੋਂ ਵਧੀਆ ਬਣਾਉਣ ਵਿੱਚ ਲਗਾ ਕੇ, ਤੁਸੀਂ ਸਥਿਤੀ ਨੂੰ ਬਦਲ ਸਕਦੇ ਹੋ। ਜੇਕਰ ਤੁਸੀਂ ਚਿੰਤਾਵਾਂ ਅਤੇ ਚਿੰਤਾਵਾਂ ਵਿੱਚ ਰੁੱਝੇ ਰਹਿੰਦੇ ਹੋ, ਤਾਂ ਤੁਸੀਂ ਕਦੇ ਵੀ ਅਸਫਲਤਾ ਨੂੰ ਉਲਟਾ ਨਹੀਂ ਸਕਦੇ। ਚਮਤਕਾਰ ਕਿਸੇ ਪਰੇਸ਼ਾਨ ਵਿਅਕਤੀ ਲਈ ਉੱਪਰੋਂ ਨਹੀਂ ਹੁੰਦੇ, ਪਰ ਚਮਤਕਾਰ ਅੰਦਰੋਂ ਫੁੱਟਦੇ ਹਨ। ਇਹ ਸੱਚ ਹੈ ਕਿ ਚਿੰਤਾ ਦੇ ਸਮੇਂ, ਅਸੀਂ ਆਪਣੇ ਮਨਾਂ ਨੂੰ ਕੇਂਦਰਿਤ ਨਹੀਂ ਰੱਖ ਸਕਦੇ। ਸਾਡਾ ਮਨ ਇੱਥੇ ਅਤੇ ਉੱਥੇ ਠੋਕਰ ਖਾਂਦਾ ਹੈ। ਅਸੀਂ ਇੱਕ ਬਿਹਤਰ ਫੈਸਲੇ 'ਤੇ ਪਹੁੰਚਣ ਦੀ ਸ਼ਕਤੀ ਗੁਆ ਦਿੰਦੇ ਹਾਂ। ਹਾਲਾਂਕਿ, ਪਹਿਲਾਂ ਤੋਂ ਕੀਤੀ ਗਈ ਮਾਨਸਿਕ ਤਿਆਰੀ ਨਾ ਸਿਰਫ਼ ਮਨ ਨੂੰ ਤਬਾਹ ਕਰਨ ਵਾਲੇ ਹਾਦਸਿਆਂ ਦੇ ਪ੍ਰਭਾਵਾਂ ਨੂੰ ਘਟਾਉਂਦੀ ਹੈ, ਸਗੋਂ ਤੁਹਾਡਾ ਧਿਆਨ ਮਾਮਲੇ 'ਤੇ ਵੀ ਕੇਂਦ੍ਰਿਤ ਕਰਦੀ ਹੈ ਅਤੇ ਇਸਨੂੰ ਹੱਲ ਵੱਲ ਲੈ ਜਾਂਦੀ ਹੈ। ਜੋ ਹੋਇਆ ਹੈ ਉਸ ਨਾਲ ਸੰਤੁਸ਼ਟ ਰਹੋ, ਕਿਉਂਕਿ ਬਦਕਿਸਮਤੀ ਦਾ ਸਾਹਮਣਾ ਕਰਨ ਦਾ ਪਹਿਲਾ ਕਾਰਨ ਮਾੜੇ ਨਤੀਜਿਆਂ 'ਤੇ ਅਧਾਰਤ ਸਥਿਤੀਆਂ ਨੂੰ ਸਵੀਕਾਰ ਕਰਨਾ ਅਤੇ ਇਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਅਤੇ ਰਣਨੀਤੀ ਨੂੰ ਛੱਡਣਾ ਹੈ। ਜੇਕਰ ਸਫਲਤਾ ਨੇ ਤੁਹਾਨੂੰ ਇਨਕਾਰ ਕਰ ਦਿੱਤਾ ਹੈ, ਤਾਂ ਤੁਹਾਡੇ ਕੋਲ ਅਸਫਲਤਾ ਨੂੰ ਇਨਕਾਰ ਕਰਨ ਲਈ ਕਾਫ਼ੀ ਇੱਛਾ ਸ਼ਕਤੀ ਵੀ ਹੋਣੀ ਚਾਹੀਦੀ ਹੈ। ਮਨ ਦੀ ਸੱਚੀ ਸ਼ਾਂਤੀ ਸਭ ਤੋਂ ਮਾੜੇ ਨੂੰ ਸਵੀਕਾਰ ਕਰਨ ਨਾਲ ਆਉਂਦੀ ਹੈ। ਮਨੋਵਿਗਿਆਨਕ ਤੌਰ 'ਤੇ, ਇਸਦਾ ਅਰਥ ਹੈ ਦਰਦਨਾਕ ਊਰਜਾ ਦੀ ਰਿਹਾਈ। ਕੁਝ ਵੀ ਜਾਣਨਾ ਹਾਲਾਤਾਂ ਦਾ ਮਾਮਲਾ ਹੈ, ਕਿਸਮਤ ਦਾ ਫੈਸਲਾ ਨਹੀਂ, ਅਤੇ ਇੱਕ ਵਿਅਕਤੀ ਜਿਸ ਕੋਲ ਕਿਸਮਤ ਨੂੰ ਬਦਲਣ ਦੀ ਸਮਰੱਥਾ ਹੈ, ਉਹ ਮਾੜੀਆਂ ਸਥਿਤੀਆਂ ਨੂੰ ਬਦਲਣ ਵਿੱਚ ਆਪਣੀ ਬੁੱਧੀ ਅਤੇ ਕੰਮਾਂ ਦੀ ਸਫਲਤਾ ਦਾ ਅਨੁਭਵ ਕਰਦਾ ਹੈ। ਜਿਹੜੇ ਲੋਕ ਮਾੜੀਆਂ ਸਥਿਤੀਆਂ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ ਅਤੇ ਜਿਨ੍ਹਾਂ ਨੂੰ ਆਪਣੇ ਆਪ ਵਿੱਚ ਵਿਸ਼ਵਾਸ ਨਹੀਂ ਹੈ, ਉਹ ਨੁਕਸਾਨ ਦੇ ਨਤੀਜੇ ਦੇਖਦੇ ਹਨ ਅਤੇ ਆਪਣੀਆਂ ਕੀਮਤੀ ਜਾਨਾਂ ਚਿੰਤਾਵਾਂ ਅਤੇ ਉਲਝਣਾਂ ਲਈ ਕੁਰਬਾਨ ਕਰ ਦਿੰਦੇ ਹਨ। ਤੁਹਾਨੂੰ ਨਾ ਸਿਰਫ਼ ਤਬਾਹੀ ਦੀ ਦਲਦਲ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਸਗੋਂ ਆਪਣੀ ਕਿਸਮਤ ਨੂੰ ਦੁਬਾਰਾ ਬਣਾਉਣ ਦੀ ਕਲਾ ਵੀ ਸਿੱਖਣੀ ਚਾਹੀਦੀ ਹੈ। ਸਾਡੇ ਹਸਪਤਾਲਾਂ ਵਿੱਚ ਜ਼ਿਆਦਾਤਰ ਬਿਸਤਰੇ ਘਬਰਾਹਟ ਵਾਲੇ ਮਰੀਜ਼ਾਂ ਨਾਲ ਭਰੇ ਹੋਏ ਹਨ, ਜਦੋਂ ਕਿ ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਪੋਸਟ-ਮਾਰਟਮ ਵਿੱਚ, ਇੱਕ ਸ਼ਕਤੀਸ਼ਾਲੀ ਮਾਈਕ੍ਰੋਸਕੋਪ ਨਾਲ ਇੱਕ ਨਿਊਰੋਲੋਜੀਕਲ ਜਾਂਚ ਕੀਤੀ ਜਾਂਦੀ ਹੈ, ਅਤੇ ਬਹੁਗਿਣਤੀ ਦੀਆਂ ਨਾੜੀਆਂ ਤੰਦਰੁਸਤ ਅਤੇ ਤੰਦਰੁਸਤ ਹੁੰਦੀਆਂ ਹਨ, ਜਿਵੇਂ ਕਿ ਇੱਕ ਪਹਿਲਵਾਨ ਦੀਆਂ। ਉਨ੍ਹਾਂ ਦੀਆਂ ਨਿਊਰੋਲੋਜੀਕਲ ਬਿਮਾਰੀਆਂ ਉਨ੍ਹਾਂ ਦੇ ਸਰੀਰਕ ਅੰਗਾਂ ਦੀ ਅਸਫਲਤਾ ਕਾਰਨ ਨਹੀਂ ਹੁੰਦੀਆਂ, ਸਗੋਂ ਨਿਰਾਸ਼ਾ, ਅਸਫਲਤਾ, ਹਾਰ, ਚਿੰਤਾ, ਸੋਗ, ਦੁੱਖ, ਡਰ ਅਤੇ ਡਰ ਦੀਆਂ ਭਾਵਨਾਵਾਂ ਕਾਰਨ ਹੁੰਦੀਆਂ ਹਨ। ਪਲੈਟੋ ਕਹਿੰਦਾ ਹੈ ਕਿ ਡਾਕਟਰਾਂ ਦੀ ਸਭ ਤੋਂ ਵੱਡੀ ਗਲਤੀ ਇਹ ਹੈ ਕਿ ਉਹ ਮਨ ਵੱਲ ਧਿਆਨ ਦਿੱਤੇ ਬਿਨਾਂ ਸਰੀਰ ਦਾ ਇਲਾਜ ਕਰਦੇ ਹਨ, ਪਰ ਸਰੀਰ ਅਤੇ ਮਨ ਨੂੰ ਇੱਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਨਾ ਹੀ ਉਨ੍ਹਾਂ ਦਾ ਵੱਖਰਾ ਇਲਾਜ ਕੀਤਾ ਜਾ ਸਕਦਾ ਹੈ। ਅਧਿਆਤਮਿਕ ਸਿਹਤ ਲਈ, ਅੱਲ੍ਹਾ ਵਿੱਚ ਪੂਰਾ ਵਿਸ਼ਵਾਸ ਰੱਖੋ, ਪੂਜਾ ਅਤੇ ਪੂਜਾ ਨੂੰ ਇੱਕ ਨਿਯਮਤ ਅਭਿਆਸ ਬਣਾਓ, ਅਤੇ ਸਰੀਰਕ ਸਿਹਤ ਲਈ, ਡੂੰਘੀ, ਆਰਾਮਦਾਇਕ ਨੀਂਦ ਲਓ। ਚੰਗੇ ਸੰਗੀਤ ਦਾ ਆਨੰਦ ਮਾਣੋ, ਜ਼ਿੰਦਗੀ ਦੇ ਹਾਸੇ-ਮਜ਼ਾਕ ਵਾਲੇ ਪਾਸੇ 'ਤੇ ਨਜ਼ਰ ਰੱਖੋ। ਹਾਸਾ, ਮੁਸਕਰਾਹਟ ਅਤੇ ਹਾਸਾ ਇੱਕ ਖੁਸ਼ਹਾਲ ਜੀਵਨ ਦੇ ਰੰਗ ਹਨ, ਅਤੇ ਚੰਗੇ ਲੋਕਾਂ ਨਾਲ ਰਹਿਣਾ ਹਾਲਾਤਾਂ ਦੇ ਜ਼ਖ਼ਮਾਂ 'ਤੇ ਇਲਾਜ ਕਰਨ ਵਾਲੇ ਮਲਮ ਦਾ ਕੰਮ ਕਰਦਾ ਹੈ।

***

# ਮਨੁੱਖ ਦੇ ਪਿਉ



- ਡਾ. ਨਿਰੰਜਨ

ਬੱਚੇ ਤਾਂ ਬੱਚੇ ਨੇ
ਨਿੱਕੇ ਨੇ ਨਿਆਣੇ ਨੇ!

ਉਡੂੰ ਉਡੂੰ ਕਰਦੇ ਕਪਾਹੀ ਇਹ ਬੱਦਲ
ਸੂਰਜਾਂ ਸੰਗ ਖੇਡਦੇ ਲੁਕਣਮੀਚੀ
ਪੌਣਾਂ ਦੇ ਪਰਾਂ ਤੇ ਹੋ ਕੇ ਸਵਾਰ
ਰਿਮਝਿਮ ਰਿਮਝਿਮ ਵਰ੍ਹ ਜਾਣਾ ਲੋਚਦੇ!

ਭਿੰਨੀਆਂ ਖ਼ੁਸ਼ਬੂਆਂ ਦੇ ਮਹਿਕਦੇ ਖ਼ੁਆਬ
ਸੰਦਲੀ ਪੌਣਾਂ ਦੀ ਛੋਹ ਦੇ ਸਿਰਨਾਵੇਂ,
ਖਿੜਦੇ ਹੋਏ ਰੀਝਾਂ ਦੇ ਕੌਲ ਫੁੱਲ?।

ਲਿਟਦੇ ਨੇ ਜਿਊਣ ਜੋਗੇ, ਰੋਡ ਭੋਡ ,
ਸਿਰਜਣਸ਼ੀਲ ਜ਼ਿਮੀਂ ਦੀ ਚਟਾਈ 'ਤੇ,
ਨਿਰਛਲ ਨਿਰ-ਉਚੇਚ, ਮਾਰਦੇ ਕਿਲਕਾਰੀਆਂ
ਗੁੰਜਾਉਂਦੇ ਨੇ ਅਣਛੋਹੇ, ਅਣਗਾਹੇ ਆਕਾਸ਼!

ਬੱਚਿਓ, ਤੁਸੀਂ ਵੱਡੇ ਨਹੀਂ, ਨਾ ਹੀ ਸਿਆਣੇ
ਬੱਸ, ਨਿਆਣੇ ਹੋ
ਤੁਸੀਂ ਨਹੀਂ ਗਰਕਦੇ, ਅਨ੍ਹਿਆਂ ਖੂਹਾਂ ਚ
ਨਹੀਂ ਧਸਦੇ ਹਨ੍ਹੇਰਿਆਂ ਪਾਤਾਲਾਂ ਥੀਂ
ਨਹੀਂ ਦਹਿਕਦੇ, ਭਸਮਾਸੁਰੀ ਅੰਗਿਆਰਾਂ ਵਾਂਗ
ਨਹੀਂ ਵੰਡਦੇ ਬਦਬੂਆਂ, ਤਰੱਕ ਗਏ ਛੱਪੜਾਂ ਵਾਂਗ!

ਤੁਸੀਂ ਨਾ ਨਾਜ਼ੀ, ਨਾ ਟਰੰਪੀ, ਨਾ ਹੀ ਸੰਘੀ
ਜ਼ਾਇਨੀ ਨਹੀਂ, ਤੇ ਨਾ ਹੱਮਾਸੀ
ਨਾ ਆਵਾਸੀ ਨਾ ਪ੍ਰਵਾਸੀ
ਕੁਲ ਆਲਮ ਦੇ ਮੂਲ ਨਿਵਾਸੀ

ਤੁਸੀਂ ਨਹੀਂ ਗਿਣਦੇ 'ਵੀਹ ਅੱਸੀ' ਦਾ ਗਣਿਤ
ਨਹੀਂ ਹਿਲਾਉਂਦੇ ਰੁੱਖ ਡਿੱਗਣ ਤੇ ਧਰਤੀ
ਨਹੀਂ ਚਿਤਵਦੇ ਮੋਇਆਂ ਦੇ ਥੇਹ
ਨਹੀਂ ਮਿੱਧਦੇ ਤਵਾਰੀਖ਼ ਦੇ ਮੂੰਹਜ਼ੋਰ ਅੱਖਰ
ਨਹੀਂ ਘੜਦੇ ਕੁਲਹਿਣੀਆਂ ਮਿੱਥਾਂ ਚੋਂ
ਇਤਿਹਾਸ ਦੇ ਦੰਭੀ ਮੁਹਾਂਦਰੇ !
ਤੁਸੀਂ ਨਹੀਂ ਵਾਹੁੰਦੇ, ਚਾਨਣ ਦੇ ਸ਼ੱਫਾਫ ਸਫਿਆਂ ਤੇ,
ਤਖਤਾਂ ਦੀ ਸਰਪ੍ਰਸਤੀ ਚ
'ਲੋਲੀਤਾ ਐਕਸਪ੍ਰੈਸਾਂ' ਵਾਲੇ
'ਐਪਸਟੀਨੀ' ਦਰਿੰਦਗੀਆਂ ਦੇ
ਸਿਆਹ ਹਾਸ਼ੀਏ!

ਤੁਸਾਂ ਨੇ ਕਲ੍ਹ ਨੂੰ ਵੱਡਿਆਂ ਹੋਣਾ
ਵੱਡੇਪਨ ਦੇ ਕਿਸੇ ਰਖਨੇ ਵਿੱਚ
ਨਿਆਣੇਪਨ ਦਾ ਨਿਰਛਲ ਬੱਚਾ
ਜੀਂਦਾ ਰੱਖਣਾ
ਆੜੀ ਆੜੀ ਖੇਡਣਾ
ਨੂਰ ਨੂੰ ਨਿਹਾਰਨਾ
ਰੰਗਾਂ ਨੂੰ ਉਭਾਰਨਾ
ਨਾ ਜੰਗ ਜੰਗ ਕੂਕਣਾ
ਨਾ ਮੌਤ ਮੌਤ ਮਿੱਥਣਾ
ਰੰਗੀਂ ਤੁਸੀਂ ਵੱਸਣਾ
ਨੇਰ੍ਹ ਨੂੰ ਪਛਾੜਨਾ
ਜਿੱਤਣਾ ਨਾ ਹਾਰਨਾ
'ਮਨੁੱਖ ਦੇ ਪਿਉ' ਵਾਲਾ
ਸਹਿਜ ਧਰਮ ਪਾਲਣਾ!!

## ਮਿੰਨੀ ਕਹਾਣੀ - ਲਾਟਰੀ

ਲਾਟਰੀ ਵਿਕਰੇਤਾ ਦਾ ਫੋਨ ਆਉਂਦਾ ਹੈ ਕਿ ਤੁਹਾਡੀ ਡੇਢ ਕਰੋੜ ਦੀ ਲਾਟਰੀ ਨਿਕਲੀ ਹੈ, ਉਹ ਬੰਦਾ ਬੜਾ ਖ਼ੁਸ਼ ਹੁੰਦਾ ਹੈ। ਉਸਦੀ ਘਰ ਵਾਲੀ ਲਾਟਰੀ ਦਾ ਨਤੀਜਾ ਇੰਟਰਨੈੱਟ ਤੇ ਦੇਖਦੀ ਹੈ, ਲਾਟਰੀ ਡੇਢ ਕਰੋੜ ਦੀ ਨਹੀਂ ਡੇਢ ਲੱਖ ਦੀ ਨਿਕਲੀ ਹੈ, ਬੰਦਾ ਹਾਰਟ ਅਟੈਕ ਨਾਲ ਮਰ ਜਾਂਦਾ ਹੈ, ਕਹਿੰਦਾ ਹੈ ਮੇਰਾ ਡੇਢ ਕਰੋੜ ਲੁੱਟਿਆ ਗਿਆ। ਮਨ ਦੀ ਦਸ਼ਾ ਹੈ ਕਿਸੇ ਨੂੰ ਇੱਹ ਵੀ ਲੱਗ ਸਕਦਾ ਸੀ ਕਿ ਮੈਨੂੰ ਡੇਢ ਲੱਖ ਦਾ ਫਾਇਦਾ ਹੋਇਆ ਹੈ - **ਮਹਾਂਸਾਗਰ**।

# ਲੂਈ ਪਾਸਚਰ-ਮਾਈਕਰੋ ਬਾਈਔਲਜ਼ੀ ਦਾ ਜਨਮ-ਦਾਤਾ

## (LOUIS PASTEUR - FOUNDER OF MICRO BIOLOGY)

-ਡਾ. ਹਰੀਸ਼ ਮਲਹੋਤਰਾ

ਲੂਈ ਪਾਸਚਰ ਦਾ ਜਨਮ 27 ਦਸੰਬਰ, 1822 ਨੂੰ ਫਰਾਂਸ ਦੇ ਇਕ ਪਿੰਡ ਡੋਲੇ ਜੂਰਾ (DOLE JURA) ਵਿਚ ਹੋਇਆ। ਉਸ ਦਾ ਪਿਤਾ ਪਹਿਲਾਂ ਨਿਪੋਲੀਅਨ ਦੀ ਫੌਜ ਵਿਚ ਸਾਰਜੈਂਟ ਮੇਜਰ ਹੁੰਦਾ ਸੀ। ਫਿਰ ਉਸ ਨੇ ਉਸੇ ਪਿੰਡ ਵਿਚ ਚਮੜੇ ਰੰਗਣ ਦਾ ਕੰਮ ਸ਼ੁਰੂ ਕੀਤਾ ਦਿੱਤਾ। ਪਾਸਚਰ ਪਹਿਲਾਂ ਅਰਬਾਇਸ ਦੇ ਸਕੂਲ ਵਿਚ ਪੜ੍ਹਨੇ ਪਿਆ, ਫਿਰ 1838 ਵਿਚ ਉਸ ਨੂੰ ਪੈਰਿਸ ਦੇ ਲਾਤਾਨੀ ਮੁਹੱਲੇ ਦੇ ਸਕੂਲ ਵਿਚ ਦਾਖਲ ਕਰਾਇਆ ਗਿਆ। ਇਸ ਤੋਂ ਉਪਰੰਤ ਉਹ ਬੇਸਨਕਾਨ ਦੇ ਰੋਆਇਲ ਕਾਲਿਜ ਵਿਚ ਦਾਖਲ ਹੋਇਆ ਅਤੇ ਉਥੋਂ 1840 ਵਿਚ ਬੀ. ਏ. ਦੀ ਡਿਗਰੀ ਪਾਸ ਕੀਤੀ। ਫਿਰ ਬੇਸਨਕਾਨ ਵਿਚ ਹੀ ਹਿਸਾਬ ਦੇ ਮਾਸਟਰ ਦਾ ਸਹਾਇਕ ਬਣ ਗਿਆ ਅਤੇ ਦੋ ਸਾਲ ਉਥੇ ਰਹਿ ਕੇ ਬੀ.ਐਸ.ਸੀ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸਾਰਬਨ ਯੂਨੀਵਰਸਿਟੀ ਵਿਚ ਪ੍ਰਸਿੱਧ ਫਿਜ਼ਿਕਸ ਦਾ ਪ੍ਰੋਫੈਸਰ ਲੱਗਾ, ਪਰ ਛੇਤੀ ਹੀ ਉਹ ਉਥੋਂ ਸਟੈਂਸਬਰਗ ਯੂਨੀਵਰਸਿਟੀ ਵਿਚ ਚਲਾ ਗਿਆ ਜਿਥੇ ਉਸ ਨੇ ਕੈਮਿਸਟਰੀ ਦੀ ਪੜ੍ਹਾਈ ਸ਼ੁਰੂ ਕੀਤੀ। ਸਾਰਬਨ ਯੂਨੀਵਰਸਿਟੀ ਵਿਚ ਉਸ ਨੇ ਕੁਝ ਚਿਰ ਪ੍ਰੋਫ਼ਸਰ ਬਾਇਟ ਨਾਲ ਕੰਮ ਕੀਤਾ। ਉਹਨੀਂ ਦਿਨੀਂ ਪ੍ਰੋ. ਬਾਇਟ, ਪੋਲੋਰਾਈਜ਼ਡ ਰੋਸ਼ਨੀ (Polarized Light) ਉਪਰ ਕੰਮ ਕਰ ਰਿਹਾ ਸੀ। ਇਸ ਕੰਮ ਵਿਚ ਪ੍ਰੋ. ਬਾਇਟ ਨੂੰ ਇਕ ਗੁੰਝਲ ਪੇਸ਼ ਆਈ। ਉਹ ਟਾਰਟਾਰਿਕ ਐਸਿਡ ਦਾ ਪੋਲੋਰਾਈਜ਼ਡ ਰੋਸ਼ਨੀ ਉਪਰ ਅਸਰ ਵੇਖ ਕੇ ਸੋਚਾਂ ਵਿਚ ਡੁੱਬਿਆ ਰਹਿੰਦਾ ਸੀ। ਟਾਰਟਾਰਿਕ ਐਸਿਡ ਦੇ ਇਕ ਕਿਸਮ ਦੇ ਕਰਿਸਟਲ ਰੋਸ਼ਨੀ ਨੂੰ ਸੱਜੇ ਪਾਸੇ ਕੁਵਾਂ ਦਿੰਦੇ ਸਨ। ਦੂਜੇ, ਕਰਿਸਟਲਾਂ ਦਾ ਉਸੇ ਰੋਸ਼ਨੀ ਉਤੇ ਕੋਈ ਅਸਰ ਹੀ ਨਹੀਂ ਸੀ ਹੁੰਦਾ। ਬਾਇਟ ਕਿੰਨਾ ਚਿਰ ਸਿਰ ਖਪਾਂਦਾ ਰਿਹਾ, ਪਰ ਉਸ ਨੂੰ ਕੁਝ ਪਤਾ ਨਾ ਲੱਗਿਆ।

ਲੂਈ ਪਾਸਚਰ ਨੂੰ ਗੱਲਾਂ ਸੁਝਦੀਆਂ ਬੜੀਆਂ ਛੇਤੀ ਸਨ । ਦਿਮਾਗ਼ ਵੀ ਖ਼ੂਬ ਚੱਲਦਾ ਸੀ ਅਤੇ ਹੱਥ ਵੀ। ਪਾਸਚਰ ਨੇ ਬਟ ਇਹ ਅੜਾਉਣੀ ਹੱਲ ਕਰ ਦਿੱਤੀ। ਉਸ ਨੇ ਦੱਸਿਆ ਕਿ ਟਾਰਟਾਰਿਕ ਐਸਿਡ ਦੀਆਂ ਦੋ ਵੰਨਗੀਆਂ ਹੁੰਦੀਆਂ ਹਨ : ਇਕ ਰੌਸ਼ਨੀ ਨੂੰ ਸੱਜੇ ਪਾਸੇ ਅਤੇ ਦੂਜੇ ਖੱਬੇ ਪਾਸੇ ਮੋੜਦੀ ਹੈ। ਜਦੋਂ ਦੋਵੇਂ ਇਕੱਠੀਆਂ ਇਕੋ ਮਾਤਰਾ ਵਿਚ ਹੋਵਣ ਤਾਂ ਇਕ ਦੂਜੇ ਦਾ ਅਸਰ ਖਾਰਜ਼ ਕਰ ਦਿੰਦੀਆਂ ਹਨ ਅਤੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਇਹਨਾਂ ਕਰਿਸਟਲਾਂ ਦਾ ਰੋਸ਼ਨੀ ਉਤੇ ਕੋਈ ਅਸਰ ਹੈ ਹੀ ਨਹੀਂ। ਜਦ ਇਹ ਗੱਲ ਪੂਰੀ ਤਰ੍ਹਾਂ ਪ੍ਰੋ. ਬਾਇਟ ਨੂੰ ਪ੍ਰਤੱਖ ਹੋਈ ਤਾਂ ਉਹ ਬਹੁਤ ਖੁਸ਼ ਹੋਇਆ। ਇਸੇ ਕੰਮ ਦਾ ਸੰਰਚਨਾ ਤੇ ਸੰਚਾਰ-ਵਿਧਾਨ ਸਦਕਾ ਪਾਸਚਰ ਨੂੰ ਸਟਰੈਮਬਰਗ ਵਿਚ ਕੈਮਿਸਟਰੀ ਦੀ ਪ੍ਰੋਫੈਸਰੀ ਮਿਲੀ।

ਸਟਰੈਂਸਬਰਗ ਅਕੈਡਮੀ ਵਿਚ ਉਦੋਂ ਲੋਰੈਂਟ ਰੈਕਟਰ ਸੀ। ਉਸਦਾ ਅਤੇ ਪਾਸਚਰ ਦਾ ਆਪਸ ਵਿਚ ਮੇਲ-ਗੇਲ ਹੁੰਦਾ ਰਿਹਾ। 1849 ਵਿਚ ਲੂਈ ਪਾਸਚਰ ਦੀ ਰੈਕਟਰ ਦੀ ਲੜਕੀ ÷ਮੇਰੀ÷ ਨਾਲ ਸ਼ਾਦੀ ਹੋ ਗਈ। ਇਹ ਸ਼ਾਦੀ ਸਾਰੀ ਉਮਰ ਲਈ ਬੜੀ ਕਾਮਯਾਬ ਸਾਬਤ ਹੋਈ। ਆਪਸੀ ਪ੍ਰੇਮ ਤੋਂ ਬਿਨਾਂ "ਮੇਰੀ" ਦਾ ਪਾਸਚਰ ਨੂੰ ਖੋਜ ਦੇ ਕੰਮ ਵਿਚ ਸਹਾਇਤਾ ਕਰਨਾ, ਬੜਾ ਲਾਭਦਾਇਕ ਸਾਬਤ ਹੋਇਆ।

1854 ਵਿਚ ਪਾਸਚਰ ਨੂੰ ਲਿੱਲੀ (LILLE) ਯੂਨੀਵਰਸਿਟੀ ਵਿਚ ਕੈਮਿਸਟਰੀ ਦਾ ਪ੍ਰੋਫੈਸਰ ਅਤੇ ਸਾਇੰਸ ਫੈਕਲਟੀ ਦਾ ਡੀਨ ਬਣਾਇਆ ਗਿਆ। ਲਿਲੀ, ਫਰਾਂਸ ਵਿਚ (FERMENTATION INDUSRY) ਸ਼ਰਾਬ ਕੱਢਣ ਦੇ ਕੰਮ ਦਾ ਸੈਂਟਰ ਸੀ। ਜਿਹਨਾਂ ਉਪਲੱਭਧੀਆਂ ਕਰਕੇ ਪਾਸਚਰ ਦਾ ਨਾਂ ਸਾਰੇ ਜਹਾਨ ਵਿਚ ਉਜਾਗਰ ਹੋਇਆ, ਉਹਨਾਂ ਦੀ ਨੀਂਹ ਇਥੇ ਰੱਖੀ ਗਈ।

ਬੀਅਰ ਬਣਾਉਣ ਵਾਲੇ ਉਦਯੋਗ-ਪਤੀ ਇਕ ਦਿਨ ਉਸ ਨੂੰ ਕਾਰਖਾਨੇ ਵਿਚ ਨੇ ਗਏ। ਉਥੇ ਉਸ ਨੂੰ ਦੋ ਬੀਅਰ ਦੇ ਭਰੇ ਭਾਂਡੇ ਵਿਖਾਏ ਗਏ। ਇਕ ਵਧੀਆ ਬੀਅਰ ਅਤੇ ਦੂਜੇ ਵਿਚ ਖਰਾਬ। ਉਹਨਾਂ ਪਾਸਚਰ ਨੂੰ ਵੰਗਾਰਿਆ ਕਿ ਉਹ ਇਸ ਦਾ ਕਾਰਨ ਲੱਭੇ। ਪਾਸਚਰ ਨੂੰ ਗੱਲ ਸੁੱਝਦੀ ਤਾਂ ਸੀ, ਦੂਜਾ ਜਿਸ ਕੰਮ ਨੂੰ ਉਹ ਹੱਥ ਪਾਉਂਦਾ ਸੀ, ਉਹ ਬੜੀ ਲਗਨ ਅਤੇ ਦ੍ਰਿੜਤਾ ਨਾਲ ਕਰਦਾ ਸੀ। ਇਸ ਕੰਮ ਨੂੰ ਇਹ ਦੱਸ ਸਾਲ ਲੱਗਾ ਰਿਹਾ। ਅੰਤ ਨੂੰ

ਉਸ ਨੇ ਵਰਮੈਂਟੇਸ਼ਨ ਦੀ ਸਾਰੀ ਗੁੰਝਲ ਨੂੰ ਨਿਖਾਰ ਕੇ ਰੱਖ ਦਿੱਤਾ।

ਸਾਇੰਸਦਾਨਾਂ ਨੂੰ ਇਹ ਪਹਿਲੀ ਵਾਰ ਪਤਾ ਲੱਗਾ ਕਿ ਹਵਾ ਵਿਚ ਜਰਮ (GERMS) ਹੁੰਦੇ ਹਨ ਅਤੇ ਇਹ ਕੀੜੇ ਹੀ ਬੀਮਾਰੀ ਨੂੰ ਬਣਾਉਂਦੇ ਹਨ ਅਤੇ ਇਹੋ ਜਿਹੇ ਹੋਰ ਜਰਮ ਇਸ ਨੂੰ ਖੱਟਿਆਂ ਕਰ ਦਿੰਦੇ ਹਨ। ਫਿਰ ਇਨ੍ਹਾਂ ਜਰਮਾਂ ਦਾ ਅਸਰ ਉਸ ਨੇ ਖੰਡ ਉਪਰ ਵੇਖਿਆ ਅਤੇ ਖੰਡ ਤੋਂ ਇਕ ਪਾਸੇ ਅਲਕੋਹਲ (ALCOHOL) ਯਾਨਿ ਸ਼ਰਾਬ ਅਤੇ ਫਿਰ ਅਸੀਟਿਕ (ALETIC ACIDS) (LECTIC) ਬਿਉਟੇਰਿਕ ਐਸਿਡ ਤਿਆਰ ਕੀਤੇ। ਪਾਸਚਰ ਨੇ ਇਹ ਥਿਊਰੀ 1857 ਵਿਚ ਪ੍ਰਕਾਸ਼ਿਤ ਕੀਤੀ ਅਤੇ ਇਸ ਨਾਲ ਸਾਇੰਸ ਦੇ ਜਗਤ ਵਿਚ ਇਕ ਵਾ-ਵਰੋਲਾ ਮਚ ਗਿਆ। ਇਸ ਥਿਊਰੀ ਦਾ ਬੜਾ ਪ੍ਰਭਾਵ ਪਿਆ ਅਤੇ ਲੂਈ ਪਾਸਚਰ ਦੀ ਸਾਰੇ ਸਾਇੰਸਦਾਨਾਂ ਵਿਚ ਜੇ ਜੈ ਕਾਰ ਹੋ ਗਈ।

ਉਦੋਂ ਹੀ ਪਾਸਚਰ ਨੇ ਇਹ ਗੱਲ ਵੀ ਖੋਜ ਲਈ ਕਿ ਪੀਣ ਅਤੇ ਖਾਣ ਵਾਲੀਆਂ ਚੀਜ਼ਾਂ ਨੂੰ ਵਿਗੜਨ ਤੋਂ ਬਚਾਉਣ ਲਈ ਉਹਨਾਂ ਨੂੰ 100 ਡਿਗਰੀ ਸੈਂਟੀਗਰੇਡ ਤਕ ਗਰਮ ਕਰਨ ਦੀ ਲੋੜ ਹੈ। ਇਹ ਤਰੀਕਾ ਉਦੋਂ ਦਾ ਹੀ ਹੁਣ ਤਕ ਸਾਰੀ ਦੁਨੀਆਂ ਵਿਚ ਵਰਤਿਆ ਜਾਂਦਾ ਹੈ ਅਤੇ ਇਸੇ ਨੂੰ ਹੀ 'ਪਾਸਚਰਾਈਜੇਸ਼ਨ' ਕਿਹਾ ਜਾਂਦਾ ਹੈ।

ਲਾਰਡ ਲਿਸਟਰ ਨੇ ਜੋ ਸਰਜਰੀ ਵਿਚ ਐਂਟੀਸੈਪਟਿਕਸ (ANTI-SEPTICS) ਦੀ ਵਰਤੋਂ ਸ਼ੁਰੂ ਕੀਤੀ, ਉਹ ਵੀ ਉਹਨੇ ਪਾਸਚਰ ਦੀ ਜਰਮ ਥਿਊਰੀ ਤੋਂ ਹੀ ਲਿਆ ਸੀ।

1865 ਵਿਚ ਫਰਾਂਸ ਦੀ ਸਰਕਾਰ ਨੇ ਪਾਸਚਰ ਨੂੰ ਬੇਨਤੀ ਕੀਤੀ ਕਿ ਰੇਸ਼ਮ ਦੇ ਕੀੜਿਆਂ ਦੀ ਬੀਮਾਰੀ ਉਤੇ ਖੋਜ ਕਰੇ। ਤਿੰਨ ਸਾਲ ਦੀ ਕਰੜੀ ਮਿਹਨਤ ਪਿਛੋਂ ਉਸ ਨੇ ਇਹ ਨਤੀਜਾ ਕੱਢਿਆ ਕਿ ਇਸ ਬੀਮਾਰੀ ਦਾ ਕਾਰਨ ਦੋ ਕਿਸਮ ਦੇ ਕੀੜੇ (BACILLI) ਹਨ ਅਤੇ ਪਾਸਚਰ ਨੇ ਰੇਸ਼ਮ ਦੇ ਉਦਯੋਗ ਨੂੰ ਤਬਾਹੀ ਤੋਂ ਬਚਾ ਲਿਆ।

1867 ਵਿਚ ਪਾਸਚਰ ਨੂੰ ਪੈਰਿਸ ਦੀ ਪ੍ਰਸਿੱਧ ਯੂਨੀਵਰਸਿਟੀ ਸਾਰਥਨ ਵਿਚ ਕੈਮਿਸਟਰੀ ਦਾ ਪ੍ਰੋਫੈਸ ਬਣਾਇਆ ਗਿਆ। ਨੌਕਰੀ ਮਿਲਦਿਆਂ ਹੀ ਉਹਨੇ ਫਰਮੈਂਟੈਸ਼ਨ (FEMENTATION) ਉਤੇ ਆਪਣਾ ਮਸ਼ਹੂਰ ਪੇਪਰ ਪ੍ਰਕਾਸ਼ਿਤ ਕੀਤਾ।

1868 ਵਿਚ ਲੂਈ ਪਾਸਚਰ ਨੂੰ ਥੋੜਾ ਜਿਹਾ ਅਧਰੰਗ ਹੋ ਗਿਆ ਪਰ ਇਸ ਸਰੀਰਕ ਔਕੜ ਦੇ ਬਾਵਜੂਦ ਉਹ ਆਪਣੇ ਖੋਜ ਦੇ ਕੰਮ ਵਿਚ ਜੁਟਿਆ ਰਿਹਾ। 1877 ਵਿਚ ਉਹਦੇ ਮਨ ਦਾ ਵਹਿਣ ਬੈਕਟੀਰੀਆਲੋਜੀ (BACTERIOLOGY) ਵਲ ਮੁੜਿਆ । ਪਹਿਲਾਂ ਉਸ ਨੇ ਘੋੜਿਆਂ ਅਤੇ ਪਾਲਤੂ ਪਸ਼ੂਆਂ ਦੀ ਮਸ਼ਹੂਰ ਬੀਮਾਰੀ ਜਿਸ ਨੂੰ ਅੰਗਰੇਜ਼ੀ ਵਿਚ (ANTHRAX) ਅਤੇ ਪੰਜਾਬੀ ਵਿਚ ਮੂੰਹ ਖੁਰ ਦੀ ਬੀਮਾਰੀ ਕਿਹਾ ਜਾਂਦਾ ਹੈ, ਦੀ ਖੋਜ ਸ਼ੁਰੂ ਕੀਤੀ। ਨਾਲ ਹੀ ਚਿਕਨ ਪੋਕਸ (CHICKEN POX) ਦਾ ਇਲਾਜ ਕੱਢਣ ਦਾ ਕੰਮ ਉਸ ਨੂੰ ਸੌਂਪਿਆ ਗਿਆ। ਫਰਮੈਂਟੇਸ਼ਨ ਉਪਰ ਖੋਜ ਕਰਕੇ ਉਸ ਨੇ ਦੱਸਿਆ ਸੀ ਕਿ ਹਵਾ ਵਿਚ ਦੋ ਕਿਸਮ ਦੇ ਜਰਮ ਹੁੰਦੇ ਹਨ, ਇਕ ਜਿਹੜੇ ਸ਼ਰਾਬ ਨੂੰ ਬਣਾਉਂਦੇ ਹਨ ਅਤੇ ਦੂਜੇ ਜਿਹੜੇ ਉਸ ਨੂੰ ਖਰਾਬ ਕਰਦੇ ਹਨ। ਚਿਕਨ ਪੋਕਸ ਦੀ ਖੋਜ ਕਰਕੇ ਉਸ ਨੇ ਬੈਕਟੀਰੀਆ (BACTERIA) ਕੱਢੇ ਅਤੇ ਉਹਨਾਂ ਦੀ ਕਲਚਰ ਬਣਾਈ ਅਤੇ ਚਿਕਨ ਪੋਕਸ ਦੀ ਬੀਮਾਰੀ ਤੋਂ ਕੁੱਕੜਾਂ ਨੂੰ ਬਚਾਉਣ ਲਈ ਚੇਚਕ ਦੇ ਟੀਕਿਆਂ ਵਰਗੇ ਟੀਕੇ ਦੇਣੇ ਸ਼ੁਰੂ ਕੀਤੇ ਅਤੇ ਬੀਮਾਰੀ ਨੂੰ ਖ਼ਤਮ ਕਰ ਦਿੱਤਾ। ਇਹ ਬਿਮਾਰੀ ਇਨਸਾਨਾਂ ਨੂੰ ਵੀ ਹੋ ਜਾਂਦੀ ਹੈ ਅਤੇ ਖਾਸ ਕਰਕੇ ਉਹਨਾਂ ਨਾਲ ਕੰਮ ਕਰਨ ਵਾਲਿਆਂ ਮਜ਼ਦੂਰਾਂ ਨੂੰ ਤਾਂ ਫੜ੍ਹ ਹੀ ਲੈਂਦੀ ਹੈ। ਇਸ ਦੇ ਟੀਕੇ ਬਣਾ ਕੇ ਉਸ ਨੇ ਇਨਸਾਨਾਂ ਨੂੰ ਵੀ ਸੁਰੱਖਿਅਤ ਕਰ ਦਿੱਤਾ ਹੈ।

ਹੁਣ ਅਸੀਂ ਲੂਈ ਪਾਸਚਰ ਦੀ ਆਖਰੀ ਅਤੇ ਸਭ ਤੋਂ ਪ੍ਰਸਿੱਧ ਅਤੇ ਸਭ ਤੋਂ ਗੁਣਕਾਰੀ ਉਪਲੱਭਦੀ ਵੱਲ ਆਉਂਦੇ ਹਾਂ। ਇਹ ਹੈ ਹਲਕੇ ਕੁੱਤਿਆਂ ਦਾ ਹਲਕ ਹਟਾਉਣ ਦੀ। ਕਈ ਸਾਲ ਉਹਨੇ ਇਸ ਖੋਜ ਉਪਰ ਲਾਏ। ਆਪਣੇ ਘਰ ਦੇ ਨਾਲ ਉਹਨੇ ਹਲਕੇ ਕੁੱਤਿਆਂ ਲਈ ਵੀ ਘਰ ਬਣਾਇਆ ਹੋਇਆ ਸੀ। ਇਹ ਬਹੁਤ ਹੀ ਜ਼ਿਆਦਾ ਔਖਾ ਅਤੇ ਬੜੇ ਖ਼ਤਰੇ ਵਾਲਾ ਕੰਮ ਸੀ। ਇਕ ਵਾਰੀ ਇਕ ਹਲਕੇ ਕੁੱਤੇ ਦੇ ਮੂੰਹ ਵਿਚੋਂ ਇਕ ਟਿਊਬ ਨਾਲ ਥੁੱਕ ਕੱਢਦਿਆਂ, ਉਹ ਥੁੱਕ ਉਹਦੇ ਆਪਣੇ ਮੂੰਹ ਵਿਚ ਆ ਪਿਆ। ਜਿਸ ਤਰ੍ਹਾਂ ਆਜ਼ਾਦੀ ਦੇ ਪਰਵਾਨੇ ਆਪਣੇ ਵਿਚਾਰਾਂ ਕਰਕੇ ਆਪਣੀ ਜਾਨ ਵਾਰ ਦਿੰਦੇ ਹਨ, ਇਸੇ ਤਰ੍ਹਾਂ ਸਾਇੰਸਦਾਨ ਵੀ ਗਿਆਨ ਦੇ ਸ਼ਹੀਦ ਹੁੰਦੇ ਹਨ, ਕਈ ਮਰ ਜਾਂਦੇ ਹਨ ਅਤੇ ਕਈ ਬਚ ਜਾਂਦੇ ਹਨ ਪਰ ਦੋਵੇਂ ਧਿਰਾਂ ਧੜ ਦੀ ਬਾਜ਼ੀ ਲਾਉਂਦੀਆਂ ਹਨ।

ਜਰਮਨੀ ਵਿਚ ਇਕ ਵਾਰੀ ਆਰਗੈਨਿਕ ਸਲਫਰ

ਕੰਪਾਊਂਡ (ORGANIC SUL-PHUR COMPOUN) ਦੀ ਖੋਜ ਸ਼ੁਰੂ ਹੋਈ। ਜਿਹੜਾ ਖੋਜ ਕਰੇ ਉਸ ਦੇ ਸਰੀਰ ਵਿਚੋਂ ਮੁਸ਼ਕ ਆਉਣ ਲੱਗ ਪਵੇ ਅਤੇ ਕੋਈ ਹੋਰ ਇਨਸਾਨ ਉਹਦੇ ਲਾਗੇ ਨਾ ਜਾ ਸਕੇ। ਨੌਜਵਾਨ, ਗਿਆਨ ਦੇ ਆਸ਼ਕ, ਆਪਣੇ ਜੀਵਨ ਦੀ ਆਹੂਤੀ ਦੇਣ ਲਈ ਇਸ ਕੰਮ ਲਈ ਵੀ ਨਿੱਤਰੇ। ਇਸੇ ਤਰ੍ਹਾਂ ਦੀ ਹਾਲਤ ਲੂਈ ਪਾਸਚਰ ਦੀ ਸੀ। ਆਪਣੀ ਲਗਨ ਅਤੇ ਦ੍ਰਿੜਤਾ ਕਰਕੇ ਪਾਸਚਰ ਇਕ ਸੀਰਮ (SERUM) ਬਣਾਉਣ ਵਿਚ ਕਾਮਯਾਬ ਹੋ ਗਿਆ, ਜਿਸ ਦਾ ਟੀਕਾ ਕੁੱਤਿਆਂ ਨੂੰ ਹਲਕ ਦੇ ਰੋਗ ਤੋਂ ਬਚਾ ਲੈਂਦਾ ਸੀ। ਫਿਰ ਪਾਸਚਰ ਇਸ ਖੋਜ ਵਿਚ ਜੁੱਟ ਗਿਆ ਕਿ ਇਨਸਾਨਾਂ ਲਈ ਵੀ ਕੋਈ ਐਹੋ ਜਿਹਾ ਸੀਰਮ (SERUM) ਤਿਆਰ ਕੀਤਾ ਜਾਵੇ। ਇਹ ਬੜਾ ਔਖਾ ਕੰਮ ਸੀ। ਬਹੁਤ ਜ਼ਿਆਦਾ ਸੋਚ ਵਿਚਾਰ ਦੇ ਬਾਅਦ ਇਕ ਬੱਚਾ ਜਿਹਦਾ ਨਾਂ ਜੋਸਫ ਮੀਸਟਰ (JOSEPH MEISTER) ਸੀ ਅਤੇ ਉਸ ਨੂੰ ਇਕ ਹਲਕੇ ਕੁੱਤੇ ਨੇ ਵੱਢ ਦਿੱਤਾ ਸੀ, ਉਸ ਬੱਚੇ ਨੂੰ ਲੂਈ ਪਾਸਚਰ ਕੋਲ ਲਿਆਂਦਾ ਗਿਆ। ਨੌਂ ਦਿਨ ਪਾਸਚਰ, ਉਸ ਬੱਚੇ ਨੂੰ ਟੀਕੇ ਲਾਉਂਦਾ ਰਿਹਾ ਅਤੇ ਤਿੰਨ ਹਫ਼ਤਿਆਂ ਬਾਦ ਉਹਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਇਹ ਬੱਚਾ ਰਾਜ਼ੀ ਹੋ ਜਾਵੇਗਾ। ਤਿੰਨ ਮਹੀਨੇ ਅਤੇ ਤਿੰਨ ਹਫ਼ਤੇ ਹਸਪਤਾਲ ਵਿਚ ਰਹਿਣ ਪਿੱਛੋਂ ਜੋਸਫ ਮੀਸਟਰ ਰਾਜੀ ਖੁਸ਼ੀ ਆਪਣੇ ਘਰ ਚਲਾ ਗਿਆ। ਇਸ ਬੱਚੇ ਦੇ ਇਲਾਜ ਵਿਚ ਪਾਸਚਰ ਨੇ ਬੜੇ ਫਿਕਰ ਦੇ ਦਿਨ ਬਤਾਏ ਸਨ, ਪਰ ਜਦ ਉਹ ਬੱਚਾ ਬਿਲਕੁਲ ਰਾਜ਼ੀ ਹੋ ਗਿਆ ਤਾਂ ਪਾਸਚਰ ਨੂੰ ਬਹੁਤ ਜ਼ਿਆਦਾ ਤਸੱਲੀ ਅਤੇ ਖੁਸ਼ੀ ਹੋਈ।

ਹਲਕ ਦੇ ਟੀਕੇ ਦੀ ਕਾਢ ਨੇ ਪਾਸਚਰ ਨੂੰ ਸਾਰੇ ਸੰਸਾਰ ਵਿਚ ਮਸ਼ਹੂਰ ਕਰ ਦਿੱਤਾ। ਪਹਿਲਾਂ ਤਾਂ ਉਸ ਨੂੰ ਇਕ ਵੱਡੀ ਨੌਕਰੀ ਪੇਸ਼ ਕੀਤੀ ਗਈ, ਫਿਰ ਸਾਰੀ ਦੁਨੀਆ ਵਿਚ ਪਾਸਚਰ ਇਨਸਟੀਚਿਊਟ (PASTEUR INSTITUTUE) ਦੇ ਬਣਾਉਣ ਲਈ ਮਾਇਆ ਆਉਣੀ ਸ਼ੁਰੂ ਹੋ ਗਈ। ਇਕ ਵੱਖਰੀ ਸੰਸਥਾ ਬਣੀ ਅਤੇ ਲੂਈ ਪਾਸਚਰ ਨੂੰ ਉਹਦਾ ਡਾਇਰੈਕਟਰ ਬਣਾਇਆ ਗਿਆ।

ਪਾਸਚਰ ਦੀਆਂ ਵੱਡਮੁੱਲੀਆਂ ਕਾਂਢਾਂ ਨੇ ਫਰਾਂਸ ਨੂੰ ਮਾਲਾਮਾਲ ਕਰ ਦਿੱਤਾ। ਜਰਮਨੀ ਨੇ ਲੜਾਈ ਦਾ ਜਿੰਨਾ ਖਰਚਾ ਫਰਾਂਸ ਉਪਰ ਪਾਇਆ ਸੀ। ਉਹ ਸਿਰਫ ਰੇਸ਼ਮ ਦੀ ਸਨਅਤ ਨੇ ਇਕ ਸਾਲ ਵਿਚ ਕਮਾ ਲਿਆ। ਸਾਰੀ ਦੁਨੀਆਂ ਲਈ ਉਹਦੀਆਂ ਖੋਜਾਂ ਬਹੁਤ ਜ਼ਿਆਦਾ ਲਾਭਦਾਇਕ ਸਾਬਤ ਹੋਈਆਂ। ਹਲਕੇ ਕੁੱਤੇ ਵਾਲੀ ਬੀਮਾਰੀ ਦਾ ਖਾਤਮਾ ਹੋ ਗਿਆ। ਕਈ ਬੀਮਾਰੀਆਂ ਦੇ ਟੀਕੇ ਨਿਕਲ ਆਏ ਅਤੇ ਸਰਜਰੀ ਵਿਚ ਐਂਟੀਸੈਪਟਿਕਸ (ANTISEPTICS) ਦੀ ਵਰਤੋਂ ਨੇ ਇਕ ਕ੍ਰਾਂਤੀ ਲੈ ਆਂਦੀ।

1892 ਨੂੰ ਪੈਰਿਸ ਵਿਚ ਦੁਨੀਆਂ ਭਰ ਦੇ ਸਾਇੰਸਦਾਨਾਂ ਨੇ ਰਲ ਕੇ ਪਾਸਚਰ ਦੀ ਸੱਤਰ-ਸਾਲਾ ਜੁਬਲੀ ਮਨਾਈ। ਉਸ ਵਿਚ ਲੂਈ ਪਾਸਚਰ ਦੀਆਂ ਖੋਜਾਂ ਨੂੰ ਬਹੁਤ ਵੱਡਿਆਇਆ ਗਿਆ। ਲਾਰਡ ਲਿਸਟਰ, ਜਿਸ ਨੇ ਐਂਟੀਸੈਪਟਿਕ ਸਰਜਰੀ ਦੀ ਸ਼ੁਰੂਆਤ ਕੀਤੀ ਸੀ, ਕਿਹਾ :

"ਤੁਹਾਡੀਆਂ ਖੋਜਾਂ ਨੇ ਸਰਜਰੀ ਵਿਚ ਹਨੇਰੀਆਂ ਥਾਵਾਂ ਉਤੇ ਬਹੁਤ ਚਾਨਣ ਕਰ ਦਿੱਤਾ ਹੈ। ਜ਼ਖ਼ਮਾਂ ਦਾ ਇਲਾਜ ਜਿਹੜਾ ਕਾਫੀ ਦੁੱਖਦਾਈ ਅਤੇ ਬੇ-ਯਕੀਨੀ ਹੁੰਦਾ ਸੀ,ਹੁਣ ਉਹ ਪੂਰੇ ਯਕੀਨ ਵਾਲਾ ਵਿਗਿਆਨਕ ਹੁਨਰ ਬਣ ਗਿਆ ਹੈ। ਸਿਰਫ ਸਰਜਰੀ ਲਈ ਹੀ ਨਹੀਂ, ਸਗੋਂ ਸਾਰੇ ਡਾਕਟਰੀ ਪੇਸ਼ੇ ਲਈ ਤੁਸੀਂ ਉਹ ਕੁੱਝ ਕੀਤਾ ਹੈ ਜਿਸ ਦਾ ਅਹਿਸਾਨ ਆਉਣ ਵਾਲੀਆਂ ਪੁਸ਼ਤਾਂ ਨਹੀਂ ਭੁੱਲ ਸਕਣਗੀਆਂ।

ਜੋ ਕੁੱਝ ਤੁਹਾਡੀਆਂ ਖੋਜਾਂ ਤੋਂ ਮੈਨੂੰ ਪ੍ਰਾਪਤੀ ਹੋਈ ਹੈ ਉਸਦਾ ਮੈਂ ਬਹੁਤ ਰਿਣੀ ਹਾਂ। ਇਕ ਉੱਚੇ ਦਿਮਾਗ ਅਤੇ ਗਰੀਬ ਸੁਭਾ ਵਾਲੇ ਫਰਾਂਸ ਦੇ ਸਪੁੱਤਰ ਨੇ ਸੰਸਾਰ ਦੀ ਅਰੋਗਤਾ ਲਈ ਬੜਾ ਵੱਡਾ ਹਿੱਸਾ ਪਾ ਕੇ ਸਾਨੂੰ ਸਾਰਿਆਂ ਨੂੰ ਬਹੁਤ ਕਿਰਤਾਰਥ ਕੀਤਾ ਹੈ।" ਇਹਨਾਂ ਸ਼ਬਦਾਂ ਤੋਂ ਬਾਅਦ ਲਾਰਡ ਲੈਸਟਰ ਸਟੇਜ ਉਪਰ ਚੜ੍ਹ ਗਿਆ ਅਤੇ ਉਪਰ ਜਾ ਕੇ ਲੂਈ ਪਾਸਚਰ ਨੂੰ ਗਲੇ ਨਾਲ ਲਾ ਲਿਆ। ਇਸ ਤੇ ਇਕੱਠੇ ਹੋਏ ਸਾਇੰਸਦਾਨਾਂ ਨੇ ਬੜੀਆਂ ਤਾੜੀਆਂ ਮਾਰੀਆਂ ਅਤੇ ਪਾਸਚਰ ਦੀ ਬੜੀ ਪ੍ਰਸ਼ੰਸਾ ਹੋਈ।

ਲੂਈ ਪਾਸਚਰ ਨੂੰ ਬੇਹੱਦ, ਮਾਣ, ਵਡਿਆਈ ਪ੍ਰਾਪਤ ਹੋਈ। ਉਹਦੀ ਮੌਤ ਤੋਂ ਪਿੱਛੋਂ, ਫਰਾਂਸ ਵਿਚ ਜਨ-ਮਤ ਹੋਇਆ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਫਰਾਂਸ ਨੇ ਅਜੇ ਤੱਕ ਜੋ ਉੱਚੀ ਤੋਂ ਉੱਚੀ ਹਸਤੀ ਪੈਦਾ ਕੀਤੀ ਸੀ, ਉਹ ਲੂਈ ਪਾਸਚਰ ਸੀ। ਇਸ ਸਾਰੀ ਮਾਣ ਵਡਿਆਈ ਦਾ ਪਾਸਚਰ ਦੇ ਮਨ ਉਤੇ ਜ਼ਰਾ ਵੀ ਅਸਰ ਨਾ ਹੋਇਆ। ਉਹ ਪਹਿਲਾਂ ਵਾਂਗ ਹੀ ਗਰੀਬੜੇ ਸੁਭਾਅ ਵਾਲਾ ਰਿਹਾ ਅਤੇ ਹਰ ਇਕ ਨਾਲ ਪ੍ਰੇਮ ਅਤੇ ਹਮਦਰਦੀ ਨਾਲ ਮਿਲਦਾ ਰਿਹਾ। ਇਹ ਗੁਣ ਆਮ ਕਰਕੇ ਉਚੇ ਇਨਸਾਨਾਂ ਅਤੇ

ਚੋਟੀ ਦੇ ਸਾਇੰਸਦਾਨਾਂ ਵਿਚ ਪਾਏ ਜਾਂਦੇ ਹਨ।

ਲੂਈ ਪਾਸਚਰ ਦੇ ਸੁਭਾ ਦੀਆਂ ਕੁਝ ਹੋਰ ਗੱਲਾਂ ਵੀ ਵਰਨਣਯੋਗ ਹਨ।ਉਸ ਦਾ ਕਥਨ ਹੈ ਕਿ ਸਫਲ ਅਤੇ ਸਵਾਦਲੀ ਜ਼ਿੰਦਗੀ ਲਈ ਤਿੰਨਾਂ ਚੀਜ਼ਾਂ ਦੀ ਲੋੜ ਹੈ : (1) ਕੰਮ ਕਰਦਿਆਂ ਉਸ ਵਿਚ ਲੀਨਤਾ ਹੋਣੀ ਅਤੇ ਕੰਮ ਕਰਦਿਆਂ ਸੁਰਤ ਪੂਰੀ ਤਰ੍ਹਾਂ ਉਸ ਵਿਚ ਜੁੜੀ ਰਹਿਣੀ।(2) ਕਿੰਨੀਆਂ ਵੀ ਔਕੜਾਂ ਆਉਣ, ਪੂਰੀ ਦ੍ਰਿੜਤਾ ਨਾਲ ਉਨ੍ਹਾਂ ਨੂੰ ਹੱਲ ਕਰਨਾ, ਕਿਉਕਿ ਘਬਰਾਇਆਂ, ਕਾਮਯਾਬੀ ਨੱਸ ਜਾਂਦੀ ਹੈ।(3) ਇਨਸਾਨੀ ਮਨ ਸਫ਼ਲਤਾ ਨਾਲ ਖਿੜਦਾ ਹੈ ਅਤੇ ਅੱਗੇ ਵਾਸਤੇ ਹੋਰ ਔਖੀਆਂ ਘਾਟੀਆਂ ਚੜ੍ਹਨ ਨੂੰ ਤਿਆਰ ਹੋ ਜਾਂਦਾ ਹੈ।

ਲੂਈ ਪਾਸਚਰ ਆਪਣੇ ਕੰਮ ਵਿਚ ਇੰਨਾ ਜ਼ਿਆਦਾ ਮਗਨ ਰਹਿੰਦਾ ਸੀ ਕਿ ਉਹ ਨੂੰ ਯੂਨੀਵਰਸਿਟੀ ਦੀਆਂ ਮੀਟਿੰਗਾਂ ਵੀ ਯਾਦ ਨਹੀਂ ਸਨ ਰਹਿੰਦੀਆਂ ਅਤੇ ਉਸ ਦੀ ਪ੍ਰੇਮਣ ਔਰਤ, ਪ੍ਰਯੋਗਸ਼ਾਲਾ (LABORATORY) ਵਿਚ ਜਾ ਕੇ ਉਸ ਨੂੰ ਯਾਦ ਕਰਾਉਂਦੀ ਸੀ। ਇਹ ਵੀ ਕਿੱਸਾ ਮਸ਼ਹੂਰ ਹੈ ਕਿ ਉਸ ਦੀ ਆਪਣੀ ਸ਼ਾਦੀ ਵਾਲੇ ਦਿਨ ਵੀ ਉਸ ਦੇ ਮਿੱਤਰਾਂ ਨੂੰ, ਉਹਨੂੰ ਯਾਦ ਕਰਾਉਣ ਲਈ ਪ੍ਰਯੋਗਸ਼ਾਲਾ ਵਿਚ ਜਾਣਾ ਪਿਆ ਸੀ।

ਇਹ ਇਹਨਾਂ ਮਹਾਂਪੁਰਬਾਂ ਦੀਆਂ ਕਮਾਈਆਂ ਦਾ ਸਦਕਾ ਹੀ, ਕੰਮ ਕਰਨਾ ਸਾਇੰਸਦਾਨ ਬਣਨ ਲਈ ਪਹਿਲਾਂ ਗੁਣ ਨਿਸ਼ਚਿਤ ਹੋ ਗਿਆ। ਜਦ ਕਾਲਿਜ ਵਿਚ ਵਿਦਿਆਰਥੀ ਸਾਇੰਸ ਦੀਆਂ ਜਮਾਤਾਂ ਵਿਚ ਦਾਖਲ ਹੁੰਦੇ ਸਨ ਤਾਂ ਪਹਿਲਾ ਗੁਰ ਜੋ ਉਹਨਾਂ ਨੂੰ ਦੱਸਿਆ ਜਾਂਦਾ ਸੀ, ਉਹ ਸੀ- 'WORK IS WORSHIP FOR A SCI-ENTIST' ਅਰਥਾਤ ਸਾਇੰਸਦਾਨ ਦੀ ਪਹਿਲੀ ਸਿਫ਼ਤ ਇਹ ਹੈ ਕਿ ਉਹ "ਕੰਮ ਨੂੰ ਹੀ ਪੂਜਾ ਸਮਝੇ"॥

ਆਖਰੀ ਦਿਨਾਂ ਵਿਚ ਜਦ ਲਈ ਪਾਸਚਰ ਦੇ ਚੇਲੇ ਉਹਨੇ ਮਿਲਣ ਜਾਂਦੇ ਸਨ ਤਾਂ ਉਹ ਉਹਨਾਂ ਨੂੰ ਇਹੋ ਪੱਟੀ ਪੜ੍ਹਾਉਂਦਾ ਸੀ ਕਿ "ਕੰਮ ਵਿਚ ਮਗਨ ਰਹੋ।"

27 ਸਤੰਬਰ, 1895 ਨੂੰ 73 ਸਾਲ ਦੀ ਉਮਰ ਪੂਰੀ ਕਰਨ ਤੋਂ ਪੂਰੇ ਤਿੰਨ ਮਹੀਨ ਪਹਿਲਾਂ ਉਹ ਆਪਣੇ ਬਿਸਤਰੇ ਤੇ ਲੰਮਾ ਪਿਆ ਸੀ ਕਿ ਇੱਕ ਮਿੱਤਰ ਨੇ ਉਸ ਦੇ ਮੂੰਹ ਵਿੱਚ ਦੁੱਧ ਪਾਉਣ ਦਾ ਯਤਨ ਕੀਤਾ ਪਰ ਪਾਸਚਰ ਨੇ ਸਿਰ ਮਾਰ ਦਿੱਤਾ ਅਤੇ ਸਦਾ ਲਈ ਅੱਖਾਂ ਬੰਦ ਕਰਕੇ, ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ।

## ਗ਼ਜ਼ਲ



**ਬਲਦੇਵ ਸਿੰਘ 'ਬੱਦਨ'**

ਕੰਧਾਂ ਨਾਲ ਨਾ ਮਾਰੀਂ ਮੱਥਾ ਗੱਲ ਕਰੀਂ ਹਮਸਾਇਆਂ ਨਾਲ।
ਬਾਪ ਨਾਲ ਜੋ ਗੱਲ ਹੁੰਦੀ ਹੈ ਕਿੱਥੇ ਉਹ ਚਾਚਿਆਂ ਤਾਇਆਂ ਨਾਲ।
ਤੇਰੇ ਕੋਲ ਜੋ ਆ ਕੇ ਬੈਠੇ ਉਹੀ ਤੇਰਾ ਸੱਜਣ ਹੈ,
ਕਿਸੇ ਦੇ ਘਰ ਦਾ ਕਾਹਦਾ ਭਾਅ ਹੈ ਭਾਅ ਹੁੰਦਾ ਘਰ ਆਇਆਂ ਨਾਲ।
ਐ ਜੋਗੀ ਇਹ ਜੂਟ ਜਟਾਵਾਂ ਕਾਹਨੂੰ ਚੁੱਕੀ ਫਿਰਨਾਂ ਏ?
ਅਕਲ ਸਿਆਣੀ ਹੋ ਜਾਂਦੀ ਹੈ ਕੇਸਾਂ ਧੋਤਿਆਂ ਵਾਹਿਆਂ ਨਾਲ।
ਅਪਣੇ ਕਮਰੇ ਦੀਪ ਜਗਾ ਕੇ ਨ੍ਹੇਰਿਆਂ ਤਾਈਂ ਦੂਰ ਭਜਾ,
ਲੱਖਾਂ ਮੰਜ਼ਿਲਾਂ ਦੇ ਰਾਹ ਖੁੱਲ੍ਹਣ ਇਕ ਇਕ ਦੀਪ ਜਗਾਇਆਂ ਨਾਲ।
ਗਲਤੀ ਹੋ ਜਾਵੇ ਤਾਂ ਉਸਨੂੰ ਆਪ ਸੁਧਾਰਨਾ ਪੈਂਦਾ ਹੈ,
ਹੱਥ ਮਲਿਆਂ ਕੀ ਬਣਦਾ ਹੈ ? ਕੀ ਬਣਦਾ ਪਛਤਾਇਆਂ ਨਾਲ?
ਬੇਗਾਨੇ, ਬੇਗਾਨੇ ਹੁੰਦੇ, ਆਖ਼ਰ ਧੋਖਾ ਦੇਂਦੇ ਨੇ, ਦੁਨੀਆਂ ਡਰਦੀ,
ਤੁਰੀਏ ਜੇਕਰ ਅਪਣੇ ਮਾਂ ਪਿਉ ਜਾਇਆਂ ਨਾਲ।
ਗੁੱਸਾ ਰੋਸਾ ਛੱਡ ਕੇ 'ਬੱਦਨ' ਸੱਜਣ ਤਾਈਂ ਫੋਨ ਕਰੋ,
ਕੀ ਬਣਨਾ ਹੈ ਚੂਰੀਆਂ ਪਾ ਪਾ ਕਾਲੇ ਕਾਗ ਉਡਾਇਆਂ ਨਾਲ।

# ਕੁਦਰਤ, ਸਮਾਜ ਅਤੇ ਡਾ. ਰਾਮ ਮੂਰਤੀ ਦੀ ਕਵਿਤਾ



ਇੰਜ. ਸੀਤਲ ਸਿੰਘ ਸੰਘਾ

ਡਾ. ਰਾਮ ਮੂਰਤੀ ਦੋਨੇ ਵਿੱਚ ਰਹਿਣ ਵਾਲਾ ਪੰਜਾਬ ਦਾ ਉੱਘਾ ਕਵੀ ਹੈ। ਪੰਜਾਬ ਵਿੱਚ ਹੋਣ ਵਾਲੀਆਂ ਸਾਹਿਤਕ ਸਰਗਰਮੀਆਂ ਵਿੱਚ ਉਹ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ। ਇੱਕ ਸ਼ਾਇਰ ਵਜੋਂ ਉਸ ਨੇ ਆਪਣੀ ਹੇਕ ਅਤੇ ਹੂਕ ਸਦਕਾ ਸਾਹਿਤਕ-ਸੱਥਾਂ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਉਸ ਦੇ ਕਾਵਿ-ਸੰਗ੍ਰਹਿ 'ਕਿੱਥੇ ਗਈ ਖ਼ੁਸ਼ਬੂ' ਨੇ ਮੈਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕੀਤਾ ਹੈ। ਇਹ ਪੰਜਾਬੀ ਦੀ ਅਜੋਕੀ ਲਿਖੀ ਜਾ ਰਹੀ ਪ੍ਰਚੱਲਿਤ ਕਿਸਮ ਦੀ ਸ਼ਾਇਰੀ ਤੋਂ ਕਾਫੀ ਹਟ ਕੇ ਹੈ। ਇਹ ਵਾਤਾਵਰਣ ਸਰੋਕਾਰਾਂ ਅਤੇ ਟੁੱਟਦੀਆਂ-ਭੱਜਦੀਆਂ ਜੀਵਨ ਕੀਮਤਾਂ ਨੂੰ ਆਪਣੀ ਕਾਵਿ-ਵਸਤੂ ਵਜੋਂ ਸੁਚੇਤ ਪੱਧਰ 'ਤੇ ਅਪਨਾਉਂਦੀ ਹੈ। ਇਹ ਸ਼ਾਇਰੀ ਕਾਰਜ ਵਿੱਚ ਪਈ ਸਮੱਸਿਆ ਦਾ ਕਾਰਨ ਤਲਾਬਣ ਵੱਲ ਯਾਤਰਾ ਕਰਦੀ ਹੈ। ਇਸ ਲਈ ਮੇਰਾ ਮੰਨਣਾ ਹੈ ਕਿ ਇਹ ਕਾਰਨ ਅਤੇ ਕਾਰਜ ਦੀ ਦਵੰਦਾਤਮਕਤਾ ਨੂੰ ਸਮਝਣ ਦਾ ਕਾਵਿ-ਪ੍ਰਵਚਨ ਹੈ।

ਇਸ ਸੰਸਾਰ ਦੀ ਉਤਪਤੀ ਕੁਦਰਤੀ ਸਾਧਨਾਂ ਨਾਲ ਹੋਈ ਹੈ ਅਤੇ ਇਸ ਦੀ ਹੋਂਦ ਅਤੇ ਵਿਕਾਸ ਲਈ ਵੀ ਕੁਝ ਨਿਯਮ ਅਤੇ ਕੁਦਰਤੀ ਕਾਰਨ ਹਨ। ਕੋਈ ਵੀ ਚੀਜ਼ ਜਾਂ ਵਰਤਾਰਾ ਆਪਣੇ-ਆਪ ਨਹੀਂ ਵਾਪਰਦਾ ਇਸ ਦੇ ਪਿੱਛੇ ਕੁਝ ਕਾਰਨ ਹੁੰਦੇ ਹਨ। ਇਸ ਕਾਰਨ ਕਰਕੇ ਹੀ ਕਾਰਜ ਉਪਜਦਾ ਹੈ। ਕਿਸੇ ਚੀਜ਼ ਜਾਂ ਅਮਲ ਵਰਤਾਰੇ ਨੂੰ ਸਮਝਣ ਲਈ ਅਤੇ ਇਸ ਕਾਰਜ ਨੂੰ ਖਤਮ ਕਰਨ ਲਈ ਇਸ ਪਿੱਛੇ ਕਾਰਜਸ਼ੀਲ ਕਾਰਨ ਨੂੰ ਸਮਝਣਾ ਪਵੇਗਾ ਅਤੇ ਇਸ ਕਾਰਨ ਨੂੰ ਬੰਦ ਕਰਨਾ ਪਵੇਗਾ ਤਾਂ ਹੀ ਜੋ ਕਾਰਜ ਹੋ ਰਿਹਾ ਹੈ ਉਹ ਫਿਰ ਹੀ ਖਤਮ ਹੋ ਸਕੇਗਾ। ਉਲਟਾ ਕਾਰਨ ਨੂੰ ਸਮਝੇ ਬਗੈਰ ਅਤੇ ਇਸ ਨੂੰ ਬਦਲਣ ਬਗ਼ੈਰ ਕਾਰਜ ਨੂੰ ਖਤਮ ਕਰਨ ਲਈ ਕੀਤੇ ਯਤਨ ਸਾਰਥਕ ਨਹੀਂ ਹੋਣਗੇ ਬਲਕਿ ਸਮੱਸਿਆ ਹੋਰ ਵੀ ਗੁੰਲਝਦਾਰ ਬਣੇਗੀ। ਪਹਿਲਾਂ ਅਧਾਰ ਹੈ ਅਤੇ ਉਸਾਰੀ ਬਾਅਦ ਵਿਚ ਹੈ। ਉਸਾਰੀ ਨੂੰ ਹੀ ਮੁੱਖ ਰੱਖ ਕੇ ਇਸਨੂੰ ਬਦਲਣ ਜਾਂ ਖਤਮ ਕਰਨ ਦੀ ਇੱਛਾ ਸਫ਼ਲ ਨਹੀਂ ਹੋਵੇਗੀ। ਆਧਾਰ ਅਤੇ ਉਸਾਰੀ ਦੋਵੇਂ ਇਕ ਦੂਜੇ ਦੇ ਪੂਰਕ ਹਨ ਜੋ ਕਿ ਨਾਲੋਂ ਨਾਲ ਅਤੇ ਇਕੱਠੇ ਹੀ ਹੁੰਦੇ ਹਨ। ਇਸ ਉਸਾਰੀ ਨੂੰ ਖਤਮ ਕਰਨ ਲਈ ਕਿਸੇ ਗੈਬੀ ਸ਼ਕਤੀ ਦੀ ਅਰਾਧਨਾ ਕਰਨੀ ਅਤੇ ਆਸ ਰੱਖਣੀ ਕਿ ਇਹ ਉਸਾਰੀ ਖਤਮ ਹੋ ਜਾਵੇਗੀ, ਬਿਲਕੁਲ ਫਜ਼ੂਲ ਸਾਬਤ ਹੋਵੇਗੀ। ਇਹ ਸਾਰੀਆਂ ਸਮੱਸਿਆਵਾਂ ਇਸ ਦੀ ਉਪਜ ਹਨ। ਜੇਕਰ ਰਾਜ ਸ਼ਕਤੀ ਸਮਾਜਕ ਸ਼ਕਤੀ, ਬੁੱਧੀਜੀਵੀ ਮੰਡਲ ਇਸ ਪ੍ਰਤੀ ਆਪਣੀ ਪਹੁੰਚ ਦਰੁਸਤ ਨਹੀਂ ਕਰਦਾ ਤਾਂ ਸਮੱਸਿਆ ਹੱਲ ਨਹੀਂ ਹੋਵੇਗੀ। ਵਾਤਾਵਰਨ ਖ਼ਰਾਬ ਹੋ ਰਿਹਾ ਹੈ। ਇਸ ਦੇ ਵੀ ਕਾਰਨ ਹਨ। ਇਹ ਆਪਣੇ ਆਪ ਨਹੀਂ ਹੋ ਰਿਹਾ, ਕੋਈ ਇਸ ਨੂੰ ਖ਼ਰਾਬ ਕਰ ਰਿਹਾ ਹੈ। ਅਸਲੀ ਦੁਸ਼ਮਨ ਦੀ ਨਿਸ਼ਾਨਦੇਹੀ ਕਰਨ ਤੋਂ ਬਗ਼ੈਰ ਇਸ ਗੰਭੀਰ ਅਲਾਮਤ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਬੇਰੁਜ਼ਗਾਰੀ, ਭੁੱਖ, ਗਰੀਬੀ, ਅਨਪੜ੍ਹਤਾ ਅਤੇ ਨਸ਼ਾਖੋਰੀ ਇਹ ਸਭਨਾਂ ਨੂੰ ਕੋਈ ਕਾਰਨ ਜਾਂ ਕੋਈ ਆਧਾਰ ਪੈਦਾ ਕਰ ਰਿਹਾ ਹੈ। ਇਹ ਉਸ ਦੇ ਆਪਣੇ ਜਮਾਤੀ ਹਿੱਤਾਂ ਨਾਲ ਇਹ ਚੀਜ਼ ਨੱਥੀ ਹੈ। ਜੇਕਰ ਉਹ ਜਮਾਤ ਜਾਂ ਸਮਾਜ ਜੋ ਉਸ ਨੂੰ ਪੈਦਾ ਕਰਨ ਦਾ ਜ਼ਿੰਮੇਵਾਰ ਹੈ ਅਤੇ ਸੁੱਖ ਨਾਲ ਉਹੀ ਰਾਜਭਾਗ ਦਾ ਵੀ ਮਾਲਕ ਹੋ ਤਾਂ ਫਿਰ ਇਹ ਸੋਨੇ ਤੇ ਸੁਹਾਗਾ ਹੁੰਦਾ ਹੈ। ਇਹ ਸਮਾਜਕ ਕੋਹੜ ਖਤਮ ਨਹੀਂ ਹੋ ਸਕਦਾ। ਜਿਹੜੀ ਸ਼ਕਤੀ ਇਸ ਨੂੰ ਪੈਦਾ ਕਰ ਰਹੀ ਹੈ ਉਹ ਕਾਰਜ ਵੱਲ ਹੀ ਉਂਗਲ ਕਰੇਗੀ ਅਤੇ ਕਾਰਨ ਨੂੰ ਅੱਖੋਂ ਪਰੋਖੇ ਕਰਨ ਲਈ ਹੀ ਆਪਣੇ ਸਾਧਨ ਸੋਚ ਅਤੇ ਹੋਰ ਹੀਲੇ ਵਸੀਲੇ ਕਰੇਗੀ। ਨਸ਼ਾਖੋਰੀ ਨੂੰ ਖਤਮ ਕਰਨ ਲਈ ਨਸ਼ਾਖੋਰਾਂ ਨੂੰ ਫੜਨਾ ਅਤੇ ਇਸ ਦੇ ਸੋਮੇ ਨੂੰ ਅੱਖੋਂ ਪਰੋਖੇ ਕਰਨਾ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਦੀ ਦੁਹਾਈ ਪਾਉਣੀ ਅਤੇ ਬੇਰੁਜ਼ਗਾਰੀ ਦੇ ਕਾਰਨ ਅਣਗੌਲੇ ਕਰਨਾ ਹੀ ਇਸ ਦੀ ਚਤੁਰਾਈ ਹੈ। ਆਮ ਲੋਕਾਂ ਨੂੰ ਅਤੇ ਸਮਾਜ ਨੂੰ ਭੰਬਲ-ਭੂਸੇ ਵਿਚ ਪਾਉਂਦੀ ਹੈ। ਇਹ ਜਮਾਤੀ ਹਿੱਤ ਅਤੇ ਪੈਸੇ ਦੀ ਦੌੜ ਸਾਰੇ ਸਮਾਜ ਨੂੰ ਅਧਰੰਗ ਕਰ ਦਿੰਦੇ ਹਨ। ਉਹ ਅੰਨ੍ਹੇਵਾਹ ਪੈਸੇ ਅਤੇ ਕੁਦਰਤੀ ਵਸੀਲੇ ਹਥਿਆਉਂਦਾ ਹੈ ਅਤੇ ਇਸ ਕੁਦਰਤ ਨੂੰ ਖਰਾਬ ਕਰੀ ਜਾ ਰਿਹਾ ਹੈ। ਇਸ ਦਾ ਵਿਰੋਧ ਭਾਵੇਂ ਲੁਕਵੇਂ ਜਾਂ ਸਪਸ਼ਟ ਤੌਰ 'ਤੇ ਹੋ ਰਿਹਾ ਹੈ ਪਰ ਹਾਲੇ ਲੋਕਾਂ ਦੀ ਇਹ ਸਮਝ ਨਹੀਂ ਬਣੀ ਕਿ ਇਸ ਅਲਾਮਤ ਨੂੰ ਖਤਮ ਕਰਨ ਲਈ ਮੁੱਢਲੀ ਤਬਦੀਲੀ ਦੀ

ਲੋੜ ਹੈ ਅਤੇ ਪੈਦਾਵਾਰੀ ਰਿਸ਼ਤੇ ਬਦਲਣ ਤੋਂ ਬਿਨਾਂ ਇਹ ਸਮੱਸਿਆਵਾਂ ਖਤਮ ਨਹੀਂ ਹੋਣੀਆਂ ਜਿਸ ਦੇ ਲਈ ਬਹੁਪੱਖੀ ਯਤਨ ਤਾਂ ਹੋ ਰਹੇ ਹਨ ਪਰ ਹਾਲੀ ਸਪੱਸ਼ਟ ਤਬਦੀਲੀ ਦੇ ਸੰਕੇਤ ਨਹੀਂ ਆ ਰਹੇ। ਕਈ ਰੰਗਾਂ ਢੰਗਾਂ ਨਾਲ ਚੱਲ ਰਹੇ ਯਤਨ ਹਾਲੇ ਕਾਰਗਰ ਨਹੀਂ ਹੋ ਰਹੇ। ਪਰ ਹੌਲੀ-ਹੌਲੀ ਗਿਣਾਤਮਕ ਪ੍ਰਕਿਰਿਆ ਹੋਣ ਤੋਂ ਬਾਅਦ ਹੀ ਗੁਣਾਤਮਕ ਤਬਦੀਲੀ ਹੋ ਸਕੇਗੀ। ਇਸ ਕੋਹੜ ਨੂੰ ਖਤਮ ਕਰਨ ਲਈ ਬਹੁਤ ਸਾਰੇ ਲਿਖਾਰੀ, ਕਵੀ, ਸਾਹਿਤਕ ਪ੍ਰੇਮੀ ਆਪਣੇ-ਆਪਣੇ ਢੰਗ ਨਾਲ ਆਪਣਾ ਯੋਗਦਾਨ ਪਾ ਰਹੇ ਹਨ। ਮੁੱਢਲੇ ਕਾਰਨ ਨੂੰ ਫੜਨ ਦਾ ਯਤਨ ਹੋ ਰਿਹਾ ਹੈ ਜੋ ਕਿ ਬਹੁਤ ਜ਼ਰੂਰੀ ਹੈ ਅਤੇ ਇਹ ਕਾਰਨ ਲੋਕਾਂ ਨੂੰ ਸਮਝ ਆਉਣਾ ਬਹੁਤ ਲਾਜ਼ਮੀ ਹੈ। ਜਿੰਨਾ ਚਿਰ ਬਹੁਸੰਖਿਆ ਦੀ ਸਮਝ ਦਾ ਹਿੱਸਾ ਨਹੀਂ ਬਣਦਾ ਤਾਂ ਇਹ ਲੁਕਵੀਂ ਅਤੇ ਬਾਹਰੀ ਜੰਗ ਫਤਿਹ ਨਹੀਂ ਹੋਵੇਗੀ। ਗੁਰਬਾਣੀ ਦਾ ਸ਼ਬਦ ਹੈ ਕਿ ਮ? ?॥ ਜਹਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥ ਸਾਰੇ ਹੀ ਵਰਤਾਰੇ ਇਕ ਦੂਜੇ ਨਾਲ ਜੁੜਵੇਂ ਹਨ ਕੋਈ ਅਮਲ ਵਰਤਾਰਾ ਇਕੱਲੇ ਤੌਰ ਤੇ ਨਹੀਂ ਵਰਤਦਾ। ਇਕ ਦੂਜੇ 'ਤੇਅਸਰ ਅੰਦਾਜ਼ ਹੁੰਦਾ ਹੈ ਅਤੇ ਜੁੜਵਾਂ ਹੈ। ਇਸ ਲਈ ਸਮੁੱਚਤਾ ਨੂੰ ਸਮਝਣਾ ਹੀ ਅੱਜ ਦੇ ਸਮੇਂ ਦੀ ਲੋੜ ਹੈ। ਟੁਕੜਿਆਂ ਵਿਚ ਸਮੱਸਿਆ ਖਤਮ ਨਹੀਂ ਹੋਵੇਗੀ। ਸਮੁੱਚਤਾ ਵਿਚ ਹੀ ਇਹ ਸਮੱਸਿਆ ਆਵੇਗੀ ਅਤੇ ਸਮੁੱਚਤਾ ਲਈ ਕੀਤੇ ਯਤਨ ਹੀ ਸਾਰਥਕ ਹੋਣਗੇ। ਇਸ ਲਈ ਸਹੀ ਸੋਚ ਅਤੇ ਤਰਕਸੰਗਤ ਵਿਗਿਆਨਕ ਪਹੁੰਚ ਅਤੇ ਬੇਕਿਰਕ ਸੰਘਰਸ਼ ਦੀ ਲੋੜ ਹੈ। ਅਵਾ ਤਵਾ ਇਧਰ-ਉਧਰ ਅੱਕੀਂ ਪਲਾਹੀ ਹੱਥ ਮਾਰਨ ਨਾਲ ਕੋਈ ਸਿੱਟਾ ਨਹੀਂ ਨਿਕਲਦਾ। ਸਹੀ ਅਤੇ ਵਿਗਿਆਨਕ ਸੋਚ ਇਸ ਦੇ ਪਿੱਛੇ ਕਾਰਨ ਅਤੇ ਕਰਤਾ ਦੀ ਠੀਕ ਨਿਸ਼ਾਨਦੇਹੀ ਹੀ ਕੋਈ ਸਿੱਟਾ ਕੱਢਣ ਦੇ ਯੋਗ ਹੋਵੇਗੀ।

ਕੁਦਰਤ ਨੇ ਮਨੁੱਖ ਦੀ ਉਤਪਤੀ ਕੀਤੀ ਅਤੇ ਉਸ ਨੇ ਇਸ ਦੇ ਜੀਵਨ ਲਈ ਸਾਧਨ ਵੀ ਪੈਦਾ ਕੀਤੇ ਹਨ। ਮਨੁੱਖੀ ਆਧਾਰ ਕੁਦਰਤ ਹੈ। ਮਨੁੱਖ ਇਕ ਉਸਾਰੀ ਹੈ। ਕੁਦਰਤ ਕਾਰਨ ਹੈ ਅਤੇ ਕਾਰਜ ਦੇ ਤੌਰ 'ਤੇ ਮਨੁੱਖ ਦੀ ਉਤਪਤੀ ਹੈ। ਜੇਕਰ ਮਨੁੱਖ ਹੋਣ ਦਾ ਸੋਮਾ ਅਤੇ ਕਾਰਨ ਹੀ ਖਰਾਬ ਹੋ ਜਾਵੇ ਤਾਂ ਕਾਰਜ ਮਨੁੱਖੀ ਹੋਂਦ ਖਤਮ ਹੋਣ ਦਾ ਕਾਰਨ ਬਣ ਜਾਵੇਗੀ। ਮਨੁੱਖ ਵੀ ਕੁਦਰਤ ਦਾ ਅੰਸ਼ ਤੇ ਭਾਗ ਹੈ ਜੋ ਕਿ ਇਸ ਤੋਂ ਵੱਖਰਾ ਨਹੀਂ ਹੈ। ਜੇਕਰ ਇਸ ਸਾਰੇ ਅਮਲ ਨੂੰ ਵਿਗਿਆਨਕ ਤੌਰ 'ਤੇ ਸਮਝਿਆ ਜਾਵੇ ਤਾਂ ਹੀ ਇਸ ਦਾ ਹੱਲ ਸੰਭਵ ਹੈ। ਜੇਕਰ ਇਸ ਉਤਪਤੀ ਨੂੰ ਕਿਸੇ ਗੈਬੀ ਸ਼ਕਤੀ ਨਾਲ ਜੋੜ ਦਿੱਤਾ ਜਾਵੇ ਤਾਂ ਬਹਿਸ, ਵਿਚਾਰ ਤੇ ਸੋਚ ਇਕਦਮ ਹੀ ਖਤਮ ਹੋ ਜਾਂਦੀ ਹੈ। ਬਗੀਰ ਕਿਸੇ ਸਿੱਟੇ ਅਤੇ ਹੱਲ ਦੇ ਸਮੱਸਿਆ ਵੱਡੀ ਤੋਂ ਵੱਡੀ ਹੋ ਕੇ ਸਰਵਨਾਸ਼ ਤੱਕ ਪਹੁੰਚ ਜਾਵੇਗੀ।

ਮ: ?॥ ਪੰਚ ਤਤੁ ਮਿਲਿ ਦੇਹੀ ਕਾ ਅਕਾਰਾ॥

(ਆਦਿ ਗ੍ਰੰਥ, ਪੰਨਾ 1127)

ਇਹੁ ਮਨੁ ਪੰਚ ਤਤੁ ਤੇ ਜਨਮਾ॥

(ਆਦਿ ਗ੍ਰੰਥ, ਪੰਨਾ: 415)

ਇਹ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਜੇਕਰ ਇਨ੍ਹਾਂ ਤੱਤਾਂ 'ਚੋਂ ਕੋਈ ਵੀ ਤੱਤ ਪ੍ਰਦੂਸ਼ਤ ਹੋ ਜਾਵੇ ਤਾਂ ਮਨੁੱਖ ਬਚ ਨਹੀਂ ਸਕਦਾ। ਮਨੁੱਖ ਕੁਦਰਤ ਦੀ ਗੋਦ ਵਿਚ ਪਲ ਰਿਹਾ ਹੈ ਜਿਸ ਵਿਚ ਪੌਣ ਪਾਣੀ, ਧਰਤੀ, ਆਕਾਸ਼, ਬਸੰਤਰ ਆਉਂਦੇ ਹਨ। ਜੇਕਰ ਮਨੁੱਖ ਆਪਣੇ ਆਪ ਨੂੰ ਬਚਾਉਣਾ ਚਾਹੁੰਦਾ ਹੈ ਤਾਂ ਮਨੁੱਖ ਨੂੰ ਇਨ੍ਹਾਂ ਪੰਜਾਂ ਤੱਤਾਂ ਨੂੰ ਪਲੀਤ ਹੋਣ ਤੋਂ ਬਚਾਉਣਾ ਪਵੇਗਾ। ਪਾਣੀ ਸਭ ਜੀਵਾਂ ਦਾ ਪਿਓ ਹੈ ਧਰਤੀ ਮਾਤਾ ਹੈ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਆਦਿ ਗ੍ਰੰਥ, ਪੰਨਾ : 08)

ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ॥ (ਆਦਿ ਗ੍ਰੰਥ, ਪੰਨਾ : 62)

ਮਨੁੱਖ ਨੇ ਆਪਣੀ ਜ਼ਿੰਦਗੀ ਸੁਖੀ ਕਰਨ ਲਈ ਔਜ਼ਾਰ ਬਣਾਏ ਅਤੇ ਹੱਥਾਂ ਅਤੇ ਦਿਮਾਗ਼ ਦੇ ਸੁਮੇਲ ਨੇ ਔਜ਼ਾਰਾਂ ਨੂੰ ਪ੍ਰਫੁਲਤ ਕੀਤਾ ਅਤੇ ਮਨੁੱਖ ਅੱਜ ਦੇ ਯੁੱਗ 'ਚ ਪਹੁੰਚ ਗਿਆ। ਔਜ਼ਾਰ ਇੰਨੀ ਤਰੱਕੀ ਕਰ ਗਿਆ ਕਿ ਮਨੁੱਖ ਜਾਤੀ ਨੇ ਇਸ ਨੂੰ ਬਣਾਇਆ ਹੈ ਅਤੇ ਇਹ ਉਸ ਨੂੰ ਹੀ ਵਿਹਲਾ ਕਰਦਾ ਗਿਆ। ਅਪਣਤ ਦੀ ਭਾਵਨਾ ਨੇ ਅਤੇ ਕੁਦਰਤੀ ਦਾਤਾਂ ਨੂੰ ਆਪਣੇ ਵਸ ਕਰਨ ਅਤੇ ਹਥਿਆਉਣ ਦੀ ਲਾਲਸਾ ਨੇ, ਕੁਦਰਤੀ ਦਾਤਾਂ ਨੂੰ ਪਲੀਤ ਕਰਨਾ ਸ਼ੁਰੂ ਕਰ ਦਿੱਤਾ।

ਪਾਣੀ ਜੀਵਨ ਦਾ ਆਧਾਰ ਹੈ। ਮਨੁੱਖ ਦੇ ਸਰੀਰ ਦਾ ਤਿੰਨ ਹਿੱਸੇ ਪਾਣੀ ਹੈ।

ਕੁਦਰਤ ਨੇ ਮਨੁੱਖ ਅਤੇ ਜੀਵ ਜੰਤੂਆਂ ਲਈ ਪਾਣੀ ਧਰਤੀ ਦੇ ਹੇਠਾਂ ਅਤੇ ਧਰਤੀ ਦੇ ਉਪਰ ਸੁਰੱਖਿਅਤ ਕੀਤਾ। ਮਨੁੱਖ ਆਪਣੇ ਜੀਵਨ ਲਈ ਇਸ ਕੁਦਰਤੀ ਦਾਤ ਨੂੰ ਬਗ਼ੈਰ ਮੁੱਲ ਦਿੱਤਿਆਂ ਮਾਣ ਰਿਹਾ ਸੀ। ਜ਼ਿੰਦਗੀ ਬਸਰ ਕਰ ਰਿਹਾ ਸੀ। ਪਾਣੀ ਕੁਦਰਤੀ ਦਾਤ ਹੈ ਜਿਹੜੀ ਹੁਣ ਜਿਣਸ ਬਣ ਗਈ ਹੈ। ਮੰਡੀ ਦਾ ਸ਼ਿੰਗਾਰ ਬਣ ਕੇ ਨਿੱਕੀਆਂ ਬੋਤਲਾਂ ਅਤੇ ਡੱਬਿਆਂ ਵਿਚ ਵਿਕਣਾ

ਸ਼ੁਰੂ ਹੋ ਗਿਆ ਹੈ। ਪਾਣੀ ਦਾ ਵਪਾਰ ਬਹੁਤ ਵੱਡਾ ਹੈ ਜਿਸ ਨੂੰ ਹਥਿਆਉਣ ਲਈ ਵੱਡੀਆਂ-ਵੱਡੀਆਂ ਕੰਪਨੀਆਂ ਉਤਪੰਨ ਹੋ ਗਈਆਂ ਹਨ ਅਤੇ ਪਾਣੀ ਕੁਦਰਤੀ ਸੌਗਾਤ ਤੋਂ ਮੁੱਲ ਵਾਲੀ ਚੀਜ਼ ਬਣ ਗਈ ਹੈ।

ਪਹਿਲਾਂ ਇਨ੍ਹਾਂ ਲੋਕਾਂ ਨੇ ਪਾਣੀ ਨੂੰ ਗੰਧਲਾ ਕੀਤਾ ਅਤੇ ਬਾਅਦ ਵਿਚ ਪਾਣੀ ਦਾ ਵਪਾਰ ਚਲਾਇਆ। ਪਾਣੀ ਸਾਫ਼ ਹੋਣਾ ਅਤੇ ਕੁਦਰਤੀ ਦਾਤ ਹੋਣਾ ਅਤੇ ਆਮ ਲੋਕਾਂ ਨੂੰ ਕੁਦਰਤੀ ਦਾਤ ਵਜੋਂ ਮੁਫ਼ਤ ਮਿਲੇ ਇਹ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ।

ਸ਼ਾਇਦ ਹੁਣ ਬੱਚਿਆਂ ਨੂੰ ਇਹ ਪਤਾ ਵੀ ਨਹੀਂ ਲੱਗੇਗਾ ਕਿ ਇਹ ਪਾਣੀ ਕਿਸੇ ਸਮੇਂ ਸਵੱਛ ਅਤੇ ਮੁਫ਼ਤ ਵਸਤੂ ਸੀ। ਪਾਣੀ ਨੂੰ ਸਾਫ਼ ਤੇ ਪੀਣਯੋਗ ਬਣਾਉਣਾ ਆਮ ਇਨਸਾਨ ਦੇ ਵੱਸ ਦਾ ਨਹੀਂ ਰਹਿ ਗਿਆ। ਪਾਣੀ ਇਨਾ ਗੰਧਲਾ ਹੈ ਕਿ ਪੀਣਯੋਗ ਨਹੀਂ ਰਿਹਾ। ਇਹ ਇਕ ਕਾਰਜ ਬਣ ਗਿਆ ਹੈ ਅਤੇ ਇਸ ਦੇ ਆਧਾਰ, ਕਾਰਨ ਕਰਕੇ ਹੀ ਇਹ ਗੈਰ ਮਨੁੱਖੀ ਵਰਤਾਰਾ ਵਰਤਿਆ ਅਤੇ ਮਨੁੱਖੀ ਹੋਂਦ ਨੂੰ ਖਤਰਾ ਬਣ ਗਿਆ। ਇਸ ਦੇ ਕਾਰਨ ਨੂੰ ਸਮਝਣ ਤੋਂ ਬਗ਼ੈਰ ਇਹ ਸਮੱਸਿਆ ਹੱਲ ਨਹੀਂ ਹੋਣੀ। ਪੈਸਾ ਹੀ ਇਸ ਜੀਵਨ ਸ਼ੈਲੀ ਦਾ ਮੁੱਖ ਚਾਲਕ ਬਣ ਗਿਆ ਅਤੇ ਸਾਧਨ ਸਮਰੱਥ ਅਤੇ ਰਾਜ ਕਰੂ ਸ਼ਕਤੀਆਂ ਇਸ ਕਾਰਨ/ਅਧਾਰ ਨੂੰ ਖਤਮ ਕਰਨ ਲਈ ਯਤਨ ਨਹੀਂ ਕਰ ਰਹੀਆਂ ਹੈ। ਉਹ ਪਾਣੀ ਖਰਾਬ ਨੂੰ ਪੀਣ ਯੋਗ ਤੇ ਠੀਕ ਕਰਨ ਲਈ ਆਪਣੇ ਜਮਾਤੀ ਹਿੱਤ ਕੁਰਬਾਨ ਨਹੀਂ ਕਰ ਸਕਦੀਆਂ। ਪਾਣੀ ਨੂੰ ਵੇਚਣ ਲਈ ਕੁਦਰਤੀ ਪਾਣੀ ਗੰਧਲਾ ਹੋਵੇ ਅਤੇ ਇਹ ਉਨ੍ਹਾਂ ਦੇ ਹਿੱਤ ਵਿੱਚੋਂ ਹੈ ਅਤੇ ਇਸ ਲਈ ਇਨ੍ਹਾਂ ਜਮਾਤਾਂ ਦੇ ਕੀਤੇ ਯਤਨ ਇਕ ਪਾਸੇ ਭਰਮ ਭੁਲੇਖੇ ਵਾਲੇ ਹਨ। ਦੂਜੇ ਪਾਸੇ ਪਾਣੀ ਦੇ ਵਪਾਰੀ ਹਨ।

ਕਦੀ ਵੀ ਮਨੁੱਖ ਨੇ ਇਹ ਨਹੀਂ ਸੋਚਿਆ ਸੀ ਕਿ ਪਾਣੀ ਵੀ ਮੁੱਲ ਮਿਲੇਗਾ। ਪਾਣੀ ਵੀ ਦੋ ਕਿਸਮ ਦੇ ਹੋ ਗਏ ਹਨ। ਡਾ. ਰਾਮ ਮੂਰਤੀ ਚੀਕਦਾ ਅਤੇ ਵੇਦਨਸ਼ੀਲ ਹੋ ਕੇ ਦੁਹਾਈ ਪਾਉਂਦਾ ਹੈ ਕਿ ਪਾਣੀ ਦੇ ਵਿਚ ਸੋਟਾ ਵੱਜਾ ਪਾਣੀ ਹੋ ਗਏ ਦੋ।(ਪੁਸਤਕ ਕਿੱਥੇ ਗਈ ਖ਼ੁਸ਼ਬੂ ਵਿਚੋਂ) ਪਾਣੀ ਨੂੰ ਗੰਧਲਾ ਕਰਨਾ, ਧਰਤੀ ਨੂੰ ਜ਼ਹਿਰੀਲੀ ਬਣਾਉਣਾ, ਫਲਾਂ ਸਬਜ਼ੀਆਂ ਅਤੇ ਹੋਰ ਖਾਦ ਖੁਰਾਕਾਂ ਨੂੰ ਸ਼ੱਕੀ ਬਣਾਉਣਾ ਹੀ ਜਮਾਤੀ ਹਿੱਤ ਹਨ ਅਤੇ ਇਹ ਜਮਾਤ ਹੁਣ ਸਾਡੇ ਧਾਰਮਿਕ, ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਪਿੜ ਮੌਲੀ ਬੈਠੀ ਹੈ। ਇਸ ਦਾ ਇੱਕੋ ਇਕ ਨਿਸ਼ਾਨਾ/ਮੰਤਵ ਹੈ ਕਿ ਹਰੇਕ ਵਸਤੂ ਨੂੰ ਮੰਡੀ ਵਿਚ ਪਹੁੰਚਾਉਣਾ ਅਤੇ ਲਾਭ/ਲੁੱਟ ਕਰਨੀ। ਪਾਣੀ ਅਤੇ ਧਰਤੀ ਵਾਤਾਵਰਨ ਸਾਫ਼ ਸੁਥਰਾ ਹੋਵੇ ਅਤੇ ਇਸ ਨੂੰ ਇਕੱਲੇ ਤੌਰ 'ਤੇ ਛੱਡਿਆ ਨਹੀਂ ਜਾ ਸਕਦਾ। ਇਸ ਦਾ ਕਾਰਨ ਆਰਥਿਕ ਰਿਸ਼ਤੇ ਹਨ ਪੈਦਾਵਾਰੀ ਸ਼ਕਤੀਆਂ (ਮਨੁੱਖ ਅਤੇ ਔਜ਼ਾਰ) ਅਤੇ ਪੈਦਾਵਾਰ ਦੀ ਵੰਡ ਦੇ ਅੰਤਰ ਸੰਬੰਧਾਂ ਦਾ ਮਾਮਲਾ ਹੈ। ਇਸ ਨੂੰ ਤਿਆਗ ਕੇ ਜਾਂ ਖਤਮ ਕਰਕੇ ਜਨ ਹਿੱਤ ਵਾਲੀ ਵਿਵਸਥਾ ਕਾਇਮ ਕੀਤੀ ਜਾਣੀ ਚਾਹੀਦੀ ਹੈ। ਇਹ ਇਕ ਵੱਡਾ ਕਾਰਜ ਹੈ ਜਿਸ ਲਈ ਚੇਤਨ ਲੋਕ ਕਈ ਰੰਗਾਂ ਢੰਗਾਂ ਨਾਲ ਯਤਨ ਕਰ ਰਹੇ ਹਨ। ਇਹ ਜਮਾਤੀ ਲੜਾਈ ਹੈ। ਇਹ 80% ਲੋਕਾਂ ਦੀ ਜਿੱਤ ਦਾ ਸਵਾਲ ਹੈ। ਇਕ ਪਾਸੇ ਸਾਧਨ ਸਮਰੱਥ, ਕੁਦਰਤੀ ਸਾਧਨ ਤੇ ਕਾਬਜ਼ ਮੁੱਠੀ ਭਰ ਲੋਕ, ਦੂਜੇ ਪਾਸੇ 80% ਸਾਧਨਹੀਣ ਅਤੇ ਕਿਰਤ ਸ਼ਕਤੀ ਵੇਚਣ ਵਾਲੇ ਅਤੇ ਮੰਡੀ ਦਾ ਮਾਲ ਬਣੇ ਲੋਕ, ਇਹ ਯੁੱਧ ਬਹੁਤ ਦੇਰ ਤੋਂ ਚਲਿਆ ਆ ਰਿਹਾ ਹੈ। ਇਸ ਦੀ ਫਤਿਹ ਹੀ ਕੁਦਰਤ ਨੂੰ ਬਚਾਏਗੀ। ਕੁਦਰਤ ਦੀ ਬੰਦਗੀ ਦਾ ਰਾਹ ਖੋਲ੍ਹੇਗੀ। ਮਨੁੱਖ ਕੁਦਰਤ ਦੀ ਗੋਦ ਵਿਚ ਬੈਠ ਕੇ ਅਨੰਦਮਈ ਜੀਵਨ ਬਸਰ ਕਰ ਸਕੇਗਾ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਬਹੁਤ ਬਿਆਨ/ਕਲਮਬੱਧ ਕੀਤਾ ਹੈ ਅੱਜ ਤੋਂ 500 ਸਾਲ ਪਹਿਲਾਂ ਹੀ ਮਨੁੱਖੀ ਜ਼ਿੰਦਗੀ ਨੂੰ ਕੁਦਰਤੀ ਆਰਾਧਨਾ ਦਾ ਸਬਕ ਦੇ ਕੇ ਗਏ ਹਨ। ਵਿਗਿਆਨ ਦੇ ਕੁਦਰਤ ਪ੍ਰਤੀ ਰਵੱਈਏ ਅਤੇ ਉਸ ਦੀ ਕਾਰਗੁਜ਼ਾਰੀ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਦੇਖਿਆ ਪਰਖਿਆ ਅਤੇ ਸਮਝਿਆ ਜਾਵੇ। "ਬਲਿਹਾਰੀ ਕੁਦਰਿਤ ਵਸਿਆ॥ ਤੇਰਾ ਅੰਤ ਨ ਜਾਈ ਲਖਿਆ।"

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ (ਆਦਿ ਗ੍ਰੰਥ, ਪੰਨਾ: 1035)

ਤੋਂ ਸ਼ੁਰੂ ਹੋ ਕੇ ਗੁਰੂ ਸਾਹਿਬ ਕੁਦਰਤ ਨੂੰ ਬਿਆਨ ਕਰਦੇ ਹਨ, ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਆਦਿ ਗ੍ਰੰਥ, ਪੰਨਾ: 19)

ਉਪਰੋਕਤ ਮਹਾਂਵਾਕ ਇਹ ਸਿੱਧ ਕਰਦੇ ਹਨ ਕਿ ਕੁਦਰਤ ਨੇ ਹੀ ਇਹ ਸਾਰੀ ਰਚਨਾ ਰੌਣਕ ਮੇਲਾ ਪੈਦਾ ਕੀਤਾ ਹੈ ਜਿਸ ਨੂੰ ਇਹ ਲਾਲਚੀ ਸ਼ਾਤਰ ਦਿਮਾਗ਼ ਮਨੁੱਖ ਖਰਾਬ ਕਰ ਰਿਹਾ ਹੈ। ਗੁਰੂ ਸਾਹਿਬਾਨ ਨੇ ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਕਹਿ ਕੇ ਨਿਵਾਜਿਆ ਜੋ ਵਿਗਿਆਨਕ ਅਤੇ ਤਰਕ ਸੰਗਤ ਹੈ।

ਇਹ ਹਵਾਈ ਗੱਲਾਂ ਨਹੀਂ ਹਨ। ਇਹ 'ਆਦਿ ਸਚ ਜੁਗਾਦਿ ਸਚ' ਵਾਲੀ ਗੱਲ ਹੈ। ਪਰ ਹੁਣ ਮਨੁੱਖ (ਸਾਧਨ ਸਮਰੱਥ) ਇਸ ਗੱਲ ਨੂੰ ਨਹੀਂ ਸਮਝਦਾ। ਕੁਦਰਤ ਨੂੰ ਪਲੀਤ ਕਰਨ ਲਈ ਆਪਣੀ ਕਾਰਵਾਈ ਕਰਦਾ ਹੈ। ਗੁਰਬਾਣੀ ਨੂੰ ਮੱਥਾ ਟੇਕਦਾ ਸਿਜਦੇ ਕਰਦਾ ਹੈ ਪਰ ਉਸ ਦੇ ਆਪਣੇ ਜਮਾਤੀ ਹਿੱਤ ਗੁਰਬਾਣੀ ਦੇ ਅਮਲ ਨਾਲ ਟਕਰਾਉਂਦੇ ਹਨ। ਉਹ ਆਪ ਪਖੰਡੀ ਤੌਰ 'ਤੇ ਸ਼ਰਧਾ ਵਿਚ ਡੁੱਬਦਾ ਹੈ ਅਤੇ ਇਸ ਤਰ੍ਹਾਂ ਦਾ ਤਾਣਾ-ਬਾਣਾ ਸਿਰਜਦਾ ਹੈ ਕਿ ਆਮ ਲੋਕਾਈ ਵੀ ਸ਼ਰਧਾ ਵਿਚ ਡੁੱਬ ਜਾਵੇ ਅਤੇ ਗੁਰਬਾਣੀ ਦੀ ਰੂਹ 'ਅਮਲ' ਨੂੰ ਨਾ ਅਪਣਾਵੇ।

ਗੁਰਬਾਣੀ ਸਾਡਾ ਬਹੁਤ ਮਹਾਨ ਵਿਰਸਾ ਹੈ। ਇਹ ਆਮ ਮਿਹਨਤਕਸ਼ ਲੋਕਾਂ ਲਈ ਰਾਹ ਦਸੇਰਾ ਹੈ ਅਤੇ ਮੁਕਤੀ ਲਈ ਬਲਦੀ ਲਾਟ ਹੈ ਪਰ ਇਸ ਉਪਰ ਅਮਲ ਕਰਨਾ ਅਜੋਕੀ ਸਮਾਜਿਕ ਸਥਿਤੀ ਵਿਚ ਬਗ਼ਾਵਤ ਨੂੰ ਜਨਮ ਦੇਵੇਗਾ ਅਤੇ ਸਰਵਸਮਰੱਥ ਲਹੂ ਪੀਣੀ ਭੂ-ਮੰਡਲੀ ਜਮਾਤ ਦੇ ਗੁੱਸੇ ਅਤੇ ਜੁਲਮ ਦਾ ਸ਼ਿਕਾਰ ਬਣੇਗਾ। ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਵਿਚ ਇਹ ਲਹੂ ਪੀਣੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਮਾਤਾਂ ਖਿਲਾਫ਼ ਸੰਘਰਸ਼ ਕਰਨ ਕਰਕੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਜੋ ਕਿ ਅੱਜ ਦੇ ਸਮੇਂ ਵਿਚ ਕੌਤਕ ਲੱਗਦੀਆਂ ਹਨ। ਪਰ ਉਸ ਸਮੇਂ ਦੇ ਹਾਕਮਾਂ ਨੇ ਜ਼ੁਲਮ ਦੀ ਹੱਦ ਮੁਕਾ ਦਿੱਤੀ ਸੀ। ਅੱਜ ਦੀ ਸਥਿਤੀ ਵਿਚ ਵੀ ਇਹੀ ਵਾਪਰੇਗਾ ਅਤੇ ਵਾਪਰ ਰਿਹਾ ਹੈ। ਜਿਹੜਾ ਉੱਚੀ-ਉੱਚੀ ਕੂਕ ਕੇ ਕਹੇਗਾ "ਜੇ ਰਤੁ ਲਗੇ ਕਪੜੇ ਜਾਮਾ ਹੋਇ ਪਲੀਤੁ ਜੋ ਰਤੁ ਪੀਵਹਿ ਮਣਸਾ ਤਿਨ ਕੀਆ ਨਿਰਮਲੁ ਚੀਤ" ਨਿਰਾ ਗੁਰਬਾਣੀ ਦੇ ਸਲੋਕ ਪੜ੍ਹੇਗਾ ਨਹੀਂ ਬਲਕਿ ਜਿਹੜੇ ਮਨੁੱਖਤਾ ਦਾ ਖ਼ੂਨ ਪੀਂਦੇ ਹਨ, ਉਨ੍ਹਾਂ ਵੱਲ ਉਂਗਲ ਕਰੇਗਾ ਤਾਂ ਫਿਰ ਉਹੀ ਪਿਛਲੀ ਸਾਡੀ ਮਹਾਨ ਵਿਰਾਸਤ ਚੇਤੇ ਆਵੇਗੀ ਤਾਂ ਫਿਰ ਉਹੀ ਇਤਿਹਾਸ ਦੁਹਰਾਇਆ ਜਾਵੇਗਾ। ਗੁਰੂ ਸਹਿਬਾਨ ਦਾ ਸਿਧਾਂਤ/ਗੁਰਬਾਣੀ ਅਮਲ ਦਾ ਵਿਸ਼ਾ ਹੈ ਨਿਰਾ ਸ਼ਰਧਾ ਦਾ ਅਤੇ ਇਸ ਤੋਂ ਕੁਝ ਮੰਗਣ ਦਾ ਵਿਸ਼ਾ ਨਹੀਂ "ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਇ"। ਅਜੋਕੀ ਕੋਈ ਵੀ ਰਚਨਾ, ਕੋਈ ਵੀ ਸੰਘਰਸ਼, ਕੋਈ ਵੀ ਹਕ ਸੱਚ ਦੀ ਲੜਾਈ, ਗੁਰਬਾਣੀ ਦੀ ਸੇਧ ਤੋਂ ਬਗੈਰ ਜੇ ਆਪਣੇ ਵਿਰਸੇ ਤੋਂ ਅਲੱਗ ਹੋਵੇਗੀ ਤਾਂ ਹਵਾ ਵਿਚ ਹੀ ਰਲ ਜਾਵੇਗੀ। ਜਦੋਂ ਲੋਕਾਂ ਦੇ ਦਿਮਾਗ ਦਾ ਹਿੱਸਾ ਬਣ ਕੇ ਸਮਾਜਕ ਤਬਦੀਲੀ ਦਾ ਵਸੀਲਾ ਬਣੇਗੀ ਤਾਂ ਫਿਰ ਦੇਖਣਾ ਕਿਵੇਂ ਔਰੰਗਜ਼ੇਬ ਹਰਕਤ ਵਿਚ ਆਉਂਦਾ ਹੈ। ਵਿਚਾਰ ਜਨਮਦੇ ਹਨ ਅਤੇ ਲੋਕਾਂ ਦੇ ਦਿਮਾਗ ਦਾ ਹਿੱਸਾ ਬਣਦੇ ਹਨ ਅਤੇ ਪੱਕੇ ਤੌਰ ਅਵਚੇਤਨ ਮਨ ਦਾ ਹਿੱਸਾ ਹੋ ਨਿਬੜਦੇ ਹਨ। ਵਿਚਾਰ ਪਦਾਰਥਕ ਹਾਲਤਾਂ ਦੀ ਉਪਜ ਹਨ । ਪਰ ਜਿੰਨਾ ਚਿਰ ਇਹ ਲੋਕਾਂ ਦੇ ਦਿਮਾਗ ਦਾ ਹਿੱਸਾ ਨਹੀਂ ਬਣਦੇ, ਲੋਕ ਉਨ੍ਹਾਂ ਉਪਰ ਅਮਲ ਨਹੀਂ ਕਰਦੇ ਤਾਂ ਓਨਾ ਚਿਰ ਇਹ ਹਾਕਮ ਜਮਾਤਾਂ, ਧਾੜਵੀਂ ਰਾਜੇ, ਔਰੰਗਜ਼ੇਬੀ ਮਾਨਸਿਕਤਾ ਹਰਕਤ ਵਿਚ ਆਉਂਦੀਆਂ ਹਨ ਤਾਂ ਮਨੁੱਖਤਾ ਦਾ ਘਾਣ ਕਰਦੀਆਂ ਹਨ। ਮਨੁੱਖ ਇਹ ਕਦੀ ਵੀ ਨਹੀਂ ਸੋਚ ਸਕਦਾ। ਆਬੂ ਗਰੀਬਦੀ ਜੇਲ, ਗੁਮਾਨਤਾਲਾ ਦੇ ਤਸੀਹਾ ਕੇਂਦਰ, ਲਾਹੌਰ ਦਾ ਸ਼ਾਹੀ ਕਿਲਾ, ਅਜਨਾਲੇ ਵਾਲਾ ਕਾਲਾ ਖੂਹ, ਜਲਿਆਂਵਾਲਾ ਬਾਗ਼, ਕੋਰੜੇ ਵਾਲੀ ਗਲੀ, ਕਾਲੇ ਪਾਣੀ ਦੀਆਂ ਜੇਲ੍ਹਾਂ, ਮਨੁੱਖੀ ਪਿੰਜਰੇ, ਕਾਲ ਕੋਠੜੀਆਂ, ਤੱਤੀਆਂ ਤਵੀਆਂ, ਸਰਹਿੰਦ ਦੀਆਂ ਕੰਧਾ, ਬਾਬਾ ਬੰਦਾ ਬਹਾਦਰ ਵਾਲਾ ਦਿੱਲੀ ਕੱਢਿਆ ਖ਼ੂਨੀ ਜਲੂਸ, ਇਹ ਸਾਰੀਆਂ ਹੀ ਜੁਲਮੀ ਲਾਟਾਂ ਇਨ੍ਹਾਂ ਵਿਚਾਰਾਂ ਸਦਕੇ ਹੀ ਵਾਪਰਦੀਆਂ ਹਨ ਅਤੇ ਆਉਣ ਵਾਲੇ ਸਮੇਂ ਵੀ ਵਾਪਰਨਗੀਆਂ। ਵਿਚਾਰ ਇਕ ਅਜਿਹਾ ਸ਼ਾਸਤਰ ਹੈ ਜੋ ਕਿ ਬੁਰਾਈਆਂ ਨੂੰ ਵਿੰਨ੍ਹਦਾ ਤੁਰਿਆ ਜਾਂਦਾ ਹੈ ਅਤੇ ਹੋਰ ਅਮੀਰ ਅਤੇ ਤਕੜਾ ਹੋਈ ਜਾਂਦਾ ਹੈ। ਇਕ ਵਿਚਾਰ ਵਿਚੋਂ ਹੋਰ ਕਈ ਵਿਚਾਰ ਆਪਣੇ-ਆਪਣੇ ਪਸਾਰ ਨਾਲ ਸਮਾਜ ਨੂੰ ਜਕੜ ਲੈਂਦੇ ਹਨ ਅਤੇ ਸਮਾਜ ਇਨ੍ਹਾਂ ਵਿਚਾਰਾਂ ਦੀ ਜਕੜ ਵਿਚ ਆ ਕੇ ਚੰਗਾ ਮਾੜਾ ਬਣਦਾ ਹੈ। ਚੰਗੇ ਵਿਚਾਰਾਂ ਦਾ ਪਰਸਾਰ ਘੱਟ ਗਿਣਤੀ ਹਾਕਮ ਜਮਾਤ (ਸਾਧਨ ਸਮਰੱਥ) ਨਹੀਂ ਕਰਦੀ। ਪਰ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਚੰਗੇ ਰਸਤੇ ਪਾਇਆ ਅਤੇ ਚੰਗੇ ਵਿਚਾਰ ਦਾ ਪ੍ਰਸਾਰ ਕੀਤਾ ਅਤੇ ਇਹ ਅਮਲ ਪੀੜ੍ਹੀ ਦਰ ਪੀੜ੍ਹੀ ਚਲਿਆ।

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥

ਪਥਰਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥

ਪਰਮਾਣੋ ਪਰਜੰਤ ਆਕਾਸ ਦੀਪ ਲੋਅ ਸਿਖੰਡਣਹ॥
ਗਛੇਣ ਨੈਣ ਭਾਰੇਣ ਨਾਨਕ, ਬਿਨਾ ਸਾਧੂ ਨਾ ਸਿਧ ਤੇ॥

ਇਹ ਕੁਦਰਤ ਮਹਾਨ ਸਾਮਰਾਜ ਨੇ ਇਸਦੀ ਕੱਢਤੀ ਜਾਨ, ਕਦੇ ਰੁੱਖਾਂ ਅਤੇ ਕੁੱਖਾਂ ਨਾਲ ਗੱਲ ਕਰੋ। ਕਦੇ ਨਦੀਆਂ, ਨਾਲਿਆਂ, ਨਹਿਰਾਂ, ਸੂਇਆਂ ਨਾਲ ਗੱਲ ਕਰੋ। ਇਸ ਵਿਚ ਮੂੰਹ ਹੱਥ ਪੈਰ ਧੋਵੋ ਕਦੇ ਚੁਲੀ ਭਰ ਕੇ ਅੰਮ੍ਰਿਤ ਜਲ ਪੀਵ। ਕੁਦਰਤ ਦੀ

ਇਕਾਂਤ ਵਿਚੋਂ ਅਮ੍ਰਿਤ ਵੇਲੇ ਉੱਠ ਕੇ ਸ਼ਾਂਤ ਸਹਿਜ ਅਵਸਥਾ 'ਚ ਆ ਕੇ ਕੁਦਰਤ ਦਾ ਅਨੰਦ ਮਾਣੇ। ਕਦੇ ਕਦਾਈਂ ਮਿੱਠੇ ਕੂਲੇ ਗੰਨਿਆਂ ਨੂੰ ਚੂਪੋ, ਕਦੀ ਦੇਸੀ ਗੰਨਿਆਂ ਦਾ ਰਸ ਪੀਓ, ਕਦੀ ਮੋਠਾਂ ਦੀ ਦਾਲ ਵਿਚ ਮੱਖਣ ਪਾ ਕੇ ਰੋਟੀ ਖਾਓ, ਸਵਾਦ ਅਤੇ ਮਿੱਠੀਆਂ ਮੱਕੀ ਦੀਆਂ ਛੱਲੀਆਂ ਚੌਥੇ, ਕਦੀ ਗੋਭੀ ਦੀ ਸਬਜ਼ੀ ਦੇਸੀ ਘਿਓ ਪਾ ਕੇ ਖਾਓ, ਹਰੇ ਛੋਲਿਆਂ ਦੇ ਬੂਟੇ ਪੁੱਟ ਕੇ ਹੋਲਾਂ ਭੁੰਨ ਕੇ ਖਾਓ, ਨਦੀਆਂ ਨਾਲਿਆਂ ਨਹਿਰਾਂ ਵਿਚ ਚੁੰਬੀ ਮਾਰੋ, ਕਦੇ ਮੀਂਹ ਪੈਣ ਦੇ ਬਾਅਦ ਚੀਜ਼ ਵਹੁਟੀ ਨੂੰ ਗਿੱਲੀ ਸੁਗੰਧੀ ਮਿੱਟੀ ਵਿਚੋਂ ਅਵਾਜ਼ ਮਾਰੋ ਅਤੇ ਘੂਏਂ ਨੂੰ ਬੁਲਾਓ। ਮਿੱਟੀ 'ਚ ਖੇਡੇ, ਭੇਜੋ ਦੋੜੇ। ਦੇਰ ਰਾਤ ਤੱਕ ਥੜਿਆਂ ਖੁੰਡਾਂ ਵਿਚ ਬੈਠ ਕੇ ਗੱਲਾਂ ਕਰੋ। ਕਦੇ ਟੋਕੇ ਚੰਡਦੇ ਲੋਹਾਰ ਦੇ ਡੇਰੇ ਤੇ ਗੋਲਾਂ ਕਰੋ। ਕਦੇ ਹੀਰ ਰਾਂਝੇ ਅਤੇ ਰੂਪ ਬਸੰਤ, ਪੂਰਨ ਦੇ ਲੜੀਦਾਰ ਕਿੱਸੇ ਸੁਣੋ ਲੰਮੀ ਹੇਕ ਨਾਲ ਲਾਉਂਦੇ ਦੋਹੇ ਬੈਂਤ ਮਰਾਸੀ ਨੂੰ ਸੁਣੋ। ਕਦੇ-ਕਦੇ ਸਾਰੇ ਪਿੰਡਦੇ ਰੱਖੇ ਸਾਂਝੇ ਅਖੰਡ ਪਾਠ ਦਾ ਅਨੰਦ ਮਾਣੇ। ਕਦੇ-ਕਦੇ ਤੂੰਬੀ ਅਤੇ ਢੋਲਕੀ ਨਾਲ ਯਮਲਾ, ਕੁਲਦੀਪ ਮਾਣਕ ਨੂੰ ਗਾਉਂਦੇ ਹੋਏ ਸੁਣੇ। ਰੱਬੀ ਅਵਾਜ ਦਰਗਾਹੋਂ ਆਉਂਦੇ ਰਸ ਭਿੱਜੇ ਕੁਦਰਤ ਤੇ ਸੰਗੀਤਕ ਤਰਾਨੇ, ਨਦੀਆਂ ਦਾ ਵਹਿਣਾ, ਝਰਨਿਆਂ ਦੀ ਝਰਨਾਹਟ, ਬਲਦਾਂ ਦੀਆਂ ਟੱਲੀਆਂ ਦਾ ਸੰਗੀਤ, ਮਧਾਣੀਆਂ ਦੀ ਗੂੰਜ, ਚਿੜੀਆਂ ਦੀ ਮਿੱਠੀ ਚਿੜ ਚਿੜ, ਕੋਇਲ ਦੀ ਆਵਾਜ਼, ਸਾਵਨ ਦਾ ਮਹੀਨਾ, ਸਤਰੰਗੀ ਪੀਂਘ, ਛਿੰਝ ਦੇ ਅਖਾੜੇ, ਅਲਗੋਜਿਆਂ ਦੇ ਲੜੀਵਾਰ ਰਾਗ, ਭੱਠੀ ਦੇ ਕੁੱਜੇ ਮੁਰਮੁਰੇ, ਭੱਠੀ ਵਾਲੀਏ ਚੰਬੇ ਦੀਏ ਡਾਲੀਏ ਪੀੜਾਂ ਦਾ ਪਰਾਗਾ ਭੁੰਨ ਦੇ। ਪਿੰਡ ਦੇ ਵਿਆਹ ਸ਼ਾਦੀਆਂ ਮੌਕੇ ਸਾਂਝਾ ਦੁੱਧ ਇਕੱਠਾ ਕਰਨਾ, ਬਿਸਤਰੇ ਇਕੱਠੇ ਕਰਨੇ, ਸਾਰੇ ਮੁਹੱਲੇ ਨੇ ਵਿਆਹ ਵਿਚ ਸ਼ਰੀਕ ਹੋਣਾ। ਵਾਕਿਆ ਹੀ ਧਰਤੀ ਬਹੁਤ ਮਹਾਨ ਅਤੇ ਸੰਯੋਗੀ ਸੀ। ਉਸ ਸਮੇਂ ਧਰਤੀ ਵਿਚ 17 ਤੱਤ ਮੌਜੂਦ ਸਨ ਅਤੇ ਉਸ 17 ਤੱਤਾਂ ਵਾਲੀ ਮਿੱਟੀ ਵਿਚ ਕੋਈ ਵਲ ਸਬਜ਼ੀ ਅਤੇ ਐਨ ਉੱਗਦਾ ਸੀ ਤਾਂ ਉਸ ਦਾ ਸਵਾਦ ਵੱਖਰਾ ਹੀ ਸੀ। ਉਸ ਖੁਰਾਕ ਵਿਚ ਜਾਨ ਸੀ ਅਤੇ ਬਿਮਾਰੀਆਂ ਨਾਲ ਲੜਨ ਵਾਲੀ ਅਥਾਹ ਸ਼ਕਤੀ ਸੀ। ਹੁਣ ਇਸ ਸੰਯੋਗੀ ਧਰਤੀ ਦੇ ਕੁੱ 4-5 ਤੱਤ ਹੀ ਰਹਿ ਗਏ ਹਨ। ਧਰਤੀ ਜ਼ਹਿਰੀਲੀ ਬਣ ਗਈ ਹੁਣ ਸਬਜ਼ੀਆਂ ਫਲਾਂ ਦਾ ਸੁਆਦ ਨਹੀਂ ਰਹਿ ਗਿਆ ਅਤੇ ਹੁਣ ਖਾਣੇ ਵਿੱਚੋਂ ਸਿਰਫ਼ ਮਸਾਲਿਆਂ ਦਾ ਹੀ ਸਵਾਦ ਆਉਂਦਾ ਹੈ। ਮਸਾਲਿਆਂ ਦੀਆਂ ਮਸ਼ਹੂਰੀਆਂ, ਚੁਟਕੀਆਂ ਪਟਕੀਆਂ ਚੀਜ਼ਾਂ ਮੰਡੀ ਦਾ ਹਿੱਸਾ ਬਣ ਗਈਆਂ ਹਨ ਅਤੇ ਸਮਾਜਿਕ ਸੰਚਾਰ ਇਸ ਨੂੰ ਵਡਿਆਉਂਦਾ ਨਹੀਂ ਥੱਕਦਾ। ਲੋਕ ਐਸੇ ਘੁੰਮਣ ਘੇਰੀ ਵਿਚ ਫਸ ਗਏ ਹਨ ਕਿ ਨਿਕਲਣ ਦਾ ਕੋਈ ਰਸਤਾ ਨਹੀਂ ਦਿਸਦਾ। 'ਹਾਉਮੈ ਮਮਤਾ ਮੌਜ ਦੁਚਿਤੀ ਚਾਰੇ ਪਾਸੇ ਕੰਧਾਂ ਨੇ ਐਪਰ ਖੋਲ ਕੋਈ ਦਰਵਾਜਾ ਬੰਦ ਖਲਾਸ ਵੀ ਹੈ।" ਸਾਰੀਆਂ ਚੀਜ਼ਾਂ ਵਸਤਾਂ ਖਾਧ ਖੁਰਾਕ ਕੁਦਰਤੀ ਮਿੱਠੇ ਮੇਵੇ ਸੋਗਾਤ ਸ਼ੱਕੀ ਬਣ ਗਈਆਂ ਹਨ। ਜ਼ਿੰਦਗੀ ਦਾ ਮਜ਼ਾ ਕਿਰਕਿਰਾ ਬਣ ਗਿਆ ਹੈ। ਬੰਦੇ ਔਰਤਾਂ ਪਹਿਰਾਵੇ ਰਿਸ਼ਤੇ ਨਾਤੇ ਆਪਣੀ ਅਸਲੀ ਹੋਂਦ ਤੋਂ ਮੁਨਕਰ ਹਨ। ਕੁਦਰਤ ਦੇ ਉਲਟ ਵਹਿਣ ਵਹਿ ਰਿਹਾ ਹੈ। ਇਸ ਅਜੋਕੀ ਅਵਸਥਾ ਵਿੱਚੋਂ ਮਨੁੱਖ ਬੋਝਲ ਹੋ ਗਿਆ ਹੈ ਅਤੇ ਸਮਝ ਨਹੀਂ ਆ ਰਹੀ ਕਿ ਆਉਣ ਵਾਲੇ ਸਮੇਂ ਵਿਚ ਕੀ ਬਣੇਗਾ। ਅੱਜ ਦੇ ਸਮੇਂ ਵਿਚ ਦੋ ਰਾਹ ਹਨ। ਇੱਕ ਤਾਂ ਇਹ ਕਿ ਇਸ ਸਾਰੇ ਵਰਤਾਰੇ ਨੂੰ ਸਮਝਿਆ ਜਾਵੇ ਇਸ ਦੇ ਕਾਰਨ ਸਮਝੇ ਜਾਣ ਤੇ ਉਸ ਕਾਰਨ ਨੂੰ ਖਤਮ ਕਰਨ ਦਾ ਯਤਨ ਕੀਤਾ ਜਾਵੇ। ਦੂਜਾ ਰਾਹ ਕਿ ਇਸ ਸਾਰੇ ਕੁਦਰਤ ਵਿਰੋਧੀ ਵਰਤਾਰੇ ਨੂੰ ਕਰਮਾਂ ਦੀ ਖੇਡ ਕਹਿਣ ਵਾਲਿਆਂ ਨੂੰ ਰੱਦ ਕੀਤਾ ਜਾਵੇ। ਇਸ ਦੇ ਨਾਲ ਹੀ ਜ਼ਿੰਦਗੀ ਭੋਗ ਰਹੇ ਮਨੁੱਖ ਉਸ ਦਾਤੇ ਵੱਲੋਂ ਲਿਖੇ ਕਰਮਾਂ ਅਨੁਸਾਰ ਹੀ ਜੀਵਨ ਕੱਟ ਰਹੇ ਹਨ, ਭਾਵ ਇਹ ਪਿਛਲੇ ਕਰਮਾਂ ਦਾ ਫਲ ਹੈ। ਇਸ ਜਨਮ ਵਿਚ ਕੀਤੇ ਕਰਮ ਅਗਲੇ ਜਨਮ ਵਿਚ ਕੰਮ ਆਉਣਗੇ। ਚੰਗੇ ਕਰਮ ਕਰਨ ਵਾਲਿਆਂ ਦਾ ਵਾਸਾ ਭਾਵ ਪ੍ਰਮਾਤਮਾ ਨੂੰ ਮੰਨਣ ਵਾਲਿਆਂ ਦਾ ਵਾਸਾ ਸਵਰਗ ਵਿਚ ਹੋਵੇਗਾ ਅਤੇ ਪੂਜਾ ਪਾਠ ਪ੍ਰਮਾਤਮਾ ਨੂੰ ਨਾ ਮੰਨਣ ਵਾਲਿਆਂ ਦਾ ਵਾਸ ਨਰਕ ਵਿਚ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਖੂਬ ਹੋ ਰਿਹਾ ਹੈ। ਕਾਰਜ/ਉਸਾਰੀ ਜੋ ਹੋ ਚੁੱਕੀ ਹੈ ਉਸਨੂੰ ਖਤਮ ਕਰਨ ਦਾ ਇਹੀ ਤਰੀਕਾ ਦੱਸਿਆ ਜਾਂਦਾ ਹੈ ਜੋ ਕਿ ਬਿਲਕੁਲ ਹੀ ਉਲਟ ਦਿਸ਼ਾ ਵਿਚ ਹੈ। ਗੁਰਬਾਣੀ ਦੀ ਕੀ ਸੇਧ ਹੈ ਇਸ ਬਾਰੇ ਵਿਚਾਰ ਕਰਨੀ ਬਹੁਤ ਹੀ ਜ਼ਰੂਰੀ ਹੈ।

ਕਰੁਤਾ ਬੀਜ ਬੀਜੇ ਨਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ॥
ਜਿਨਿ ਜਗੁ ਸਿਰਜਿ ਸਮਾਇਆ
ਸੋ ਸਾਹਿਬੁ ਕੁਦਰਤ ਜਾਣੇਵਾ॥

(ਆਦਿ ਗ੍ਰੰਥ, ਪੰਨਾ 581)

ਆਦੇਸੁ ਤਿਸੈ ਆਦੇਸੁ ॥

ਆਦਿ ਅਨੀਲੁ ਅਨਾਦਿ ਅਨਾਹਿਤ, ਜੁਗ ਜੁਗ ਏਕੋ ਵੇਸੁ॥(ਆਦਿ ਗ੍ਰੰਥ, ਪੰਨਾ : 06)

ਜਿਹੜਾ ਸ਼ੁਰੂ ਤੋਂ ਹੀ ਪਵਿੱਤਰ ਹੈ, ਜਿਸ ਦਾ ਕੋਈ ਮੁੱਢ ਨਹੀਂ ਹੈ, ਜੋ ਨਾਸ਼ ਰਹਿਤ ਹੈ, ਹਰ ਸਮੇਂ ਇੱਕੋ ਰੂਪ ਵਿਚ ਰਹਿੰਦਾ ਹੈ, ਉਹ ਕੁਦਰਤ ਹੈ ਉਸ ਨੂੰ ਲੱਖ ਵਾਰ ਸਲਾਮ ਕਰੋ। ਉਸ ਦੀ ਰੱਖਿਆ ਕਰੋ, ਉਸ ਨੂੰ ਆਰਾਧੋ ਅਤੇ ਪਲੀਤ ਹੋਣ ਤੋਂ ਬਚਾਓ। ਇਹ ਗੁਰਬਾਣੀ ਦੀ ਸੇਧ ਹੈ।

ਕੁਦਰਤਿ ਦਿਸੈ ਕੁਦਰਤਿ ਸੁਣਿਐ, ਕੁਦਰਤਿ ਭਉ ਸੁਖ ਸਾਰੁ ॥

(ਆਦਿ ਗ੍ਰੰਥ, ਪੰਨਾ 464)

ਡਾ. ਰਾਮ ਮੂਰਤੀ ਜੋ ਗੁਰੂ ਨਾਨਕ ਦੇਵ ਜੀ ਦਾ ਪੈਰੋਕਾਰ ਹੈ, ਕੁਦਰਤ ਨੂੰ ਅਜੋਕੇ ਯੁੱਗ ਵਿਚ ਮਿਲੀ ਸਾਮਰਾਜ ਦੀ ਵੱਡੀ ਚੁਣੌਤੀ ਨੂੰ ਇਉਂ ਪੇਸ਼ ਕਰਦਾ ਹੈ :

ਤੂੰ ਸਿਰਜੀ ਕੁਦਰਤ ਮਹਾਨ, ਸਾਮਰਾਜ ਨੇ ਕੱਢਤੀ ਜਾਨ।

ਡਾ. ਰਾਮ ਮੂਰਤੀ ਦੀ ਕਾਵਿ ਰਚਨਾ "ਕਿਥੇ ਗਈ ਖ਼ੁਸ਼ਬੂ" ਬਹੁਤ ਮਹਾਨ ਰਚਨਾ ਹੈ। ਜਦੋਂ ਮੈਂ ਇਸ ਰਚਨਾ ਨੂੰ ਹੁਣ ਬਹੁਤ ਨਿੱਠ ਕੇ ਅਤੇ ਨੀਝ ਨਾਲ ਪੜ੍ਹਿਆ ਅਤੇ ਗਾਇਆ ਤਾਂ ਇਸ ਕਵਿਤਾ ਦੇ ਅਰਥ ਹੋਰ ਉੱਘੜ ਕੇ ਮੇਰੇ ਜਿਹਨ ਵਿਚ ਧਸ ਗਏ। ਜਿੰਨਾਂ ਵੀ ਇਸ ਕਵਿਤਾ ਨੂੰ ਪੜ੍ਹਿਆ ਤਾਂ ਮੈਂ ਹੋਰ ਜਿਆਦਾ ਕੁਦਰਤ ਨੂੰ ਬਚਾਉਣ ਲਈ ਅਤੇ ਇਸ ਦੇ ਪਲੀਤ ਹੋਣ ਦੇ ਕਾਰਨਾਂ ਨੂੰ ਸਮਝ ਸਕਿਆ। ਡਾ. ਰਾਮ ਮੂਰਤੀ ਦੀ ਇਹ ਹੁਕ ਇਹ ਵੇਦਨਾ ਲੋਕਾਈ ਲਈ ਇਹ ਤਰਲਾ, ਇਸ ਲਈ ਜਿੰਮੇਵਾਰ ਸ਼ਕਤੀਆਂ ਲਈ ਵੰਗਾਰ ਦੇ ਰੂਪ ਵਿਚ ਸਮਝ ਸਕਿਆ ਹਾਂ। ਮਾਂ ਬੋਲੀ ਪੰਜਾਬੀ ਦਾ ਇਹ ਸ਼ਾਇਰ ਆਪਣੀ ਕਾਵਿ ਰਚਨਾ ਰਾਹੀਂ ਕਿਵੇਂ ਇਸ ਖਰਾਬ ਹੋ ਰਹੀ ਕੁਦਰਤ ਨੂੰ ਅਤੇ ਕਾਇਨਾਤ ਉੱਤੇ ਪੈ ਰਹੇ ਪ੍ਰਭਾਵ ਨੂੰ ਬਿਆਨਦਾ, ਬਹੁਤ ਹੀ ਕਮਾਲ ਦਾ ਹੈ। ਮਾਂ ਕੁਦਰਤ ਦੀ ਗੋਦ ਵਿਚ ਬੈਠਾ, ਇਹ ਕਵੀ ਕੁਦਰਤ ਨੂੰ ਸਾਂਭਣ ਦਾ ਤਰਲਾ ਲੋਕਾਂ ਅਤੇ ਬੱਚਿਆਂ ਦੀ ਸਮਝ ਦਾ ਹਿੱਸਾ ਬਣੇ ਇਹ ਇਸ ਕਵੀ ਦੀ ਮਨਸ਼ਾ ਹੈ। ਇਹ ਕਾਵਿਰਚਨਾ ਕਾਰਨ ਅਤੇ ਕਾਰਜ ਦੋਵਾਂ ਨੂੰ ਲੰਮੇ ਹੱਥੀ ਲੈਂਦੀ ਅਤੇ ਕਾਰਨ ਦੀ ਇਸ ਨੂੰ ਬਹੁਤ ਸਮਝ ਹੈ, ਨਿਰੀ ਤੁਕਬੰਦੀ ਨਹੀਂ ਹੈ। ਇਸ ਵਿਚ ਡੂੰਘੀ ਸੋਚ ਹੈ ਅਤੇ ਮੂਲ ਕਾਰਨ ਦੀ ਟੋਹ ਇਸ ਨੇ ਪਾ ਲਈ ਹੈ ਅਤੇ ਲੋਕਾਂ ਨੂੰ ਇਸ ਪ੍ਰਤੀ ਵੰਗਾਰਦਾ ਹੈ ਕਿ ਲੈਕੇ ਕੱਠੇ ਹੋ ਜਾਵੇ ਅਤੇ ਕੋਈ ਹੀਲਾ ਕਰੋ ਨਹੀਂ ਤਾਂ ਬੀਤਿਆ ਸਮਾਂ ਹੱਥ ਨਹੀਂ ਆਉਣਾ। ਮੇਰੇ ਵੱਲੋਂ ਲਿਖੇ ਗਏ ਮੁੱਢਲੇ ਸ਼ਬਦ ਹੀ ਇਸ ਸਾਰੀ ਕਵਿਤਾ ਦੀ ਰੂਹ ਤੱਕ ਅੱਪੜਨ ਦਾ ਇਕ ਉਪਰਾਲਾ ਹੈ ਅਤੇ ਕਵੀ ਇਸੇ ਹੀ ਮਾਨਸਿਕਤਾ ਦਾ ਦੀਵਾਨਾ ਹੈ। ਖੈਰ ਮਨਾਵਾਂ ਕਵਿਤਾ ਵਿਚ, ਡਾ. ਰਾਮ ਮੂਰਤੀ ਰੁੱਖਾਂ ਨਾਲ ਉਨ੍ਹਾਂ ਦੀ ਨਾਜ਼ੁਕਤਾ ਨੂੰ ਖਿਆਲ ਵਿਚ ਰੱਖਦਿਆਂ ਰਿਸ਼ਤੇ ਨਾਤੇ ਨਿਰਧਾਰਤ ਕਰਦਾ ਹੈ। ਡੇਕ ਕੋਮਲ ਹੈ ਅਤੇ ਏਸੇ ਹੀ ਤਰ੍ਹਾਂ ਬਾਕੀ ਰੁੱਖਾਂ ਨਾਲ ਰਿਸ਼ਤਿਆਂ ਦੀ ਸਾਂਝ ਪਾਈ ਹੈ। ਰੁੱਖਾਂ ਨੂੰ ਬਹੁਤ ਹੀ ਮਾਣ ਦਿੱਤਾ ਹੈ ਤਾਂ ਕਿ ਮਨੁੱਖੀ ਮਾਨਸਿਕਤਾ ਬਦਲੀ ਜਾ ਸਕੇ ਤਾਂ ਕਿ ਉਹ ਰੁੱਖਾਂ ਦੀ ਮਹੱਤਤਾ ਨੂੰ ਸਮਝਣ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ :

"ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥ ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ॥" (ਆਦਿ ਗ੍ਰੰਥ, ਪੰਨਾ: 59)

ਮੂਰਤੀ ਵੀ ਗੁਰਬਾਣੀ ਤੋਂ ਸੇਧ ਲੈ ਕੇ ਆਪਣੀ ਕਾਵਿ-ਰਚਨਾ ਨੂੰ ਗੁਰਬਾਣੀ ਦੇ ਅਨੁਸਾਰੀ ਹੋ ਕੇ ਲੋਕਾਂ ਨੂੰ ਸਮਝਾਉਂਦਾ ਹੈ। ਕਵੀ ਆਪਣੀ ਚੇਤਨਾ ਤੋਂ ਉਕਦਾ ਨਹੀਂ ਹੈ "ਆਪਣੇ ਗਰਾਂ" ਕਵਿਤਾ ਵਿੱਚੋਂ ਉਹ ਆਪਣੇ ਪੁਰਾਣੇ ਵਿਰਸੇ ਅਤੇ ਖਾਧਾਂ-ਖੁਰਾਕਾਂ ਦੀ ਗੱਲ ਕਰਦਾ ਹੈ 'ਰਾਤ ਵੇਲੇ ਸਾਗ, ਰਾਇਤਾ, ਪੁਦੀਨੇ ਦੀ ਚਟਨੀ, ਬੇਹੀ ਰੋਟੀ ਨਾਲ ਖਾਣੀ ਸਾਜਰੇ ਨੂੰ ਮੱਖਣੀ" ਅਤੇ ਇਸ ਦੇ ਨਾਲ ਅੱਜਕੱਲ੍ਹ ਜੰਕ ਫੂਡ ਨੂੰ ਰੱਦ ਕਰਦਾ ਹੈ। ਡਾ. ਰਾਮ ਮੂਰਤੀ ਪੇਂਡੂ ਸ਼ੈਲੀ ਨੂੰ ਖੂਬ ਬਿਆਨ ਕਰਦਾ ਹੈ ਅਤੇ ਦ੍ਰਿਸ਼ ਵਰਣਨ ਕਰਦਾ ਹੈ। ਜਦੋਂ ਜਿਸ ਰੁੱਖ ਨੂੰ ਵੇਚਣਾ ਹੋਵੇ ਤਾਂ ਉਸ ਦੀ ਛਾਵੇਂ ਬਹਿ ਕੇ ਹੀ ਸੌਦਾ ਕੀਤਾ ਜਾਂਦਾ ਹੈ। ਜਿਵੇਂ ਕੋਈ ਆਪ ਹੀ ਜੀਵਨ ਦੀ ਸਾਹ ਰੰਗ ਕੱਟ ਰਿਹਾ ਹੋਵੇ। ਕਵਿਤਾ "ਜੰਗਲੀਂ ਰਹਿ ਜਾਵਾਂ" ਵਿੱਚ ਉਸਨੇ ਉਪਰਲੇ ਡੰਡੇ ਨੂੰ ਹੱਥ ਪਾਇਆ ਹੈ ਅਤੇ ਸਿਰੇ ਦੀ ਸਮਾਨਤਾ ਦਾ ਪ੍ਰਗਟਾਵਾ ਕੀਤਾ ਹੈ।

"ਕਹਿੰਦੇ ਜੰਗਲੀ ਰੱਬ ਨਹੀਂ ਲੱਭਦਾ,  
ਪਰ ਮੰਦਰੀ ਵੀ ਕਿੱਥੇ ਮਿਲਦਾ।  
ਜੰਗਲ ਨੇ ਰੱਬ ਦਾ ਪ੍ਰਛਾਵਾਂ,  
ਪ੍ਰਛਾਵੇਂ ਦਾ ਨੇੜ ਹੰਢਾਵਾਂ।"

ਬਹੁਤ ਹੀ ਖ਼ੂਬਸੂਰਤ ਗੱਲ ਕੀਤੀ ਹੈ। ਰੱਬ ਦੀ ਅਸਲੀ ਪਰਿਭਾਸ਼ਾ ਅਤੇ ਕਾਇਨਾਤ ਦੀ ਬੰਦਗੀ ਦਾ ਰਾਹ ਦੱਸਿਆ ਹੈ ਅਤੇ ਮਨੁੱਖੀ ਸਮਾਜ ਨੂੰ ਇਹ ਗੱਲ ਉਸ ਨੂੰ ਆਪਣੀ ਬੋਲੀ ਵਿੱਚ ਦੱਸ ਕੇ ਸਮਝਾਇਆ ਹੈ। ਇਹ ਬਹੁਤ ਹੀ ਉੱਚ ਦਰਜੇ ਦੀ

ਕਲਮਗੀਰੀ ਹੇ ਅਤੇ ਸੋਚ ਸਮਝ ਦੀ ਉੱਚਤਾ ਦਰਸਾਉਂਦੀ ਹੈ। "ਇੱਕ ਬੂਟਾ" ਕਵਿਤਾ ਵੀ ਕਮਾਲਦੀ ਹੈ। ਮੈਂ ਕਿਸੇ ਵੀ ਕਵਿਤਾ ਨੂੰ ਛੱਡ ਨਹੀਂ ਸਕਦਾ। ਹਰੇਕ ਕਵਿਤਾ ਵਿੱਚ ਕੁਝ ਨਵਾਂ ਅਤੇ ਅਰਥ ਭਰਪੂਰ ਹੈ।

ਕਵੀ ਬੂਟੇ ਨੂੰ ਇੱਕ ਬੱਚੇ ਦੀ ਤਰ੍ਹਾਂ ਕਿਆਸਦਾ ਹੈ ਅਤੇ ਇਸ ਪਾਲਣ ਪੋਸ਼ਣ ਨੂੰ ਕੁਦਰਤੀ ਦਾਤਾਂ ਨੂੰ ਬਿਆਨਦਾ ਹੋਇਆ ਸਮੁੱਚਤਾ ਦੀ ਗੱਲ ਕਰਦਾ ਹੈ। ਇਹ ਜੀਵ ਵਿਗਿਆਨ ਦੀ ਬਹੁਤ ਸੁੰਦਰ ਵੰਨਗੀ ਹੈ। ਜੇਕਰ ਇਸ ਦੀ ਵਿਆਖਿਆ ਕੀਤੀ ਜਾਵੇ ਤਾਂ ਪੂਰੀ ਜੀਵ ਵਿਗਿਆਨ ਸਮਝ ਆ ਸਕਦੀ ਹੈ। ਹਵਾ, ਧੁੱਪ, ਪਾਣੀ ਧਰਤੀ ਇਸਦੇ ਪਾਲਣਹਾਰ ਅਤੇ ਇਸ ਦੇ ਖਿਡਾਰੀ ਚਿੜੀਆਂ ਘੁੱਗੀਆਂ ਹਨ ਅਤੇ ਪ੍ਰਦੂਸ਼ਨ ਦੇ ਦੈਂਤ ਨੂੰ ਇਹ ਵੰਗਾਰਦਾ ਹੈ। ਕਵੀ ਨੇ "ਮੈਂ ਮਰ ਜਾਵਾਂ" ਕਵਿਤਾ ਵਿੱਚ ਪੱਥਰਾਂ ਦੀ ਗੱਲ ਕੀਤੀ ਹੈ। ਇਹ ਦੱਖਣ ਨੂੰ ਸੁੰਦਰ ਲੱਗਦੇ ਹਨ ਪਰ ਮਾਨਵੀ ਰਿਸ਼ਤਿਆਂ ਨੂੰ ਇਹ ਪਥਰਾਈ ਜਾਂਦੇ ਹਨ ਅਤੇ ਪੱਥਰਾਂ ਦੇ ਘਰਾਂ ਨਾਲ ਕੋਈ ਨੇੜਤਾ ਨਹੀਂ ਬਣਦੀ। ਇਹ ਧਰਤੀ ਦੀ ਤਪਸ਼ ਨੂੰ ਘੱਟ ਨਹੀਂ ਕਰਦੇ ਅਤੇ ਨਾ ਹੀ ਸਿਆਲਾਂ ਦੀ ਅਤਿ ਦੀ ਸਰਦੀ ਦਾ ਕੋਈ ਸਮਾਧਾਨ ਕਰਦੇ ਹਨ। ਗਰਮੀ ਵਿੱਚ ਤਪਦੇ ਅਤੇ ਸਰਦੀ ਵਿੱਚ ਠਰਦੇ ਹਨ। ਇਹ ਕੁਦਰਤੀ ਵਰਤਾਰੇ ਦੇ ਬਿਲਕੁਲ ਉਲਟ ਹੈ। ਕੁਦਰਤ ਗਰਮੀ ਦੀ ਰੁੱਤੇ ਗਰਮੀ ਚੂਸਣ ਵਾਲੇ ਅਤੇ ਬਹੁਤੇ ਪਾਣੀ ਵਾਲੇ ਫਲ ਅਤੇ ਸਬਜ਼ੀਆਂ ਪੈਦਾ ਕਰਦੀ ਹੈ। ਸਿਆਲਾਂ ਦੀ ਰੁੱਤੇ ਉਸ ਮੁਤਾਬਿਕ ਹੀ ਫਸਲਾਂ ਫਲ ਅਤੇ ਹੋਰ ਖਾਦ ਖੁਰਾਕ ਹੁੰਦੀ ਹੈ। ਪੱਥਰ ਯੁੱਗ ਨਾਲ ਮਾਨਸਿਕਤਾ ਪਥਰਾਈ ਜਾਂਦੀ ਹੈ। ਬੱਚਿਆਂ ਬੁੱਢਿਆਂ ਦੇ ਡਰ ਦਾ ਸਹਿਮ ਬਣਿਆ ਰਹਿੰਦਾ ਹੈ, ਕਿਤੇ ਤਿਲਕ ਨਾ ਜਾਣ। ਬਾਹਰੀ ਸੁੰਦਰਤਾ ਅੰਦਰਲੀ ਸੁਜਹ ਸੁਆਦ ਅਤੇ ਸੁੰਦਰਤਾ ਨੂੰ ਬਰਬਾਦ ਕਰਦੀ ਹੈ।

ਮੈਂ ਇੱਕ ਵਾਰੀ ਕਿਸੇ ਪਿੰਡ ਵਿੱਚ ਕਿਸੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਗਿਆ ਤਾਂ ਉਥੇ ਦਾ ਗੁਰਦੁਆਰਾ ਵੇਖਿਆ ਤਾਂ ਬਹੁਤ ਹੀ ਸੁੱਖ ਅਤੇ ਅਨੰਦ ਮਹਿਸੂਸ ਹੋਇਆ। ਗੁਰਦੁਆਰੇ ਦੀ ਬਾਲਿਆਂ ਵਾਲੀ ਛੱਤ ਅਤੇ ਫਰਸ਼ ਵੀ ਇੱਟਾਂ ਦੀ ਸੀ। ਬਹੁਤ ਹੀ ਸ਼ਾਂਤਮਈ ਅਤੇ ਠੰਡਕ ਮਹਿਸੂਸ ਹੋ ਰਹੀ ਸੀ। ਮੈਨੂੰ ਇਹ ਗੁਰਦੁਆਰਾ ਸਾਹਿਬ-ਗੁਰੂ ਨਾਨਕ ਦੇਵ ਜੀ ਦਾ ਲੱਗਿਆ। ਗੁਰਦੁਆਰੇ ਵਿੱਚ ਕੋਈ ਵੀ ਪੱਥਰ ਨਹੀਂ ਸੀ ਲੱਗਿਆ ਹੋਇਆ, ਪਰ ਸਫਾਈ ਬਹੁਤ ਸੀ ਅਤੇ ਬੜਾ ਹੀ ਚੰਗਾ ਲੱਗਦਾ ਸੀ।

ਡਾ. ਮੂਰਤੀ ਅਜੋਕੇ ਯਥਾਰਥ ਨੂੰ ਖੂਬ ਬਿਆਨਦਾ ਹੈ। "ਪਾਣੀ ਹੋ ਗਏ ਦੋ" ਕਵਿਤਾ ਬਹੁਤ ਹੀ ਸੰਕੇਤਕ ਅਤੇ ਅਜੋਕੀ ਹਾਲਾਤ ਤੇ ਚਾਨਣਾ ਪਾਉਂਦੀ ਹੈ। ਇਹ ਬਹੁਤ ਹੀ ਡੂੰਘੀ ਗੱਲ ਹੈ ਕਿ ਪਾਣੀ ਦੇ ਕਿਸਮ ਦੇ ਹਨ। ਇੱਕ ਪਾਣੀ ਹੈ ਜਿਸ ਨੂੰ ਸਟੇਜ 'ਤੇ ਸਜਾ ਕੇ ਸਾਡੇ ਮੰਤਰੀ ਅਤੇ ਹੋਰ ਵੱਡੇ ਲੋਕ ਪੀਂਦੇ ਹਨ। ਇਹ ਵਰਤਾਰਾ ਵੀ ਸਾਡੇ ਸਮਿਆਂ ਵਿੱਚੋਂ ਹੀ ਹੋਣਾ ਸੀ। ਸਾਡੇ ਵੱਡੇ ਵਡੇਰੇ ਚੰਗੇ ਦਿਨ ਲੰਘਾ ਗਏ ਜਿਹਨਾਂ ਨੇ ਇਹ ਗੈਰਕੁਦਰਤੀ ਗੈਰ ਮਨੁੱਖੀ ਕੌਤਕ ਨਹੀਂ ਦੇਖਿਆ। ਦੋ ਤਰ੍ਹਾਂ ਦੇ ਸਕੂਲ, ਦੋ ਤਰ੍ਹਾਂ ਦੇ ਹਸਪਤਾਲ, ਦੋ ਤਰ੍ਹਾਂ ਦੀ ਖਾਦ ਖੁਰਾਕ ਵਾਲੇ ਹੋਟਲ, ਦੋ ਦੇਸ਼, ਦੋ ਕੰਮਾਂ ਵਾਲਾ ਭਾਰਤ ਦੇਸ। ਇੱਕ ਇੰਡੀਆ ਹੈ ਅਤੇ ਦੂਜਾ ਭਾਰਤ ਹੈ। ਪਾਣੀ ਦੀ ਗੱਲਕਰਕੇ ਮੂਰਤੀ ਨੇ ਇਸ ਅਣਸੁਖਾਵੀਂ ਵੰਡ ਵੱਲ ਇਸ਼ਾਰਾ ਕੀਤਾ ਜਿਹੜਾ ਕਿ ਬਹੁਤ ਹੀ ਸੋਚਣ ਵਾਲਾ ਅਤੇ ਚਿੰਤਨ ਦਾ ਵਿਸ਼ਾ ਹੈ। ਹੁਣ ਇਸ ਦੀ ਕੋਈ ਹੱਦ ਨਹੀਂ ਹੈ। ਇਹ ਪਾੜਾ ਵੱਧਣਾ ਹੀ ਹੈ। ਸੂਰਤੀ ਵਿਲਕਦਾ ਹੈ

ਧਰਤੀ ਮਾਂ ਦੀ ਕੁੱਖ ਨੂੰ ਮੈਲੀ ਕਰਕੇ ਅਸੀਂ ਗਵਾਇਆ ਪਾਣੀ ਲੋਟੂਆਂ ਅਤੇ ਮੁਨਾਫੇਖੋਰਾਂ ਵਿੱਚ ਬੋਤਲਾਂ ਪਾਇਆ ਪਾਣੀ।

ਧਰਤੀ ਦੀ ਬਖਸ਼ਿਸ਼ ਸੀ ਜੋ ਮੁੱਲ ਦੀ ਗਈ ਏ ਹੋ।

ਮੁਨਾਫ਼ਾ ਇੱਕ ਜ਼ਹਿਰ ਹੈ, ਕੈਂਸਰ ਹੈ ਜਿਹੜਾ ਵਧਦਾ ਹੀ ਜਾਂਦਾ ਹੈ ਅਤੇ ਮਨੁੱਖਤਾ ਨੂੰ ਖਤਮ ਕਰਨ ਵੱਲ ਵੱਧ ਰਿਹਾ ਹੈ। 10% ਮੁਨਾਫ਼ਾ ਤਾਂ ਜਾਇਜ਼ ਹੈ 201% ਮੁਨਾਫ਼ਾ ਮਨੁੱਖ ਨੂੰ ਉੱਦਮੀ ਬਣਾਉਂਦਾ ਹੈ ਅਤੇ 30% ਤੋਂ 50% ਤੱਕ ਦਾ ਮੁਨਾਫ਼ਾ ਨਹੀਂ ਹੈ। ਇਹ ਲੁੱਟ ਦੀ ਸ਼੍ਰੇਣੀ 'ਚ ਸ਼ਾਮਲ ਹੁੰਦਾ ਹੈ। 100% ਤੋਂ 300% ਦਾ ਮੁਨਾਫ਼ਾ ਮਨੁੱਖਤਾ ਦਾ ਖੂਨ ਪੀਂਦਾ ਹੈ। ਮੁਨਾਫਾਖੋਰ ਤੋਂ ਲੁਟੇਰਾ ਬਣਦਾ ਹੈ ਅਤੇ ਹਰੇਕ ਕਾਨੂੰਨ ਨੂੰ ਭੰਨਦਾ ਤੋੜਦਾ ਹੈ। ਅਖੀਰ ਆਪਣੇ ਹੀ ਗਲ ਵਿੱਚ ਫਾਹਾ ਪਾ ਲੈਂਦਾ ਹੈ। ਪਰ ਕੁਦਰਤ ਅਤੇ ਕਾਇਨਾਤ ਨੂੰ ਨਸ਼ਟ ਕਰ ਦਿੰਦਾ ਹੈ। ਇਸ ਵਰਤਾਰੇ ਨੂੰ ਰੋਕਣਾ ਅੱਜ ਦੇ ਸਮੇਂ ਦੀ ਲੋੜ ਹੈ। ਜੇ ਮਨੁੱਖਤਾ ਨੂੰ ਬਚਾਉਣਾ ਹੈ ਤਾਂ ਇਸ ਮੁਨਾਫ਼ੇ ਵਾਲੀ ਵਿਵਸਥਾ ਨੂੰ ਬਦਲਣਾ ਪੈਣਾ ਹੈ। ਜਿਸ ਲਈ 80% ਪ੍ਰਤੀਸ਼ਤ ਲੋਕ ਜਾਗਰੂਕ ਹੋਣ ਤੇ ਜਮਾਤੀ ਘੋਲ ਤਿੱਖਾ ਕਰਕੇ ਇਸ ਲੁੱਟ ਖੋਹ ਵਾਲੇ ਵਰਤਾਰੇ ਨੂੰ ਰੋਕਣ ਨਹੀਂ ਤਾਂ ਲੋਕ ਭੁੱਖ ਨੰਗ ਗ਼ਰੀਬੀ ਬਿਮਾਰੀ ਨਾਲ ਮਰਨਗੇ ਜਾਂ ਫਿਰ ਪ੍ਰਮਾਣੂ ਯੁੱਧ ਨਾਲ ਖ਼ਤਮ ਹੋਣਗੇ। ਦੋ ਸੰਸਾਰੀ ਜੰਗਾਂ ਵੀ ਇਸੇ ਦਾ ਨਤੀਜਾ ਸਨ ਜਿਹੜਾ ਕਿ ਮਨੁੱਖਤਾ ਹੁਣ ਤੱਕ ਭੁਗਤ ਰਹੀ ਹੈ। ਇਸ ਨਿਜ਼ਾਮ ਦੀ ਬਰਬਰਤਾ ਅਤੇ ਭਿਆਨਕਤਾ ਬਾਰੇ ਵੀ

ਮੂਰਤੀ ਸੁਚੇਤ ਕਰਦਾ ਹੈ :

ਤਲੀਆਂ ਉੱਤੇ ਮਲਦੇ ਜਰਦਾ ਗੱਲ ਨਾ ਕੋਈ ਕਿਸੇ ਦੀ ਜਰਦਾ ਭਗਤ ਸਿੰਘ ਦਾ ਵਾਰਸ ਤਾਂ ਅੱਜ ਦੇਖਿਆ ਲੁੱਟਾਂ ਖੋਹਾਂ ਕਰਦਾ ਵਿਹਲੜ ਅਤੇ ਨਿਕੰਮਾ ਡਿੱਗਦਾ

ਗੁਰਬਤ ਵਾਲੇ ਖੂਹ...

ਨੀ ਮਿੱਟੀਏ ਤੇਰੀ ਕਿੱਥੇ ਗਈ ਖ਼ੁਸ਼ਬੂ

ਮਿੱਟੀ ਦੀ ਖ਼ੁਸ਼ਬੂ ਬਹੁਤ ਹੀ ਸੁੰਦਰ ਵੰਨਗੀ ਹੈ। ਜਦੋਂ ਕਿਸਾਨ ਨੇ ਧਰਤੀ 'ਤੇ ਹੱਲ ਵਾਹ ਕਿ ਸਿਆੜ ਕੱਢੇ ਹੋਣ ਤਾਂ ਧਰਤੀ 'ਚੋਂ ਜੋ ਖੁਸਬੂ ਆਉਂਦੀ ਸੀ ਉਹ ਅੱਜ ਗਾਇਬ ਹੋ ਗਈ ਹੈ। ਖਾਦਾਂ, ਕੀਟ ਨਾਸ਼ਕ ਦਵਾਈਆਂ, ਮਿੱਤਰ ਕੀੜੇ ਮਾਰ ਦਿੰਦੀਆਂ ਹਨ। ਇੱਕ ਸ਼ਤਰੂ ਕੀਤਾ ਮਾਰਨ ਲਈ 300 ਮਿੱਤਰ ਕੀੜਿਆਂ ਦੀ ਬਲੀ ਦਿੱਤੀ ਜਾਂਦੀ ਹੈ। ਇਹ ਮਿੱਤਰ ਕੀਤੇ ਧਰਤੀ ਨੂੰ ਜਰਖੋਜ ਬਣਾਉਂਦੇ ਹਨ ਜਿਸ ਨਾਲ ਧਰਤੀ ਪੋਲੀ ਅਤੇ ਉਪਜਾਊ ਬਣਦੀ ਹੈ। 10 ਕਿੱਲੋ ਮਿੱਟੀ 'ਚੋਂ 10 ਹਜ਼ਾਰ ਕਿਸਮ ਦੇ ਕਰੋੜਾ ਸੂਖ਼ਮ ਜੀਵ ਹਨ। ਜੋ ਲਗਾਤਾਰ ਪ੍ਰਕਿਰਿਆ ਕਰਦੇ ਰਹਿੰਦੇ ਹਨ ਅਤੇ ਧਰਤੀ ਨੂੰ ਉਪਜਾਊ ਅਤੇ ਭਰਪਰੀ ਬਣਾਉਂਦੇ ਹਨ। ਜਿਹੜੇ ਕਿ ਹੁਣ ਖਤਮ ਹੋ ਰਹੇ ਹਨ। ਉਪਰਲੀ 4-5 ਵਿੱਚ ਧਰਤੀ ਦੀ ਤਹਿ ਤੱਕ ਹੁਣ ਉਪਜਾਊ ਨਹੀਂ ਰਹੀ ਅਤੇ ਕਿਸਾਨ ਹੁਣ ਇਸ ਤੋਂ ਹੇਠਲੀ ਤਹਿ ਤੱਕ ਜਾਣ ਲਈ ਇੱਕ ਬਹੁਤ ਹੀ ਡੂੰਘਾ ਤਹਿ ਤੋੜ ਹੋਲ ਵਰਤ ਰਿਹਾ ਹੈ। ਇਹ ਹਲ ਆਮ ਛੋਟਾ ਟਰੈਕਟਰ ਨਹੀਂ ਚਲਾ ਸਕਦਾ ਅਤੇ ਬਹੁਤ ਮਹਿੰਗਾ ਪੈਂਦਾ ਹੈ।

"ਸੌਂ ਲੈ ਮੇਰੀ ਬੱਚੀਏ" ਕਵਿਤਾ ਦਾ ਦਰਦ ਬਹੁਤ ਹੀ ਡੂੰਘਾ ਹੈ। ਇਹ ਇੱਕ ਬੱਚੀ ਔਰਤ ਜਾਤੀ ਦੀ ਹੱਡਾਂ ਦੀ ਚੀਸ ਹੋ ਅਤੇ ਇਸ ਸਮਾਜਕ ਕੋਹੜ ਨੂੰ ਉਜਾਗਰ ਕਰਦੀ ਹੈ। ਇਸ ਮੰਡੀ 'ਚ ਔਰਤ ਇੱਕ ਵਿਕਣ ਅਤੇ ਵਰਤਣ ਵਾਲੀ ਵਸਤੂ ਦੇ ਤੌਰ 'ਤੇ ਸਮਝੀ ਜਾਂਦੀ ਹੈ। ਇਹ ਫੁੱਲ ਹੈ ਅਤੇ ਇਸ ਨਾਲ ਇਸਦੇ ਕੰਡੇ ਹਨ। ਉਸ 'ਤੇ ਜੁਲਮ ਹੋਵੇਗਾ ਤਾਂ ਮੂਰਤੀ ਇਸ ਬੱਚੀ ਨੂੰ ਅੱਗ ਦੇ ਭੰਬੂਕੇ ਵਾਂਗ ਮਚਣ ਦਾ ਵਰ ਦਿੰਦਾ ਹੈ। ਜੁਲਮ ਨੂੰ ਚੁੱਪ ਚੁਪੀਤੇ ਸਹਿਣ ਤੋਂ ਵਰਜਦਾ ਹੈ। ਇਹ ਬਹੁਤ ਵੱਡੀ ਸਿੱਖਿਆ ਹੈ ਅਤੇ ਇਸ ਚੱਲ ਰਹੇ ਮੁਕਤੀ ਸੰਗਰਾਮ ਲਈ ਵਰਦਾਨ ਹੈ। ਇਸ ਸਮਾਜ ਦਾ ਇੱਕ ਅੰਗ ਜੇਕਰ ਇਸ ਮੁਕਤੀ ਸੰਘਰਸ਼ 'ਚ ਨਹੀਂ ਕੁੱਦੇਗਾ ਤਾਂ ਮੁਕਤੀ ਨਹੀਂ ਹੋਣੀ। ਕਵਿਤਾ ਬਹੁਤ ਹੀ ਖ਼ੂਬਸੂਰਤ ਅਤੇ ਦਿਲ ਟੁੰਬਵੀਂ ਹੈ। ਇੱਕ-ਇੱਕ ਅੱਖਰ ਬੱਚੀ ਦੇ ਪਿਆਰ ਵਿੱਚ ਗੜੁੱਚ ਹੈ ਅਤੇ ਪਿਆਰ ਦੇ ਨਾਲ-ਨਾਲ ਖਦਸ਼ੇ ਵੀ ਹਨ। ਸਮਾਜ ਦੇ ਡਰ ਦਾ ਪ੍ਰਛਾਵਾਂ ਵੀ ਹੈ।

'ਮੁੱਢ ਕੁਰਬਾਨੀ ਦਾ' ਕਵਿਤਾ ਬਹੁਤ ਹੀ ਅਰਥ ਭਰਪੂਰ ਹੈ, ਡਾ. ਰਾਮ ਮੂਰਤੀ ਦੀ ਅੰਦਰਲੀ ਹੂਕ ਹੈ। ਇਸ ਦੇ ਅੰਦਰੋਂ ਫੁੱਟੀ ਕਵਿਤਾ ਕਰਤਾਰ ਸਰਾਭੇ ਲਈ ਚਿੰਨ੍ਹ ਸਿਰਜਦੀ ਹੈ ਅਤੇ ਖ਼ਬਰਦਾਰ ਕਰਦੀ ਹੈ ਕਿ ਇਹ ਮੁਲਕ ਦੀ ਗ਼ੁਲਾਮੀ ਦਾ ਕਾਰਨ ਲੱਕਦੀ ਹੈ। ਗੱਦਾਰਾਂ ਅਤੇ ਖੁਦਦਾਰਾਂ ਨੇ ਕਿਵੇਂ ਇਸ ਆਜ਼ਾਦੀ ਸੰਗਰਾਮ ਨੂੰ ਵੱਟਾ ਲਾਇਆ। ਗਦਰੀ ਬਾਬੇ ਇੱਕ ਚਾਨਣ ਦੀ ਲੀਕ ਲੈ ਆਜ਼ਾਦੀ ਦੇ ਸੰਗਰਾਮ ਲਈ ਸਾਰਾ ਕੁਝ ਛੱਡ ਛਡਾ ਕੇ ਆਪਣੇ ਪਿਆਰੇ ਵਤਨ ਨੂੰ ਆਜਾਦ ਕਰਵਾਉਣ ਲਈ ਸਖ਼ਤ ਮਿਹਨਤ ਮੁਸ਼ੱਕਤ ਕਰਕੇ ਬਦੇਸ਼ੋਂ ਆਏ ਅਤੇ ਕੁਰਬਾਨੀਆਂ ਕੀਤੀਆਂ, ਸਹੀਦੀਆਂ ਪਾਈਆਂ, ਅੰਗਰੇਜ਼ ਸਾਮਰਾਜ ਨੂੰ ਜਿਹੜਾ ਹੁਣ ਵੀ ਮਨੁੱਖਤਾ ਦਾ ਨਾਸ ਕਰਦਾ ਹੈ, ਲਲਕਾਰਿਆ। ਕਰਤਾਰ ਸਿੰਘ ਸਰਾਭਾ ਸਾਡੇ ਵਤਨ ਦਾ ਮੁਜੱਸਮਾ ਅਤੇ ਆਜ਼ਾਦੀ ਦਾ ਨਿਸ਼ਾਨ ਚਿੰਨ੍ਹ ਹੈ। ਆਜ਼ਾਦੀ ਜਿਹੜੀ ਲੋਕਾਂ ਨੂੰ ਅਲਾਮਤਾਂ ਭੁੱਖ ਨੰਗ, ਗਰੀਬੀ ਜਾਤ ਪਾਤ ਧਰਮਾਂ ਆਦਿ ਤੋਂ ਨਿਜਾਤ ਦਿਵਾਏ ਇਹੀ ਆਜ਼ਾਦੀ ਹੈ, ਮੁਕਤੀ ਸੰਗਰਾਮਹੈ ਜਿਸ ਲਈ ਮੂਰਤੀ ਤੜਫਦਾ ਹੈ ਅਤੇ ਆਪਣੀ ਜ਼ਿੰਦਗੀ ਦਾ ਇੱਕ-ਇੱਕ ਪਲ ਇਸੇ ਹੀ ਲੇਖੇ ਲਾਉਂਦਾ ਹੈ ਅਤੇ ਲੋਕਾਂ ਨੂੰ ਵੀ ਇਹੀ ਨਿਵਾਜਦਾ ਹੈ।

ਮੂਰਤੀ ਇਸ ਗੰਦੇ ਵਾਤਾਵਰਨ ਨੂੰ ਚੰਗਾ ਅਤੇ ਜੀਵਨਯੋਗ ਬਣਾਉਣ ਲਈ ਯਤਨਸ਼ੀਲ ਕਾਲਾ ਸੰਘਿਆ ਦੀ ਡਰੇਨ ਦੇ ਸੰਘਰਸ਼ ਵਿੱਚ ਲੋਕਾਂ 'ਚ ਇੱਕ ਮਿਕ ਹੁੰਦਾ ਹੈ। ਆਪਣੀ ਸੁਰੀਲੀ ਅਤੇ ਉੱਚੀ ਹੇਕ ਅਤੇ ਹੁਕ ਨਾਲ ਲੋਕਾਂ ਨੂੰ ਲਾਮਬੰਧ ਕਰਦਾ ਹੈ। ਮੈਂ ਆਪ ਉਸ ਦੇ ਅੰਗ ਸੰਗ ਰਹਿ ਕਿ ਇਹ ਅਨੁਭਵ ਹੰਢਾਇਆ ਹੈ। ਮੂਰਤੀ ਲੋਕਾਂ ਵਿੱਚ ਘੁਲਿਆ ਮਿਲਿਆ ਅਭੇਦ ਹੋਇਆ ਲੋਕਾਂ ਦੀ ਹੱਕ ਸੱਚ ਦੀ ਲੜਾਈ ਵਿੱਚ ਮੋਹਰੀ ਬਣਦਾ ਅਤੇ ਨਾਲ ਨਾਲ ਵੀ ਚੱਲਦਾ ਹੈ। ਉਸ ਦੀ ਕਵਿਤਾ ਉਸ ਦੇ ਜੀਵਨ ਦੀ ਅਨੁਸਾਰੀ ਹੈ। ਮੂਰਤੀ ਦੇ ਇੱਕ ਗੀਤ "ਬੰਦੇ ਦਾ ਕੋਈ ਆਪਣਾ ਜ਼ਰੂਰ ਹੋਣਾ ਚਾਹੀਦਾ" ਅਤੇ ਇਹ ਠੀਕ ਵੀ ਹੈ। ਜੇਕਰ ਰੁੱਖ ਇਕੱਲਾ ਹੋਵੇ ਤਾਂ ਵੀ ਉਹ ਵੱਧ ਫੁੱਲ ਨਹੀਂ ਸਕਦਾ ਅਤੇ ਆਪਣੀ ਸੁਗੰਧ ਨੂੰ ਸਮੇਟ ਕੇ ਰੱਖਦਾ ਹੈ। ਬੰਦਾ ਜਦੋਂ ਇਕੱਲਾ ਹੁੰਦਾ ਹੈ ਤਾਂ ਉਸ ਵਿੱਚ ਪਿਆਰ ਦੀਆਂ ਤਰੰਗਾਂ ਨਹੀਂ ਉੱਠਦੀਆਂ ਅਤੇ ਉਸ ਵਿੱਚ ਪਿਆਰ ਦਾ ਰਿਸਾਵ ਨਹੀਂ ਪੈਦਾ ਹੁੰਦਾ। ਮਨੁੱਖ ਮਾਨਸਿਕ ਅਤੇ ਸਰੀਰਕ ਤੌਰ 'ਤੇ ਦੁਬਲਾ ਅਤੇ ਕੰਮਜ਼ੋਰ ਰਹਿੰਦਾ ਹੈ। ਇਹ ਗੀਤ ਮਨੁੱਖ ਦੀ ਹੋਣੀ ਨਿਰਧਾਰਤ ਕਰਦਾ ਹੈ। ਇਸ

ਗੀਤ ਦੇ ਬੋਲ ਬਹੁਤ ਡੂੰਘੇ ਹਨ। ਬੰਦਾ ਸਮਾਜ ਵਿੱਚ ਵਿਚਰੇ ਅਤੇ ਰਲ ਮਿਲ ਕੇ ਪਿਆਰ ਭਰੀ ਜ਼ਿੰਦਗੀ ਬਿਤਾਏ। ਆਦਮੀ ਨਿੱਜੀ ਨਹੀਂ ਹੈ, ਇਹ ਜੁੜਵਾਂ ਸਮੁੱਚਤਾ ਦਾ ਹਿੱਸਾ ਹੈ। ਜਾਤੀ ਜਮਾਤੀ ਵੰਡ ਨੇ ਮਨੁੱਖ ਨੂੰ ਆਪਣਾ ਵਜੂਦ ਹੀ ਭੁਲਾ ਦਿੱਤਾ ਹੈ। ਇਸ ਗੀਤ ਨੇ ਪਿਆਰ ਦੀ ਮਹੱਤਤਾ ਦੱਸੀ ਹੈ। ਦਸਵੇਂ ਪਾਤਸ਼ਾਹ ਗੁਰੂ ਜੀ ਦਾ ਵਰਮਾਨ ਹੈ ਕਿ "ਸਾਚ ਕਹੂੰ ਸੁਨ ਲੋਹ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥" ਇਹ ਗੀਤ ਮੇਰੀ ਆਪਣੀ ਪਸੰਦ ਹੈ ਤੇ ਬਹੁਤਵਾਰ ਡਾ. ਸਾਹਿਬ ਤੋਂ ਤਰੰਨਮ 'ਚ ਸੁਣਿਆ। ਪ੍ਰੋ. ਪਰਮਜੀਤ ਨੂੰ ਯਾਦ ਕਰਦਿਆਂ ਮੂਰਤੀ ਕਵਿ ਜਗਤ ਵਿੱਚ ਹੋਰ ਵਾਧਾ ਕਰਦਾ ਹੈ ਤੇ ਕਹਿੰਦਾ ਹੈ,

ਮੇਰੇ ਗਹਿਰ-ਗੰਭੀਰ ਯਾਰਾ
ਲੈ ਮੇਰੇ ਹੰਝੂਆਂ ਦੀ ਸ਼ਰਧਾਂਜਲੀ,
ਦੋ ਮਿੰਟ ਦੇ ਮੌਨ ਦੀ ਰਸਮ ਵਿੱਚ
ਮੈਥੋਂ ਖੜਿਆ ਨਹੀਂ ਜਾਣਾ,
ਤੇਰੀ ਯਾਦ ਵਿੱਚ ਲਿਖਿਆ ਇਹ ਮਰਸੀਆ,
ਬਿਨ ਰੋਇਆ ਮੈਥੋਂ ਪੜਿਆ ਨਹੀਂ ਜਾਣਾ।

ਜਦੋਂ ਆਦਮੀ ਹੈ ਤਾਂ ਉਸ ਦਾ ਉਸ ਪ੍ਰਤੀ ਪਿਆਰ ਹੰਝੂ ਬਣ ਕੇ ਆਪ ਮੁਹਾਰੇ ਫੁੱਟਦਾ ਹੈ।

"ਫਾਸ਼ਵਾਦੀ ਦਸਤਾ" ਕਵਿਤਾ ਸਾਰੇ ਹੀ ਰੰਗਾਂ ਅਲਾਮਤਾਂ ਦੀ ਜੜ ਖੋਜਦੀ ਹੈ। ਪੂੰਜੀਪਤੀ ਜਦੋਂ ਹੰਕਾਰ ਜਾਂਦਾ ਹੈ ਤਾਂ ਉਹ ਫਾਸ਼ੀਵਾਦ ਵਲ ਵੱਧਦਾ ਹੈ ਅਤੇਮਨੁੱਖ ਨੂੰ ਤਬਾਹ ਕਰਦਾ ਹੈ। ਆਪਣੇ ਪੈਰ ਪਸਾਰਨ ਲਈ ਪੂੰਜੀ ਨੂੰ ਵਧਾਉਣ ਲਈ ਉਹ ਕਿਸੇ ਵੀ ਤਬਾਹਕੁੰਨ ਰਸਤੇ 'ਤੇ ਤੁਰ ਸਕਦਾ ਹੈ। ਪਿਛਲੇ ਸਮੇਂ 'ਚ ਵੀ ਇਸ ਦੀਆਂ ਬਹੁਤ ਉਦਾਹਰਣਾਂ ਹਨ ਹੁਣ ਵੀ ਵਾਪਰ ਰਹੀਆਂ ਹਨ। ਨਫ਼ਰਤ, ਹਿੰਸਾ, ਜਾਤ ਧਰਮ ਦੀ ਖੁਲ੍ਹਕੇ ਕੁਵਰਤੋਂ ਕਰਦਾ ਹੈ। ਫਿਰਕਾਪ੍ਰਸਤੀ ਇਸ ਦਾ ਮੁੱਢਲਾ ਗੁਣ ਹੈ। ਇਹ ਇਨਸਾਨੀਅਤ ਦਾ ਦੁਸ਼ਮਣ ਹੈ। ਇਸ ਕਵਿਤਾ ਵਿੱਚ ਮੂਰਤੀ ਬਹੁਤ ਹੀ ਬਾਰੀਕੀ ਨਾਲ ਬਹੁਤ ਵੱਡੀ ਗੱਲ ਕਰ ਰਿਹਾ ਹੈ। ਨਵੇਂ ਗ੍ਰੇਡ ਦਿੱਤੇ ਅਤੇ ਆਉਣ ਵਾਲੀਆਂ ਪੁਸ਼ਤਾਂ ਲਈ ਸੋਹ ਦਾ ਤਕਲਾ ਗੱਡ ਦਿੱਤਾ। ਕਈ ਕਿਸਮ ਦੇ ਅਧਿਆਪਕ ਬਣਾ ਦਿੱਤੇ। ਸਾਰੀਆਂ ਪੱਕੀਆਂ ਨੌਕਰੀਆਂ ਖਤਮ ਕਰ ਦਿੱਤੀਆਂ।

ਯੂਨੀਵਰਸਿਟੀਆਂ, ਖੋਜ ਲਈ ਬਣੇ ਕੇਂਦਰ ਸਭ ਖਾਲੀ ਕਰ ਦਿੱਤੇ। ਹਜ਼ਾਰਾਂ ਨੌਕਰੀਆਂ ਖਾਲੀ ਹਨ ਜਾਂ ਖਤਮ ਕਰ ਦਿੱਤੀਆਂ ਗਈਆਂ ਹਨ। ਨਵੀਂ ਭਰਤੀ ਨਹੀਂ ਕੀਤੀ ਜਾ ਰਹੀ। ਦੇਸ਼ ਦਾ ਬੁੱਧੀਮਾਨ ਵਰਗ ਕੱਚੀਆਂ ਅਰਧ ਰੁਜ਼ਗਾਰੀ ਨੌਕਰੀਆਂ 'ਤੇ ਧੱਕੇ ਖਾ ਰਿਹਾ ਹੈ। ਇੱਕ ਸੰਸਥਾ 'ਚੋਂ ਕਈ ਕਿਸਮ ਦੇ ਅਧਿਆਪਕ ਹਨ ਉਹਨਾਂ ਦੇ ਹਿੱਤ ਆਪਸ ਵਿੱਚ ਸਾਂਝੇ ਨਹੀਂ ਰਹਿਣ ਦਿੱਤੇ ਤਾਂ ਹੀ ਮੂਰਤੀ ਨੇ ਕਿਹਾ ਹੈ ਕਿ ਨਵੀਆਂ ਗ੍ਰੇਡਾਂ ਨੇ ਸਾਮਰਾਜੀਆਂ ਦੀਆਂ ਚਾਲਾਂ ਨੂੰ ਚਾਰ ਚੰਨ ਲਾ ਦਿੱਤੇ ਹਨ। ਕ੍ਰਿਸ਼ਨਾ ਕੁਮਾਰ ਦੇ ਹਿੰਦੋਸਤਾਨ ਅਖ਼ਬਾਰ ਵਿੱਚ ਛਪੇ ਲੇਖ ਨੇ ਡਾ. ਰਾਮ ਮੂਰਤੀ ਦੀ ਕਵਿਤਾ ਨੂੰ ਸਹੀ ਸਿੱਧ ਕਰ ਦਿੱਤਾ ਹੈ। ਉਹਨਾਂ ਮੁਤਾਬਿਕ ਮੋਰਨ ਯੂਨੀਵਰਸਿਟੀ 'ਚ 19 ਅਧਿਆਪਕਾਂ ਦੀ ਥਾਂ 2 ਅਧਿਆਪਕ ਰਹਿ ਗਏ ਹਨ। ਅਜੋਕੇ ਆਰਥਕ ਪ੍ਰਬੰਧ 'ਚ ਅਧਿਆਪਕਾਂ ਲਈ ਕੋਈ ਥਾਂ ਨਹੀਂ ਮਿਲ ਰਹੀ। ਉਹ ਰੋਜ਼ੀ ਰੋਟੀ ਲਈ ਥਾਂ ਥਾਂ ਭਟਕ ਰਹੇ ਹਨ। ਸਾਰੀਆਂ ਹੀ ਯੂਨੀਵਰਸਿਟੀਆਂ ਦਾ ਖੋਜ ਦਾ ਕੰਮ ਵੀ ਖੂੰਜੇ ਲਗਾ ਦਿੱਤਾ ਗਿਆ ਹੈ। ਯੂ.ਜੀ.ਸੀ. ਨਿਰਧਾਰਿਤ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਹਜ਼ਾਰਾਂ ਲੱਖਾਂ ਸੀਟਾਂ ਖਾਲੀ ਪਈਆਂ ਹਨ। ਕੱਚੀਆਂ ਨੌਕਰੀਆਂ ਤੇ ਅਧਿਆਪਕਾਂ ਨੂੰ ਆਮ ਮਜਦੂਰਾਂ ਦੀ ਤਰ੍ਹਾਂ ਲਗਾਇਆ ਜਾਂਦਾ ਹੈ। ਕਈਆਂ ਨੂੰ ਪੀਰੀਅਡ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਹਨ। ਇਸ ਪ੍ਰਬੰਧ ਨੇ ਸਾਰੇ ਹੀ ਵਿਦਿਅਕ ਢਾਂਚੇ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਉੱਚ ਵਿੱਦਿਆ ਅਤੇ ਸਕੂਲੀ ਵਿਦਿਆ ਦਾ ਵਪਾਰ ਹੋ ਰਿਹਾ ਹੈ ਅਤੇ ਵਿਦੇਸ਼ੀ ਨਾਮ ਨਿਹਾਦ ਸਕੂਲਾਂ ਅਤੇ ਯੂਨੀਵਰਸਿਟੀਆਂ ਦਾ ਨਾਮ ਵਰਤ ਕੇ ਸਾਂਝ ਭਿਆਲੀ ਪਾ ਕੇ ਵਿਦਿਆਰਥੀਆਂ ਦੀ

ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਇਸ ਮੌਜੂਦਾ ਪ੍ਰਬੰਧ ਦਾ ਇਕੋ ਇਕ ਨਿਸ਼ਾਨਾ ਸਾਰੀਆਂ ਨੌਕਰੀਆਂ ਨੂੰ ਕੱਚੀਆਂ ਕਰਨਾ ਅਤੇ ਸਾਰਿਆਂ ਬੁੱਧੀਮਾਨਾਂ ਨੂੰ ਵੀ ਮਜ਼ਦੂਰਾਂ ਵਾਂਗੂ ਕਿਰਤ ਵੇਚਣ ਲਈ ਚੌਂਕਾਂ 'ਤੇ ਖੜਾ ਕਰਨਾ ਹੈ। ਹੁਣ ਇਸ ਵੇਲੇ ਅਧਿਆਪਕਾਂ ਦੀ ਸਮਾਜਕ ਰੁਤਬੇ ਮੁਤਾਬਿਕ ਸਭ ਤੋਂ ਥੱਲੇ ਵਾਲੀ ਜਗ?ਹਾ ਬਣ ਰਹੀ ਹੈ ਅਤੇ ਆਉਣ ਵਾਲੀ ਪੀੜ੍ਹੀ ਇਸ ਕਿੱਤੇ ਨੂੰ ਨਹੀਂ ਅਪਣਾ ਰਹੀ ਹੈ ਅਤੇ ਜੇਕਰ ਬੁੱਧੀਜੀਵੀ ਅਤੇ ਹੁਸ਼ਿਆਰ ਬੱਚੇ ਇਸ ਖੇਤਰ ਵਿੱਚ ਨਹੀਂ ਆਉਣਗੇ ਤਾਂ ਇਸ ਦੇਸ਼ ਦਾ ਕੀ ਬਣੇਗਾ।ਵਿੱਦਿਅਕ ਅਦਾਰੇ ਅਨਪੜ੍ਹ ਬਾਬਿਆਂ, ਪੰਚਾਇਤਾਂ ਅਤੇ ਰਾਜਸੀ ਧਾੜਵੀਆਂ ਥੱਲੇ ਆ ਰਹੇ ਹਨ ਜੋ ਕਿ ਆਉਣ ਵਾਲੇ ਸਮੇਂ ਬਹੁਤ ਹੀ ਘਾਤਕ ਸਿੱਧ ਹੋਣਗੇ। ਇਹ ਕੰਮ ਸੁਤੇ ਸਿੱਧ ਨਹੀਂ ਹੋ ਰਿਹਾ। ਵਿੱਦਿਅਕ ਢਾਂਚਾ ਉਸੇ ਤਰ੍ਹਾਂ ਦਾ ਹੀ ਬਣਾਇਆ ਜਾ ਰਿਹਾ ਹੈ ਜਿਸ ਤਰ੍ਹਾਂ ਦਾ ਢਾਂਚਾ ਨਵੀਂ ਆਰਥਿਕ ਨੀਤੀ ਨੂੰ ਠੀਕ ਬੈਠਦਾ

ਹੈ। ਕਾਰਪੋਰੇਟ ਅਤੇ ਬਾਹਰਲੀਆਂ ਬਹੁਕੌਮੀ ਕਾਰਪੋਰੇਸ਼ਨਾਂ ਸਾਡੀ ਮੁੱਢਲੀ ਵਿੱਦਿਆ ਅਤੇ ਖੋਜ ਨੂੰ ਕੱਟ ਰਹੀਆਂ ਹਨ। ਹੁਣ ਯੂਨੀਵਰਸਿਟੀਆਂ ਵਿੱਚ ਖੋਜ ਨਹੀਂ ਹੋ ਰਹੀ ਬਲਕਿ ਬਾਹਰਲੀਆਂ ਕੰਪਨੀਆਂ ਜਾਂ ਪ੍ਰਾਈਵੇਟ ਏਜੰਸੀਆਂ ਵੱਲੋਂ ਇਜਾਦ ਕੀਤੀਆਂ ਖੋਜਾਂ ਨੂੰ ਹੀ ਸਹੀ ਠਹਿਰਾਇਆ ਜਾ ਰਿਹਾ ਹੈ ਜਿਵੇਂ ਖੇਤੀ ਖੇਤਰ ਵਿੱਚ ਨਵੀਂ ਆਰਥਿਕ ਨੀਤੀ ਮੁਤਾਬਿਕ ਦੇਸ਼ ਦੀਆਂ 21 ਖੇਤੀਬਾੜੀ ਵਿੱਚ ਖੋਜ ਦਾ ਕੰਮ ਕਰ ਰਹੀਆਂ ਯੂਨੀਵਰਸਿਟੀਆਂ ਵਿੱਚ ਖੋਜ ਦਾ ਕੰਮ ਖਤਮ ਕੀਤਾ ਜਾ ਰਿਹਾ ਹੈ। ਸਾਇੰਸਦਾਨ ਮੈਨਸੈਂਟ ਵੱਲੋਂ ਨਵੇਂ ਜੀ.ਐਮ ਬੀਜਾਂ ਨੂੰ ਸਹੀ ਸਿੱਧ ਕਰਨ ਲਈ ਅਤੇ ਲੋਕਾਂ ਵਿੱਚ ਇਹਨਾਂ ਦਾ ਪ੍ਰਚਾਰ ਕਰਨ ਦਾ ਕੰਮ ਕਰਦੀਆਂ ਹਨ। ਇਹਨਾਂ ਯੂਨੀਵਰਸਿਟੀਆਂ ਨੂੰ ਮਾਲੀ ਇਮਦਾਦ ਬੰਦ ਕਰ ਦਿੱਤੀ ਗਈ ਅਤੇ ਇਹ ਸਹਿਕ ਰਹੀਆਂ ਹਨ। ਖੇਤੀਬਾੜੀ ਖੋਜ ਕੇਂਦਰ ਬੰਦ ਹੋ ਰਹੇ ਹਨ ਅਤੇ ਇਹਨਾਂ ਵਿੱਚ ਸਾਰੀਆਂ ਪੋਸਟਾਂ ਖਤਮ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਹਿੰਦੋਸਤਾਨ ਪੱਧਰ ’ਤੇ ਖੇਤੀ ਖੋਜ ਲਈ ਸਾਇੰਸਦਾਨ ਰੱਖਣ ਲਈ ਇੱਕ ਇਮਤਿਹਾਨ ਹੁੰਦਾ ਸੀ ਹੁਣ ਹਜ਼ਾਰਾਂ ਸਾਇੰਸਦਾਨਾਂ ਦੀਆਂ ਪੋਸਟਾਂ ਖਾਲੀ ਹਨ ਜਿਹੜੀਆਂ ਭਰੀਆਂ ਨਹੀਂ ਜਾ ਰਹੀਆਂ। ਜੁਲਾਈ 2005 ਵਿੱਚ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੇ ਅਮਰੀਕਾ ਦੌਰੇ ਸਮੇਂ ਜੁਲਾਈ ਸਮਝੌਤਾ ਕੀਤਾ ਗਿਆ ਜਿਹੜਾ ਕਿ ਦਸੰਬਰ 2006 ਵਿੱਚ ਅਮਰੀਕਾ ਦਾ ਪ੍ਰਧਾਨ ਮੰਤਰੀ ਹਿੰਦੋਸਤਾਨ ਆਇਆ ਤਾਂ ਇਹਨਾਂ ਸਮਝੋਤਿਆਂ ਦਾ ਐਲਾਨ ਕੀਤਾ ਗਿਆ। ਇਹ ਸਾਰੀਆਂ ਮਦਾਂ ਹੁਣ ਲਾਗੂ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਸ. ਮਨਮੋਹਨ ਸਿੰਘ ਦੀ ਸਰਕਾਰ ਕਰ ਰਹੀ ਸੀ ਅਤੇ ਹੁਣ ਮੋਦੀ ਸਰਕਾਰ ਤੇਜੀ ਨਾਲ ਲਾਗੂ ਕਰਨ ਦੀ ਬੜਕ ਮਾਰ ਰਹੀ ਹੈ।

ਵਿੱਦਿਅਕ ਢਾਂਚਾ ਤਬਾਹ ਹੋ ਗਿਆ ਹੈ। ਜਾਅਲੀ ਡਿਗਰੀਆਂ ਦੀ ਆਮ ਦੁਹਾਈ ਪੈ ਰਹੀ ਹੈ। ਬਹੁਤ ਸਾਰੀਆਂ ਡਿਗਰੀਆਂ ਜਾਅਲੀ ਸਾਬਿਤ ਹੋ ਰਹੀਆਂ ਹਨ।

ਹੁਣ ਇਹ ਨਹੀਂ ਪਤਾ ਲਗਦਾ ਕੌਣ ਸਹੀ ਮਾਅਨੇ ਵਿੱਚ ਵਿਦਵਾਨ ਹੈ। ਸਭ ਘਾਲਾ ਮਾਲਾ ਹੋ ਗਿਆ। ਸਰਟੀਫਿਕੇਟਾਂ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ। ਵਿੱਦਿਆ ਵਿਚਾਰੀ ਦੇ ਵਪਾਰੀ ਬਣ ਗਏ ਹਨ। ਇਹ ਅਜੋਕੀਆਂ ਆਰਥਿਕ, ਸਮਾਜਿਕ ਹਾਲਤਾਂ ਦੀਆਂ ਬਰਕਤਾਂ ਹਨ। ਭੁੱਖ, ਨੰਗ, ਗ਼ਰੀਬੀ, ਅਨਪੜ੍ਹਤਾ, ਫਿਰਕਾਪ੍ਰਸਤੀ, ਨਸ਼ਾਖੋਰੀ, ਧੀਆਂ ਧਿਆਣੀਆਂ ਦੀ ਖੱਜਲ ਖੁਆਰੀ ਮਸ਼ਹੂਰੀ ਦੀਆਂ ਚਿੜੀਆਂ ਕੁੜੀਆਂ। ਸ਼ੱਕੀ ਬੰਦਾ, ਸ਼ੱਕੀ ਖਾਧ ਖੁਰਾਕ, ਮਹਿੰਗਾ ਇਲਾਜ ‘ਅਮ੍ਰਿਤ ਧਾਰ” ਕਵਿਤਾ ਵਿੱਚ ਮੂਰਤੀ ਲਿਖਦਾ ਹੈ। “ਤੂੰ ਅੰਬਰ ਗੰਧਲਾ ਕੀਤਾ ਕੋਈ ਦਿਸਦਾ ਪਿਆ ਨਾ ਤਾਰਾ”। ਇਹ ਬਿਲਕੁਲ ਯਥਾਰਥ ਹੈ ਅਸਲੀਅਤ ਹੈ। ਕਹਿੰਦੇ ਹਨ ਅਤੇ ਹੈ ਵੀ ਕਿ ਦਿੱਲੀ ਦੇ ਜੰਮਦੇਅਤੇ ਵਸਦੇ ਨਿਆਣਿਆਂ ਨੂੰ ਇਹ ਨਹੀਂ ਪਤਾ ਕਿ ਅੰਬਰ ਵਿੱਚ ਤਾਰੇ ਵੀ ਹੁੰਦੇ ਹਨ ਕਿਉਂਕਿ ਉਹਨਾਂ ਨੇ ਇਹ ਤਾਰੇ ਕਦੇ ਦੇਖੇ ਹੀ ਨਹੀਂ ਹਨ। ਧੂੰਆਂ ਧੁੰਦ ਹਨੇਰ ਗਰਦਾ ਹੀ ਇਨਾ ਹੈ ਕਿ ਅੰਬਰ ਸਾਫ਼ ਨਹੀਂ ਹੈ। ਸੀ.ਐਸ.ਸੀ. ਦੀ ਡਾਇਰੈਕਟਰ ਡਾ. ਸੁਨੀਤਾ ਨਾਰਾਇਨ ਨੇ ਦਿੱਲੀ ਵਿਚ ਡੀਜ਼ਲ ਦੀਆਂ ਗੱਡੀਆਂ ਬੰਦ ਕਰਨ ਦੀ ਲਹੂ ਵੀਟਵੀਂ ਲੜਾਈ ਲੜੀ ਅਤੇ ਬਾਅਦ ਵਿੱਚ ਸੁਪਰੀਮਕੋਰਟ ਵਿੱਚ ਰਿਟ ਕੀਤੀ। ਸੁਨੀਤਾ ਨੇ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ। ਦੁਸ਼ਮਣ ਬਹੁਤ ਹੀ ਡਾਢਾ ਅਤੇ ਡਰੋਣਾ ਸੀ ਪਰ ਉਹ ਆਪਣੇ ਇਰਾਦੇ ਵਿੱਚ ਸਫਲ ਹੋਈ। ਦਿੱਲੀ ਵਿੱਚ ਡੀਜ਼ਲ ਦੀਆਂ ਧੂੰਆਂ ਧਾਰ ਗੱਡੀਆ ਬੰਦ ਹੋ ਗਈਆਂ। ਸੁਪਰੀਮ ਕੋਰਟ ਨੇ ਇਸ ਦੇ ਵਿਰੁੱਧ ਫਤਵਾ ਦਿੱਤਾ ਤਾਂ ਜਾ ਕੇ ਕਿਤੇ ਅੰਬਰ ਵਿੱਚ ਤਾਰੇ ਨਜ਼ਰ ਆਏ। ਮੂਰਤੀ ਦੇ ਸੰਕੇਤ ਅਤੇ ਧਾਰਨਾਵਾਂ ਬਹੁਤ ਹੀ ਠੀਕ ਅਤੇ ਢੁੱਕਵੇਂ ਹਨ। ਰੋਣਾ ਹੈ ਬੁਝ ਗਿਆ ਨੂੰ ਜਾਂ ਜਗਾਉਣੇ ਦੀਪ ਹੋਰ, ਇਹ ਹੁਣ ਦੇ ਸਮੇਂ ਦੀ ਗੱਲ ਹੈ। “ਸੱਚ ਕੀ ਬਾਣੀ ਨਾਨਕ ਬੋਲੇ ਸੱਚ ਸੁਣਾਈ ਸੀ ਸੱਚ ਕੀ ਬੇਲਾ”।

ਮੂਰਤੀ ਇਸ ਘੁੱਪ ਹਨੇਰੇ ਵਿੱਚ ਕਿਤੇ ਚਾਨਣ ਦੀ ਲੀਕ ਦਾ ਵੀ ਵਰਨਣ ਕਰਦਾ ਹੈ। “ਆ ਸੰਘੇ ਖਾਲਸੇ ਚੱਲੀਏ ਹੁਣ ਗਫਲਤ ਨਹੀਂ ਗਵਾਰਾ।” ਸੰਘੇ ਖਾਲਸਾ ਪਿੰਡ ਵਿੱਚ ਨਿਰਮਲ ਸਿੰਘ ਸੰਘੇ ਵਰਗੇ ਇਨਸਾਨ ਪੈਦਾ ਹੋਏ ਹਨ। ਜਿਹਨਾਂ ਨੇ ਇਹ ਦਰਸਾ ਦਿੱਤਾ ਹੈ ਕਿ ਪਾਣੀ ਸਾਂਭਿਆ ਜਾ ਸਕਦਾ ਹੈ ਅਤੇ ਇਹ ਪਲੀਤ ਹੋਣ ਤੋਂ ਬਚ ਸਕਦਾ ਹੈ। ਪਰ ਨਦੀ ਨਾਲਿਆਂ ਅਤੇ ਹੇਠਲੇ ਪਾਣੀਆਂ ਨੂੰ ਵੱਡੇ ਪੱਧਰ ’ਤੇ ਪਲੀਤ ਕੀਤਾ ਜਾ ਰਿਹਾ ਹੈ। ਇਹ ਤਾਂ ਬਹੁਤ ਵੱਡੀ ਲੜਾਈ ਹੈ। ਇਸ ਵਿੱਚ ਆਮ ਬਹੁ ਗਿਣਤੀ ਲੋਕਾਂ ਦੀ ਸ਼ਮੂਲੀਅਤ ਬਹੁਤ ਜਰੂਰੀ ਹੈ। ਮੂਰਤੀ ਨੇ ਇਹ ਖ਼ਬਰਦਾਰ ਕੀਤਾ ਹੈ ਜੇਕਰ ਪਾਣੀ ਨਾ ਸਾਂਭਿਆ ਗਿਆ ਜਿਹੜਾ ਕਿ ਬਹੁਤ ਘੱਟ ਹੈ ਤਾਂ ਆਉਣ ਵਾਲੇ ਸਮੇਂ ਪਾਣੀ ਲਈ ਜੰਗ ਛਿੜ ਜਾਵੇਗੀ। ਅਰਬ ਜਗਤ ਦੇ ਨਾਲ ਲਗਦੇ ਸਮੁੰਦਰਾਂ ਨੂੰ ਜਾਣ ਬੁਝ ਕੇ ਖ਼ਰਾਬ ਕੀਤਾ ਜਾ ਰਿਹਾ ਹੈ ਤਾਂ ਕਿ ਬਹੁ ਕੌਮੀ

ਕਾਰਪੋਰੇਸ਼ਨਾਂ ਉਥੇ ਆਪਣਾ ਪਾਣੀ ਦਾ ਕਾਰੋਬਾਰ ਖੂਬ ਚਲਾ ਸਕਣ। ਪਾਣੀ ਨੂੰ ਪਲੀਤ ਕਰਨਾ ਵੀ ਬਹੁਤ ਵੱਡੀ ਸਾਜਿਸ਼ ਹੈ। ÷ਨੇਰਾ ਸਾਈਆਂ÷ ਕਵਿਤਾ ਵਿੱਚ ਮੂਰਤੀ ਨੇ ਅਜੋਕੀ ਸਮਾਜਕ ਸਥਿਤੀ ਦੀ ਗੱਲ ਕੀਤੀ ਹੈ ਜੋ ਕਿ ਯਥਾਰਥ ਹੈ ਅਤੇ ਕੱਖਾਂ ਥੱਲੇ ਅੱਗ ਹੈ। ਜਿਹੜੀ ਭਾਂਬੜ ਬਣ ਜਾਵੇਗੀ।

ਡਾ. ਮੂਰਤੀ ਦੀ ਕਵਿਤਾ ਬਹੁਤ ਹੀ ਸੰਵੇਦਨਸ਼ੀਲ ਅਤੇ ਦਿਲ ਟੁੰਭਵੀਂ ਹੈ। ਇੱਕ ਸਰਵਹਾਰ ਦੀ ਵੇਦਨਾ ਨੂੰ ਬਾਖੂਬੀ ਬਿਆਨ ਕੀਤਾ ਗਿਆ ਕਿ ਇਹ ਜੀਵਨ ਕਿਸ ਤਰ੍ਹਾਂ ਦਾ ਹੈ। ਇਹ ਸਾਰੀ ਕਵਿਤਾ ਦਾ ਇੱਕ-ਇੱਕ ਬੰਦ ਪੂਰਾ ਜ਼ਿੰਦਗੀ ਦਾ ਖੁਲਾਸਾ ਹੈ। ਜਿਹੜੀ ਜ਼ਿੰਦਗੀ ਡਾ. ਰਾਮ ਮੂਰਤੀ ਦੇ ਜਿਹਨ ਵਿੱਚ ਹੋ ਉਹ ਬਹੁਤ ਹੀ ਕਠਿਨ ਜਿਸਮਾਨੀ ਅਤੇ ਸਮਾਜਿਕ ਤੌਰ 'ਤੇ ਮਰੇ ਹੋਏ ਜਜ਼ਬਾਤਾਂ, ਇੱਜ਼ਤਾਂ ਅਤੇ ਗੁੰਨ੍ਹੇ ਪੜ੍ਹਨੇ ਤਾਮਨੇ ਮਿਹਣੇ ਝਿੜਕਾਂ ਬੇਇੱਜ਼ਤੀ ਦਾ ਖੁਲਾਸਾ ਹੈ। ਕੁਦਰਤ ਦਾ ਕਹਿਰਵੀ ਨਾਲੋਂ ਨਾਲ ਫਿਰ ਵੀ ਭੁੱਖ ਦੀ ਅੱਗ ਬੁਝਾਉਣ ਲਈ ਜੀਵ ਲਈ ਇਹ ਸਾਰੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਾਈਂ ਨੂੰ ਉਲਾਮਾ ਕਿ ਚਾਰ ਚੁਫੇਰੇ ਹਨੇਰਾ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਉਸ ਸਮੇਂ ਦੇ ਹਾਲਾਤ ਦਾ ਵਰਨਣ ਬਹੁਤ ਹੀ ਸੁੰਦਰ ਤਰੀਕੇ ਨਾਲ ਕੀਤਾ ਸੀ। ਗੁਰੂ ਸਾਹਿਬ ਨੇ ਬਹੁਤ ਨੇੜੇ ਹੋ ਕੇ ਸਮਾਜ ਨੂੰ ਸਮਝ ਕੇ ਇਸ ਵਿੱਚ ਹੋ ਰਹੇ ਦਾਬੇ ਲੁੱਟ ਖਸੁੱਟ, ਪੂਜਾ ਪਾਠ, ਚੋਰ, ਹਰਾਮ ਖੋਰ, ਹਤਿਆਰੇ ਆਦਿ ਦਾ ਵਰਨਣ ਕੀਤਾ ਹੈ।

"ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥" (ਆਦਿ ਗ੍ਰੰਥ, ਪੰਨਾ: 04)

ਡਾ. ਰਾਮ ਮੂਰਤੀ ਨੇ ਸਮਾਜਿਕ ਕੋਹੜ ਦਾ ਵਰਨਣ ਇਸ ਕਾਵਿ ਵੰਨਗੀ ਵਿੱਚ ਬਾਖੂਬੀ ਕੀਤਾ ਹੈ।

ਵੱਡੇ ਦਾ ਛੋਟਾ ਬਣਦਾ ਖਾਜਾ,
ਰਾਜੇ ਦੇ ਘਰ ਜੰਮਦਾ ਰਾਜਾ,
ਪੰਡਤਾਂ ਦੇ ਪੁੱਤ ਹੋਏ ਕਸਾਈ,
ਬੱਚਿਆਂ ਦੇ ਗੱਲ ਘੁੱਟਦੀ ਦਾਈ।

ਸਾਈਂ ਸਭ ਦਾ ਕਰਨਹਾਰ ਮੰਨਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਉਸ ਬਗੀਰ ਪਤਾ ਨਹੀਂ ਹਿਲਦਾ। ਮੂਰਤੀ ਤਰਲੇ ਪਾਉਂਦਾ ਹੈ ਕਿ ਹੇ ਸਾਂਈਂ ਇਹ ਕੀ ਹੋ ਰਿਹਾ ਹੈ। ਇਸ ਕਵਿਤਾ ਵਿੱਚ ਇੱਕ ਡੂੰਘੀ ਸੱਚਾਈ ਹੈ। ਮਨੁੱਖ ਕਿਸੇ ਦੇ ਆਸਰੇ ਜੀਣ ਦਾ ਆਦੀ ਹੈ ਅਤੇ ਪੁਕਾਰਾਂ ਕਰਦਾ ਹੈ ਕਿ ਮੇਰੇ ਦੁੱਖ ਦਰਦ ਅਲਾਮਤਾਂ ਦਾ ਸਮਾਧਾਨ ਹੋਵੇ। ਪਰ ਅਸਲੀ ਰਾਹ ਦਾ ਉਸ ਨੂੰ ਪਤਾ ਨਹੀਂ ਹੈ। ਉਸ ਦੇ ਦੁਸ਼ਮਨ ਦਾ ਚਿਹਰਾ ਉਸਨੂੰ ਨਜ਼ਰ ਨਹੀਂ ਆਉਂਦਾ। ਇਹ ਇੱਕ ਵਿਅੰਗ ਹੈ ਜਿਸ ਦੇ ਅਰਥ ਬਹੁਤ ਹੀ ਮਹੱਤਵਪੂਰਨ ਹਨ। ਇਹਨਾਂ ਸਾਰੀਆਂ ਬਿਮਾਰੀਆਂ ਦਾ ਇਲਾਜ ਸਮਾਜੀ ਹੈ ਅਤੇ ਇਹ ਸਾਰੀਆਂ ਬੁਰਾਈਆਂ ਵੀ ਸਮਾਜਕ ਹਨ। ਇਹਨਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਹ ਕੋਈ ਉਪਰ ਲਿਖੀ ਹੋਈ ਵਾਰਦਾਤ ਨਹੀਂ ਹੈ। ਜਿਹੜੀਆਂ ਧਿਰਾ ਇਹਨਾਂ ਲਾਹਣਤਾਂ ਨੂੰ ਪੈਦਾ ਕਰਦੀਆਂ ਹਨ ਉਹੀ ਜ਼ਿੰਮੇਵਾਰ ਹਨ। ਪਰ ਉਹ ਇਸ ਨੂੰ ਸਾਂਈਂ ਕਾਦਰ-ਕਰਤਾ ਦੇ ਜ਼ੁੰਮੇ ਧਰਦੀਆਂ ਹਨ ਅਤੇ ਲੋਕਾਂ ਦਾ ਮੂੰਹ ਉਤਾਹਾਂ ਵਲ ਕਰਦੀਆਂ ਹਨ ਤਾਂ ਕਿ ਉਸ ਦਾ ਪਤਾ, ਥਾਂ ਟਿਕਾਣਾ ਤੇ ਉਸ ਦੇ ਕਾਰਨਾਮੇ ਉਸ ਦੀ ਲੁੱਟ ਖਸੁੱਟ ਦਾ ਪਤਾ ਨਾ ਲੱਗੇ੍ ਹੋ ਸਕਦਾ ਹੈ ਮੂਰਤੀ ਉਸ ਜਾਲਮੀਂ ਪ੍ਰਬੰਧ ਤੋਂ ਭੈਭੀਤ ਹੋ ਗਿਆ ਹੋਵੇ ਪਰ ਅਖੀਰਲੇ ਬੰਦ ਵਿੱਚ ਉਹ ਨਿਤਰਦਾ ਹੈ ਤੇ ਨਿਸ਼ਾਨਦੇਹੀ ਕਰਦਾ ਹੈ ਇਹੀ ਉਸ ਦੀ ਕਲਾ ਹੈ :

ਤੂੰ ਸਿਰਜੀ ਕੁਦਰਤ ਮਹਾਨ
ਸਾਮਰਾਜ ਨੇ ਕੱਢਤੀ ਜਾਨ
ਐਟਮ ਦੇ ਇਸ ਸੌਦਾਗਰ ਨੇ
ਜ਼ਹਿਰ ਨਾਲ ਕਰਤੀ ਗਲਤਾਨ
ਪਾਣੀ ਹਵਾ ਅਤੇ ਹਰਿਆਵਲ ਨੂੰ
ਇਸ ਸ਼ੈਤਾਨ ਨੇ ਲੀਕਾਂ ਲਾਈਆਂ।

ਇਸ ਸ਼ੈਤਾਨ ਨੂੰ ਸਮਝਣਾ ਅਤੇ ਇਸ ਦੇ ਵਿਰੁੱਧ ਬਹੁਤ ਵੱਡੀ ਲਾਮਬੰਦੀ ਦੀ ਲੋੜ ਹੈ। ਸਾਂਈਂ ਦਾ ਇਸ ਵਿੱਚ ਕੋਈ ਕਸੂਰ ਨਹੀਂ ਹੈ।

"ਧੁੱਪ-ਛਾਵਾਂ" ਕਵਿਤਾ ਬਹੁਤ ਹੀ ਡੂੰਘੀ ਅਤੇ ਗੰਭੀਰ ਸਥਿਤੀ ਨੂੰ ਦਰਸਾਉਂਦੀ ਹੈ। ਇੱਕ ਮਨੁੱਖ ਹੈ, ਸਮਾਜ ਹੈ, ਰਿਸ਼ਤੇ ਨਾਤੇ ਹਨ। ਇਹ ਸਾਰੇ ਹੀ ਆਪ ਆਪਣਾ ਫਰਜ਼ ਨਿਭਾਉਂਦੇ ਹਨ। ਇਹ ਕਿੰਨੀ ਪਿਆਰ ਭਰੀ ਹਾਂ ਪੱਖੀ ਸੋਚ ਹੈ। ਇੱਕ ਤਾਂ ਇਹ ਸੋਚਦੇ ਹਨ ਅਤੇ ਕਲਪਦੇ ਹਨ। ਇੱਥੇ ਕੋਈ ਕਿਸੇ ਦਾ ਨਹੀਂ ਬਣਦਾ। ਸਭ ਬੇਈਮਾਨ ਧੋਖੇਬਾਜ ਹਨ, ਪਰ ਮੂਰਤੀ ਇਸ ਨੂੰ ਖਾਰਜ ਕਰਦਾ ਹੈ। ਸੁਖਨ ਸੁਆਦ ਅਤੇ ਚੰਗੀ ਸੋਚ ਦਾ ਸਿਰਜਣਹਾਰ ਬਣਦਾ ਹੈ। ਇਹ ਵੀ ਇੱਕ ਸਮਾਜਕ ਦੁਵਿਧਾ ਅਤੇ ਦੁਖਾਂਤ ਹੈ ਅਤੇ ਪਿਓ ਵੀ ਵੰਡਣ ਵਾਲੀ ਵਸਤੂ ਬਣਦਾ ਹੈ ਅਤੇ ਮਨੁੱਖ ਇਸ ਸਿਰਜੇ ਮਾੜੇ ਸਮਾਜਕ ਤਣਾਵਾਂ ਤੋਂ ਦਲਦਲ ਵਿੱਚ ਫਸਦਾ ਹੈ। ਪਿਆਰ ਮੋਹ ਅਟੁੱਟਵੀਂ ਚੀਜ਼ ਹੈ ਇਹੀ ਇੱਕ ਕੁਦਰਤ/ਪ੍ਰਮਾਤਮਾ ਨੂੰ ਮਹਿਸੂਸ

ਕਰਨ ਦੀ ਵਿਧੀ ਹੈ। "ਰਟੀ ਦੁੱਖ" ਕਵਿਤਾ ਦਾ ਅਰਥ ਭਾਵਨਾਵਾਂ ਅਤੇ ਇਸ ਦੀ ਅੰਤਰੀਵ ਰੂਹ ਉਘੜਦੀ ਨਹੀਂ ਹੋ ਕਦੇ ਚਮਕਾਰਾ ਪੈਂਦਾ ਹੈ ਫਿਰ ਅਲੋਪ ਹੋ ਜਾਂਦਾ ਹੈ। ਮਨੁੱਖ ਦੀ ਵੇਦਨਾ ਹੈ, ਉਸ ਦੀ ਸੋਚ ਦਾ ਜਾਦੂ ਹੋ ਕਈ ਅਲਾਮਤਾਂ ਆਉਂਦੀਆਂ ਹਨ ਬੰਦਾ ਇਸ ਦਾ ਸ਼ਿਕਾਰ ਹੈ। ਮਨੁੱਖ ਇੱਕ ਅਜੀਬ ਕਿਸਮ ਦਾ ਜੀਵ ਹੈ ਜਿਸ ਦੀਆਂ ਖਾਹਸ਼ਾਂ ਬਹੁਤ ਹਨ। ਉਹ ਕਈ ਪਾਸਿਆਂ ਨੂੰ ਆਪਣੀਆਂ ਇੱਛਾਵਾਂ ਖਾਹਸ਼ਾਂ ਪਸਾਰਦਾ ਹੈ ਅਤੇ ਮਨੁੱਖ ਇਸ ਜਾਲ ਵਿੱਚ ਫਸਦਾ ਹੈ। ਇਹਨਾਂ ਤੋਂ ਛੁਟਕਾਰਾ ਪਾਉਣ ਲਈ ਯਤਨਸ਼ੀਲ ਵੀ ਹੈ। ਪਰ ਉਸ ਨੂੰ ਇਸ ਦਾ ਰਾਹ ਨਹੀਂ ਲੱਭਦਾ, ਮੌਜਾਂ ਕਰਦਾ ਹੈ, ਪਛਤਾਉਂਦਾ ਹੈ ਫਿਰ ਮੌਤ ਨੂੰ ਹੀ ਦਿਲ ਵਿੱਚ ਧਾਰ ਲੈਂਦਾ ਹੈ। ਅਜੀਬ ਕਿਸਮ ਦਾ ਇਹ ਕਾਰ ਵਿਹਾਰ ਹੈ।

ਮੂਰਤੀ ਆਪਣੀ ਕਵਿਤਾ ਬਹੁਤ ਸਦੀਵੀ ਅਤੇ ਬਹੁਤ ਹੀ ਡੂੰਘੇ ਬਿੰਬ ਉਸਾਰਦਾ ਹੈ। ਉਸ ਦੀ ਅੰਤਰੀਵ ਭਾਵਨਾ ਅਤੇ ਸੋਚ ਕਵੀ ਹੀ ਜਾਣਦਾ ਹੈ ਕਿ ਕਦੋਂ ਉਸ ਦੇ ਮਨ ਵਿੱਚ ਤਰੰਗਾਂ ਆਈਆਂ ਹਨ। ਇਹ ਸੱਚ ਹੈ ਕਾਵਿ ਰਚਨਾ ਇੱਕ ਦਮ ਜਿਹਨ ਵਿੱਚ ਆਉਂਦੀ ਹੈ ਅਤੇ ਲਫਜ਼ਾਂ ਵਿੱਚ ਬਦਲ ਜਾਂਦੀ ਹੈ। ਮੂਰਤੀ ਕੋਈ ਹਰਕਾਰੀ ਭਾਲਦਾ ਹੇ ਜਿਹੜਾ ਕਿ ਉਸ ਨੂੰ ਉਸ ਦੇ ਦੇਸ਼ ਦਾ ਪਤਾ ਦੱਸੇ ਅਤੇ ਉਹ ਆਉਣ ਜਾਣ ਦੇ ਚੱਕਰ ਤੋਂ ਨਿਜਾਤ ਪਾ ਦੇਵੇ। ਇਹ ਆਤਮਾ ਅਤੇ ਪ੍ਰਮਾਤਮਾ ਦਾ ਫਰਕ ਹੈ। ਆਤਮਾ, ਰੂਹ, ਪਿਆਰ, ਸੋਚ, ਇਹ ਸਰੀਰ ਚਾਲਕ ਹਨ ਕਿਵੇਂ ਕਾਰ ਵਿਹਾਰ ਕਰਦੇ ਹਨ, ਇਸ ਨੂੰ ਮੂਰਤੀ ਕਲਮਬੰਦ ਕਰਦਾ ਹੈ। ਸਰੀਰ/ਮਨੁੱਖ ਇਹਨਾਂ ਸੰਵੇਦਨਸ਼ੀਲ ਤਰੰਗਾਂ ਵਿੱਚ ਕਿਸ ਤਰ੍ਹਾਂ ਵਿਚਰਦਾ ਹੈ ਆਪਣੀ ਹੋਂਦ ਨੂੰ ਪਛਾਣਦਾ ਹੈ। "ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ॥" ਇਹ ਆਦਮੀ ਕਿਥੋਂ ਆਇਆ ਹੈ ਕਿਹੜਾ ਇਸ ਦਾ ਮੁੱਢ ਹੈ ਮੂਲ ਹੈ ਇਸ ਨੂੰ ਪਛਾਨਣ ਦੀ ਲੋੜ ਹੈ ਤਾਂ ਹੀ ਇਹ ਕੁਦਰਤ ਮਹਾਨ ਦਿਸੇਗੀ ਅਤੇ ਮਨੁੱਖ ਵਾਕਿਆ ਹੀ ਆਪਣੇ ਅਸਲ ਸਰੂਪ ਵਿੱਚ ਹੋਵੇਗਾ। ਹੁਣ ਇਹ ਮਨੁੱਖ ਆਪਣੇ ਸਰੀਰਕ ਤੌਰ 'ਤੇ ਮਨੁੱਖ ਹੈ ਪਰ ਇਸ 'ਤੇ ਪਸ਼ੂ ਬਿਰਤੀ ਭਾਰੂ ਹੈ। ਇਹ ਬੰਦਿਆਂ ਵਾਲੇ ਕੰਮ ਨਹੀਂ ਕਰਦਾ। ਇਹ ਕਾਮ ਕ੍ਰੋਧ ਦਾ ਸ਼ਿਕਾਰ ਹੈ। ਜਦੋਂ ਇਹ ਪੰਚ ਦੂਤ ਵੱਸ ਕਰ ਲਵੇਗਾ ਤਾਂ ਹੀ ਇਹ ਇਨਸਾਨੀ ਫਿਤਰਤ ਦਾ ਮਾਲਕ ਬਣੇਗਾ ਅਤੇ ਇਸ ਦੀ ਮੁਕਤੀ ਹੋਵੇਗੀ। ਕਿਆ ਖੂਬਸੂਰਤੀ ਹੈ

"ਪਾਣੀ ਵਗ ਜਾਵੇ ਸਾਰਾ ਹੀ ਛਨਾਰ ਦਾ,
ਪਪੀਹਾ ਬੂੰਦ ਪਿਆ ਮੀਂਹ ਦੀ ਹੈ ਭਾਲਦਾ"
"ਮੇਰਾ ਦਿਲ ਰੋਂਵਦਾ ਰੋਮ ਰੋਮ ਰੋਂਵਦਾ,
ਖੁੱਲ੍ਹ ਜਾਵੇ ਦਰਵਾਜਾ ਰੱਬਾ ਮੇਰੀ ਹੋਂਦ ਦਾ"

ਮੇਰੀ ਸਮਝ ਪੱਕੀ ਹੋ ਰਹੀ ਹੈ ਕਿ ਕਵਿਤਾ "ਗਾਗਰ 'ਚ ਸਾਗਰ ਹੁੰਦੀ ਹੈ। ਉਹ ਕਵਿ- ਰਚਨਾ ਸਦੀਵੀਂ ਨਹੀਂ ਬਣਦੀ ਜਿਸ ਵਿੱਚ ਇਹ ਗੁਣ ਨਾ ਹੋਵੇ "ਪੱਤਝੜ" ਕਵਿਤਾ ਇਸ 'ਤੇ ਪੂਰੀ ਉਤਰਦੀ ਹੈ। ਇਹ ਮਨੁੱਖੀ ਜ਼ਿੰਦਗੀ ਦੀ ਅਸਲੀ ਤਸਵੀਰ ਪੇਸ਼ ਕਰਦੀ ਹੈ ਅਤੇ ਯਥਾਰਥ ਦਾ ਪੱਲਾ ਫੜਦੀ ਹੈ। ਹਰ ਅੱਖਰ ਤੇ ਹਰ ਪੰਗਤੀ ਬੰਦੇ ਅਤੇ ਸਮਾਜ ਨੂੰ ਘੇਰਦੀ ਹੈ ਅਤੇ ਇਸ ਦੀ ਪਛਾਣ ਕਰਦੀ ਹੈ।

"ਫੁੱਲ ਮਿਧਿਆ ਪੋਤੀਆਂ ਰੋਈਆਂ,
ਮਿੱਟੀ 'ਚ ਰੁੱਲ ਗਈਆਂ
ਸਾਡੇ ਤਨ ਦੀਆਂ ਖੁਸ਼ਬੋਈਆਂ"

ਗੁਰੂ ਨਾਨਕ ਸਾਹਿਬ ਦਾ ਇੱਕ ਸ਼ਬਦ ਹੈ ਜਿਹੜਾ ਜਨਮ ਤੋਂ ਲੈ ਕੇ ਮੌਤ ਤੱਕ ਦਾ ਵਰਨਣ ਕਰਦਾ ਹੈ। ਜਿਸ ਵਿੱਚ ਗੁਰੂ ਸਾਹਿਬ ਸਰੀਰ ਵਿੱਚੋਂ ਆਪ ਮੁਹਾਰੇ ਫੁਟਦੇ ਰਸਾਵ, ਤਰੰਗਾਂ, ਖੁਸ਼ਬੋਈਆਂ ਦਾ ਵਰਨਣ ਕਰਦੇ ਹਨ। ਇਹ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਇਹ ਕੁਦਰਤੀ ਖੇਡ ਹੈ। ਪਿਆਰ ਉਪਜਦਾ ਹੈ ਜੀਵਨ ਬਸਰ ਕਰਨ ਦੀ ਖਾਹਸ਼ ਹੁੰਦੀ ਹੈ। ਸਰੀਰ ਨਿਖੇਧ ਵਲ ਵਧਦਾ ਹੈ। ਇਹ ਸਭ ਕੁਦਰਤੀ ਵਰਤਾਰੇ ਹਨ। ਮੂਰਤੀ ਇਸ ਤੋਂ ਘੋਰ ਨਿਰਾਸ਼ਾ ਵਿੱਚ ਵੜਦਾ ਹੈ ਅਤੇ ਬਾਹਰ ਨਹੀਂ ਨਿਕਲਦਾ ਅਤੇ ਨਿਰਾਸ਼ਾ ਵਿੱਚ ਹੀ ਦਮ ਤੋੜਦਾ ਨਜ਼ਰ ਆਉਂਦਾ ਹੈ। ਮਨੁੱਖ ਦੀ ਹਰ ਸਟੇਜ ਆਪਣਾ ਰੰਗ ਰੱਖਦੀ ਹੈ। ਉਸ ਰੰਗ ਵਿੱਚ ਰੰਗਿਆ ਮਨੁੱਖ ਉਦਾਸ ਨਹੀਂ ਹੋ ਸਕਦਾ। ਜੇਕਰ ਮਨੁੱਖ ਸਰੀਰਕ ਤੌਰ 'ਤੇ ਨਿਥਾਵਾਂ ਨਿਤਾਣਾ ਹੋਵੇ ਤਾਂ ਖਾਹਸ਼ਾਂ ਪਹਿਲਾਂ ਜਵਾਨੀ ਵਾਲੀਆਂ ਹੋਣ ਤਾਂ ਦੁੱਖ ਭੋਗਦਾ ਹੈ। ਹਰੇਕ ਸਮੇਂ ਦੇ ਆਪਣੇ ਆਪਣੇ ਕੰਮ ਹਨ ਜੁੰਮੇਵਾਰੀਆਂ ਹਨ। ਮਨੁੱਖ ਉਹਨਾਂ ਵਿੱਚ ਰਹੇ ਤਾਂ ਅਨੰਦ ਮਾਣਦਾ ਹੈ ਨਿੱਜ ਨੂੰ ਤਿਆਗ ਕੇ ਜਨਹਿੱਤ ਲਈ ਆਪਣਾ ਜੀਵਨ ਬਸਰ ਕਰੇ ਤਾਂ ਕਿਆ ਬਾਤ ਹੈ। ਇਸ ਸੁਹਾਣੀ ਜ਼ਿੰਦਗੀ ਲਈ ਮੂਰਤੀ ਤਕੜਾ ਹੋ ਕੇ ਮਨੋਬਲ ਉੱਚਾ ਰੱਖ ਕੇ ਅਤੇ ਲੋਕਾਈ ਲਈ ਪਲ ਪਲ ਸੋਚੇ ਤਾਂ ਨਿਰਾਸਤਾ ਪੈਲੇ ਨਹੀਂ ਪਵੇਗੀ। ਜੇਕਰ ਇਨਸਾਨ ਵਿਸ਼ੇਵਕਾਰਾ ਰਿਜਨਾ, ਲਾਲਚ, ਲੁੱਟ ਖਸੁੱਟ ਝੂਠ ਇਹ ਰੋਗਾਂ ਤੋਂ ਮੁਕਤ ਹੋ ਜਾਵੇ ਤਾਂ ਇਹ ਜ਼ਿੰਦਗੀ ਬਹੁਤ

ਖ਼ੂਬਸੂਰਤ ਹੁੰਦੀ ਹੈ। ਇਹ ਬੰਦੇ ਨੂੰ ਰੋਗ ਹਨ ਜਿਸਮਾਨੀ ਰੰਗ ਤਾਂ ਦਵਾਈ ਨਾਲ ਠੀਕ ਹੋ ਜਾਂਦੇ ਹਨ। ਇਹਨਾਂ ਰੋਗਾਂ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਵਰਮਾਉਂਦੇ ਹਨ "ਸਰਬ ਰੋਗ ਕਾ ਆਉਖਦ ਨਾਮ॥"

ਅਕਸ ਧੁੰਦਲੇ ਕਵਿਤਾ ਵੀ ਅੰਤਰ ਮੁੱਖੀ ਹੈ। ਦਿਲ 'ਚੋਂ ਕੁਝ ਖਿਆਲ ਆਉਂਦੇ ਹਨ ਉਹ ਸਿਮਟ ਜਾਂਦੇ ਹਨ। ਗੁਰੂ ਸਹਿਬਾਨ ਦੀ ਘਾਲਣਾ ਅਤੇ ਉਹਨਾਂ ਦੇ ਸ਼ਬਦਾਂ ਦੇ ਅਰਥ ਅਤੇ ਤਸਵੀਰ ਵੀ ਧੁੰਦਲੀ ਹੋ ਜਾਂਦੀ ਹੈ। ਰਾਮ ਮੂਰਤੀ ਇਹ ਸੋਚਦਾ ਹੈ ਕਿ ਬਾਬੇ ਨਾਨਕ ਨੇ ਕੁਝ ਚਿਤਵਿਆ ਅਤੇ ਉਹਨਾਂ ਦੀ ਬਾਣੀ ਪੜ੍ਹ ਸੁਣ ਕੇ ਲੋਕ ਗੁਰਬਾਣੀ ਦੀ ਰੂਹ ਤੋਂ ਕੋਹਾਂ ਦੂਰ ਹਨ। ਅਸਲੀ ਜ਼ਿੰਦਗੀ ਸੁੱਤ ਉਨੀਂਦੀ ਹੈ ਅਤੇ ਇਹ ਸੁਪਨੇ ਖਿਆਲ ਸਤਾਉਂਦੇ ਹਨ। ਅਵਚੇਤਨ ਮਨ ਤਾਂ ਅਸਲੀ ਦ੍ਰਿਸ਼ ਪੇਸ਼ ਕਰਦਾ ਹੈ। ਪਰ ਸੁਚੇਤ ਮਨ ਕੁਝ ਹੋਰ ਸੋਚਦਾ ਹੈ ਅਤੇ ਅਮਲ ਕਰਦਾ ਹੈ। ਇਹੀ ਅੱਜ ਕੱਲ੍ਹ ਦੇ ਸਮੇਂ ਦਾ ਦੁਖਾਂਤ ਹੈ ਭਗਤ ਸਿੰਘ ਨੌਜਵਾਨਾਂ ਦਾ ਆਦਰਸ਼ ਹੈ ਅਤੇ ਨੌਜਵਾਨਾਂ ਦੇ ਦਿਨ ਦਿਮਾਗ਼ ਵਿੱਚ ਵਸਿਆ ਹੈ। ਪਰ ਉਸ ਦੇ ਅਦਰਸ਼ ਜਿਨ੍ਹਾਂ ਲਈ ਉਹ ਕੁਰਬਾਨ ਹੋ ਗਿਆ ਉਹ ਹਾਲੇ ਤੱਕ ਅਧੂਰੇ ਹਨ।

"ਫਰਜ਼" ਕਵਿਤਾ ਦੁਬਿਧਾ ਦੀ ਸ਼ਿਕਾਰ ਹੋ ਅਤੇ ਵਿਰਸੇ ਨਾਲ ਮੇਲ ਨਹੀਂ ਖਾਂਦੀ। ਮਿੱਤਰ ਅਦਰਸ਼ਾਂ ਦੀ ਸਾਂਝ ਨਾਲ ਬਣਦੇ ਹਨ ਅਤੇ ਫਿਰ ਇਹ ਅਹਿਸਾਨ ਨਹੀਂ ਕੀਤਾ ਜਾਂਦਾ ਹੈ। ਮੇਰਾ ਇਸ਼ਕ ਨੇ ਲੋਕ ਅਤੇ ਲੋਕਾਈ ਲਈ ਦਰਦ ਮੰਦ ਹੋਈਏ ਇੱਕਾ ਦੁਕਾ ਦੋਸਤ ਵੀ ਸਮੂਹ ਦੇ ਅੰਗ ਹਨ ਅਤੇ ਜਨਹਿੱਤ ਲਈ ਜੋ ਕਵਿਤਾ ਵਿੱਚ ਸਿਰਜਿਆ ਹੈ ਉਹ ਕਰੀਏ ਫਿਰ ਦੋਬਾਰਾ ਮੰਗਣ ਦੀ ਲੋੜ ਨਹੀਂ ਪੈਂਦੀ। "ਕਲਮ" ਕਵਿਤਾ ਐਵੇਂ ਰੌਲਾ-ਗੋਲਾ ਹੀ ਲਗਦੀ ਹੈ ਕੋਈ ਵੀ ਸਿੱਟਾ ਨਹੀਂ ਨਿਕਲਦਾ ਅਤੇ ਨਾ ਹੀ ਕੋਈ ਪੈੜ ਲੱਭਦੀ ਹੈ। ਇਹ ਮੂਰਤੀ ਦੀ ਬੇਸਮਝੀ ਅਤੇ ਮਧ ਵਰਗ ਦੀ ਤਰ੍ਹਾਂ ਤੇਰੀ ਵਾਂਗ ਵਿੱਚ ਵਿਚਾਲੇ ਲਟਕਣ ਦੀ ਤਰ੍ਹਾਂ ਹੈ। ਮੈਨੂੰ ਇਸ ਕਵਿਤਾ ਦਾ ਕੋਈ ਟਿਕਾਣਾ ਨਹੀਂ ਲੱਭਾ। "ਮੋਡਰਨ ਸੁਹਾਗ" ਕਵਿਤਾ ਵਿੱਚ ਮੂਰਤੀ ਗਲੇ ਸੜੇ ਅਤੇ ਮਜਬੂਰੀ ਵਸ ਸਮਾਜ ਦੀ ਗੱਲ ਕਰਦਾ ਹੈ ਜਿਥੇ ਪਾਕ ਪਵਿੱਤਰ ਰਿਸ਼ਤੇ ਦਾ ਲਹੂ ਵੀ ਪਤਲਾ ਅਤੇ ਪਾਣੀ ਹੋ ਗਿਆ ਹੈ। ਇਸ ਤੋਂ ਪਰ੍ਹਾਂ ਕੰਧ ਹੇ ਹੁਣ ਤਾਂ ਅੱਗੇ ਹੀ ਵਧਣਾ ਪੈਣਾ ਹੈ ਅਤੇ ਇਸ ਲਾਹਨਤ ਨੂੰ ਖਤਮ ਕਰਨ ਲਈ ਹਨੇਰੇ ਵਿੱਚ ਪੋਲਾ ਪੋਲਾ ਪੈਰ ਧਰਨਾ ਪੈਣਾ ਹੈ। "ਜਿੰਦੇ ਨੀਂ" ਕਵਿਤਾ ਦਾ ਅਖੀਰਲਾ ਬੰਦ ਬਹੁਤ ਵਧੀਆ ਹੈ ਇਸ ਵਿੱਚ ਪੈਸੇ ਦੀ ਸਰਦਾਰੀ ਹੈ ਜਦੋਂ ਪੈਸਾ ਹੀ ਸਭ ਕੁਝ ਹੈ ਤਾਂ ਸਾਹ ਲੈਣਾ ਵੀ ਔਖਾ ਹੈ। ਅਖੀਰਲੀਆਂ ਕਵਿਤਾਵਾਂ ਬਹੁਤ ਨਿੱਜੀ ਇਹਸਾਸਾਂ ਦਾ ਪ੍ਰਗਟਾਵਾ ਹਨ ਜਿਹੜੀਆਂ ਕਿ ਹਰੇਕ ਲਈ ਵੱਖੋ ਵੱਖਰੇ ਅਰਥ ਸਿਰਜਦੀਆਂ ਹਨ। ਵਿਚਕਾਰਲੀਆਂ ਦੇ ਕਵਿਤਾਵਾਂ ਜੋ ਸੰਤ ਬਲਵੀਰ ਸਿੰਗ ਸੀਚੇਵਾਲ ਅਤੇ ਕਾਲੀ ਬੇਈਂ ਸਬੰਧੀ ਲਿਖੀਆਂ ਹਨ, ਉਹ ਵਿਅਕਤੀਗਤ ਪੂਜਾ ਹੈ ਅਤੇ ਲੋਕ ਉਨ੍ਹਾਂ ਵਿੱਚੋਂ ਗੈਰ ਹਾਜ਼ਰ ਹਨ। ਕੇਵਲ ਅਤੇਕੇਵਲ ਲੋਕ ਹੀ ਚਾਲਕ ਸ਼ਕਤੀ ਹਨ ਅਤੇ ਸਭ ਤੋਂ ਵੱਡੀ ਸ਼ਕਤੀ ਲੋਕਾਂ ਦੀ ਹੀ ਹੈ। ਡਾ. ਮੂਰਤੀ ਦਾ ਇਹ ਕਾਵਿ ਸੰਗ੍ਰਹਿ ਬਹੁਤ ਹੀ ਵਧੀਆ ਅਰਥ ਭਰਪੂਰ ਹੈ। "ਜੰਗਲ ਜਹਾਨ ਮੇਰਾ" ਕਵਿਤਾ ਵਿੱਚ ਮੂਰਤੀ ਬਹੁਤ ਹੀ ਭਾਵੁਕ ਹੁੰਦਾ ਹੈ। ਜੰਗਲ ਨੂੰ ਸਾਰੇ ਹੀ ਮਨੁੱਖ ਜਾਤੀ ਅਤੇ ਜੀਵ ਜੰਤੂਆਂ ਦੀ ਸ਼ਾਹਰਗ ਬਿਆਨਦਾ ਹੈ। ਮੂਰਤੀ ਨੂੰ ਇਹ ਡਰ ਸਤਾਉਂਦਾ ਹੈ ਕਿ ਕੁਝ ਲੋਭੀ ਬੰਦਿਆਂ ਨੇ ਆਪਣੇ ਨਿੱਜੀ ਮੁਨਾਫ਼ੇ ਲਈ ਇਹਨਾਂ ਜੰਗਲਾਂ ਨੂੰ ਕੱਟ ਦੇਣਾ ਹੈ। ਜੇਕਰ ਕੋਈ ਇਹ ਮੰਨਦਾ ਹੈ ਕਿ ਮੇਰਾ ਕੋਈ ਮੁਰਸ਼ਦ ਜਾਂ ਕੋਈ ਰੱਬ ਹੈ ਅਤੇ ਕਿਸੇ ਦਾ ਕੋਈ ਧਾਰਮਿਕ ਅਕੀਦਾ ਹੈ ਤਾਂ ਮੂਰਤੀ ਉਸ ਨੂੰ ਜੰਗਲ ਮੰਨਦਾ ਹੈ। ਜ਼ਿੰਦਗੀ ਮੌਲਦੀ ਖੋਲਦੀ ਪੱਸਰਦੀ ਸੰਗੀਤਕ ਲਹਿਰਾਂ ਨੂੰ ਪੈਦਾ ਕਰਦੀ ਹੈ। ਇਹ ਸਭ ਜੰਗਲ ਦੀਆਂ ਬਰਕਤਾਂ ਹਨ। ਸਾਹਿਤਕ ਪੱਖ ਤੋਂ ਮੂਰਤੀ ਦੀ ਇਹ ਰਚਨਾ ਕਿੰਨੀ ਕੁ ਚੰਗੀ ਹੈ ਇਸ ਦਾ ਮੈਨੂੰ ਕੋਈ ਗਿਆਨ ਨਹੀਂ, ਪਰ ਜ਼ਿੰਦਗੀ ਦੀਆਂ ਬਰਕਤਾਂ ਲਈ ਅਤੇ ਮਨੁੱਖਤਾ ਲਈ ਇਹ ਮੂਰਤੀ ਦੀ ਘਾਲਣਾ ਤੇ ਕਾਵਿ-ਉਡਾਰੀ ਬਹੁਤ ਹੀ ਮੁੱਲਵਾਨ ਹੈ। ਪਰ ਜੇਕਰ ਕੋਈ ਇਸ ਨੂੰ ਪੜ੍ਹੇ ਤੇ ਮਨ 'ਚ ਵਸਾਵੇ ਅਤੇ ਇਸ ਕੁਦਰਤ ਦਾ ਜੰਗਲਾਂ ਦਾ ਅਤੇ ਰੁੱਖਾਂ ਦੀ ਮਹੱਤਤਾ ਦਾ ਪਤਾ ਹੋਵੇ ਅਤੇ ਕੁਦਰਤੀ ਦਾਤਾਂ ਸੁਗਾਤਾਂ ਜੀਵਨ ਦੇ ਆਧਾਰ ਬਾਰੇ ਰੁੱਖਾਂ ਦੀ ਭੂਮਿਕਾ ਦਾ ਪਤਾ ਹੋਵੇ ਅਤੇ ਜਿਸ ਮਨੁੱਖ ਨੇ ਬਾਬੇ ਨਾਨਕ ਦੀ ਬਾਣੀ ਨੂੰ ਪੜਿ•ਆ ਸਮਝਿਆ ਅਤੇ ਮਨ ਵਿੱਚ ਵਸਾਇਆ ਹੋਵੇ ਉਹ ਇਸ ਕਾਵਿ ਰਚਨਾ ਨੂੰ ਪੜ੍ਹਕੇ ਸਰਸ਼ਾਰ ਹੋਵੇਗਾ ਅਤੇ ਮੂਰਤੀ ਨੂੰ ਇਸ ਗੱਲ ਲਈ ਥਾਪੜਾ ਦੇਵੇਗਾ ਕਿ ਇਹ ਰਚਨਾ ਬਹੁਤ ਮਹਾਨ ਹੈ। ਇਸ ਰਚਨਾ ਨੇ ਮਨੁੱਖਤਾ ਲਈ ਪਿਆਰ ਪੈਦਾ ਕੀਤਾ ਹੈ। ਮੂਰਤੀ ਲੋਕਾਂ ਲਈ, ਲੋਕਾਂ ਦਾ ਜਾਇਆ ਹੈ।

***

ਹਿੰਦੀ ਵਿਅੰਗ

# ਰੰਗੀਨ ਆਦਮੀਆਂ ਦੀ ਰੰਗ-ਬਿਰੰਗੀ ਦੁਨੀਆਂ

ਹਿੰਦੀ ਵਿਅੰਗ

ਰੰਗੀਨ ਆਦਮੀਆਂ ਦੀ ਰੰਗ-ਬਿਰੰਗੀ ਦੁਨੀਆਂ

ਮੂਲ : ਵਿਨੋਦ ਕੁਮਾਰ ਵਿੱਕੀ

ਅਨੁ : ਪ੍ਰੋ. ਨਵ ਸੰਗੀਤ ਸਿੰਘ



ਵਿਨੋਦ ਕੁਮਾਰ ਵਿੱਕੀ



ਪ੍ਰੋ. ਨਵ ਸੰਗੀਤ ਸਿੰਘ

ਇਸ ਹੋਲੀ 'ਤੇ ਅਸੀਂ ਗੁਲਾਲ ਅਤੇ ਅਬੀਰ ਦੀ ਚਰਚਾ ਨੂੰ ਛੱਡਣ ਦਾ ਫੈਸਲਾ ਕੀਤਾ ਹੈ ਅਤੇ ਇਸ ਦੀ ਥਾਂ ਉਨ੍ਹਾਂ ਰੰਗਾਂ ਦਾ ਪੋਸਟਮਾਰਟਮ ਕਰਨ ਦਾ ਫੈਸਲਾ ਕੀਤਾ ਹੈ, ਜੋ ਸਾਡੀ ਮਨੁੱਖਤਾ ਨੂੰ ਸਾਲ ਭਰ ਰੰਗੀਨ ਰੱਖਦੇ ਹਨ। ਹਰ ਕੋਈ ਰੰਗੇ ਹੋਏ ਗਿੱਦੜ ਤੋਂ ਤਾਂ ਜਾਣੂ ਹੈ ਪਰ ਰੰਗੇ ਹੋਏ ਵਿਅਕਤੀ ਬਾਰੇ ਜਾਣਨਾ ਜ਼ਿੰਦਗੀ ਦੇ ਰੰਗ ਨੂੰ ਹੋਰ ਖੁਸ਼ੀ ਪ੍ਰਦਾਨ ਕਰੇਗਾ। ਕਿਉਂਕਿ ਸੱਚ ਪੁੱਛੋ ਤਾਂ ਹੋਲੀ ਦੇ ਰੰਗ ਦੋ ਦਿਨਾਂ ਵਿੱਚ ਉੱਤਰ ਜਾਂਦੇ ਹਨ, ਪਰ ਕੁਝ ਰੰਗ ਅਜਿਹੇ ਵੀ ਹਨ ਜੋ ਜਨਮ-ਕੁੰਡਲੀ ਨਾਲ ਸਥਾਈ ਤੌਰ 'ਤੇ ਚਿਪਕ ਜਾਂਦੇ ਹਨ।

ਸਭ ਤੋਂ ਪਹਿਲਾਂ ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ ਬਾਰੇ ਗੱਲ ਕਰਦੇ ਹਾਂ। ਉਨ੍ਹਾਂ 'ਤੇ "ਈਗੋ-ਗੁਲਾਲ" ਦੀ ਇੰਨੀ ਮੋਟੀ ਪਰਤ ਚੜ੍ਹੀ ਹੁੰਦੀ ਹੈ ਕਿ ਏਸ਼ੀਅਨ ਪੇਂਟਸ ਦੀ ਕਲਰ ਗਰੰਟੀ ਵੀ ਫੇਲ੍ਹ ਹੋ ਜਾਵੇ। ਉਨ੍ਹਾਂ ਦੇ ਚਿਹਰਿਆਂ 'ਤੇ "ਇੱਕ ਅਸੀਂ ਹੀ ਹਾਂ, ਦੂਜਾ ਕੋਈ ਨਹੀਂ" ਸਥਾਈ ਮਾਰਕਰ ਨਾਲ ਲਿਖਿਆ ਹੁੰਦਾ ਹੈ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਸਿਰਫ਼ ਉਹੀ ਹਨ ਜੋ ਦਫਤਰ ਵਿੱਚ ਕੰਮ ਕਰਦੇ ਹਨ ਤੇ ਬਾਕੀ ਸਾਰੇ ਤਾਂ ਸਿਰਫ਼ ਤਨਖਾਹ ਲੈਣ ਲਈ ਹਾਜ਼ਰੀ ਲਗਾ ਰਹੇ ਹਨ। ਰਾਸ਼ਟਰ ਨਿਰਮਾਣ ਦੀ ਤਸਵੀਰ ਵਿੱਚ ਵੀ ਬਾਕੀ ਸਿਰਫ਼ ਧੁੰਦਲੇ ਪਾਤਰ ਵਾਂਗ ਹੁੰਦੇ ਹਨ। ਬੌਸ ਦੀ ਹੋਲੀ ਸਾਲਾਨਾ ਨਹੀਂ, ਰੋਜ਼ਾਨਾ ਹੁੰਦੀ ਹੈ—ਉਸਦੀਆਂ ਝਿੜਕਾਂ ਅਤੇ ਗੁੱਸਾ ਕਰਮਚਾਰੀਆਂ ਲਈ ਸਾਲ ਭਰ ਗੁਲਾਲ ਦਾ ਕੰਮ ਕਰਦਾ ਹੈ।

ਸੋਸ਼ਲ ਮੀਡੀਆ ਦੇ ਇਨਫਲੂਐਂਸਰਜ਼ ਤੇ "ਵਾਇਰਲ ਵਾਰਨਿਸ਼" ਦਾ ਰੰਗ ਚੜ੍ਹਿਆ ਹੈ। ਉਹਨਾਂ ਨੂੰ ਕੋਈ ਪਰਵਾਹ ਨਹੀਂ ਹੈ ਕਿ ਸਮੱਗਰੀ ਚੰਗੀ ਹੈ ਜਾਂ ਅਸ਼ਲੀਲ; ਉਹ ਸਿਰਫ਼ ਚਾਹੁੰਦੇ ਹਨ ਕਿ ਲਾਈਕਸ, ਟਿੱਪਣੀਆਂ ਅਤੇ ਸਬਸਕ੍ਰਿਪਸ਼ਨ ਦੀ ਬਾਰਿਸ਼ ਹੁੰਦੀ ਰਹੇ। ਉਹਨਾਂ ਲਈ ਹਰ ਦਿਨ ਹੋਲੀ ਹੈ—ਕਦੇ ਇੱਕ ਟਰੈਂਡਿੰਗ ਰੀਲ, ਕਦੇ ਇੱਕ ਵਿਵਾਦ, ਕਦੇ ਇੱਕ ਡਾਂਸ, ਕਦੇ ਇੱਕ ਨਾਅਰੇਬਾਜ਼ੀ। ਉਹ ਰੰਗਾਂ ਨਾਲ ਨਹੀਂ ਖੇਡਦੇ, ਉਹ ਐਲਗੋਰਿਦਮ ਨਾਲ ਖੇਡਦੇ ਹਨ।

ਮੋਬਾਈਲ ਮਹਿੰਦੀ ਨੇ ਨੌਜਵਾਨਾਂ ਦੇ ਮਨਾਂ 'ਤੇ ਕਬਜ਼ਾ ਕਰ ਰੱਖਿਆ ਹੈ। ਰੀਲਾਂ ਬਣਾਉਣਾ, ਰੀਲਾਂ ਦੇਖਣਾ ਅਤੇ ਦੇਰ ਰਾਤ ਤੱਕ ਆਨਲਾਈਨ ਰਹਿਣਾ—ਇਹ ਇੱਕ ਅਜਿਹਾ ਰੰਗ ਹੈ ਜੋ ਕਦੇ ਵੀ "ਸਰਫ ਐਕਸਿਲ" ਤੋਂ ਨਹੀਂ ਉਤਰਦਾ। ਭਾਵੇਂ ਉਹਨਾਂ ਦੇ ਚਿਹਰੇ ਨੀਂਦ ਕਾਲਖ ਹੋਵੇ ਜਾਂ ਭਵਿੱਖ ਦੀ ਚਿੰਤਾ ਦਾ ਧੱਬਾ, ਸਕਰੀਨ ਦੀ ਚਮਕ ਉਹਨਾਂ ਲਈ ਸੱਤ ਰੰਗਾਂ ਨਾਲੋਂ ਵੀ ਵੱਧ ਆਕਰਸ਼ਕ ਹੁੰਦੀ ਹੈ। ਹੋਲੀ 'ਤੇ ਵੀ ਉਹ ਪਹਿਲਾਂ ਸੈਲਫੀ ਲੈਂਦੇ ਹਨ, ਫਿਰ ਗੁਲਾਲ ਲਗਾਉਂਦੇ ਹਨ।

ਸਾਹਿਤਕਾਰਾਂ ਦੀ ਹੋਲੀ ਕੁਝ ਅਲੱਗ ਹੀ ਕਿਸਮ ਦੀ ਹੁੰਦੀ ਹੈ। ਉਨ੍ਹਾਂ ਤੇ "ਛਪਵਾਉਣ" ਅਤੇ "ਦਿਖਾਉਣ" ਦਾ ਰੰਗ ਚੜ੍ਹਿਆ ਹੁੰਦਾ ਹੈ। ਏਧਰ ਰਚਨਾ ਲਿਖੀ ਜਾਂਦੀ ਹੈ, ਉਹ ਇਸਨੂੰ ਪ੍ਰਕਾਸ਼ਿਤ ਕਰਨ ਲਈ ਕਾਹਲੇ ਪੈ ਜਾਂਦੇ ਹਨ ਅਤੇ ਜਿਵੇਂ ਹੀ ਇਹ ਪ੍ਰਕਾਸ਼ਿਤ ਹੁੰਦੀ ਹੈ, ਉਹ ਇਸਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਨ ਲਈ ਉਤਸੁਕ ਹੁੰਦੇ ਹਨ। ਲਾਈਕਸ ਅਤੇ ਕਮੈਂਟਸ ਦੀ ਬੁਛਾੜ ਵਿੱਚ ਹੀ ਉਹ ਸਾਹਿਤਕ ਇਸ਼ਨਾਨ ਕਰ ਲੈਂਦੇ ਹਨ। ਆਲੋਚਨਾ ਦਾ ਰੰਗ ਉਨ੍ਹਾਂ 'ਤੇ ਉਵੇਂ ਹੀ ਚੜ੍ਹਦਾ ਹੈ, ਜਿਵੇਂ ਸਫ਼ੈਦ

ਕੁੜਤੇ ’ਤੇ ਹਲਦੀ –ਦਿੱਸਦਾ ਜ਼ਿਆਦਾ ਹੈ ਪਰ ਟਿਕਦਾ ਘੱਟ।

ਭ੍ਰਿਸ਼ਟ ਰਾਜਨੀਤੀ ਦੇ ਰੰਗਾਂ ਵਿੱਚ ਰੰਗੇ ਹੋਏ ਸਿਆਸਤਦਾਨਾਂ ਦੇ ਜੀਵਨ ਵਿੱਚ ਹੋਲੀ ਦਾ ਰੰਗ ਮਾਮੂਲੀ ਹੁੰਦਾ ਹੈ, ਕਿਉਂਕਿ ਉਹ ਸਾਲ ਭਰ “ਅਪਰਾਧ ਅਤੇ ਭ੍ਰਿਸ਼ਟਾਚਾਰ” ਦੇ ਪੱਕੇ ਰੰਗਾਂ ਵਿੱਚ ਰੰਗੇ ਰਹਿੰਦੇ ਹਨ। ਜਿਵੇਂ ਹੀ ਚੋਣਾਂ ਦਾ ਮੌਸਮ ਆਉਂਦਾ ਹੈ, ਨੇਤਾ ਚਮਕਦਾਰ ਚਿੱਟਾ ਕੁੜਤਾ-ਪਜਾਮਾ ਪਹਿਨ ਕੇ ਨਿਕਲ ਤੁਰਦੇ ਹਨ। ਉਹ ਜਨਤਾ ਤੇ ਵਿਕਾਸ ਦਾ ਹਵਾਈ ਗੁਲਾਲ ਉਡਾਉਂਦੇ ਹਨ ਅਤੇ ਆਪਣੇ ਸਮਰਥਕਾਂ ’ਤੇ ਜਾਤੀ-ਖੇਤਰ ਦਾ ਅਬੀਰ ਮਲ਼ਦੇ ਹਨ।

ਸਮਰਥਕ ਵੀ ਜਾਤੀ ਦੇ ਰੰਗ ਵਿੱਚ ਰੰਗੇ ਹੁੰਦੇ ਹਨ। ਜਾਤੀ ਦਾ ਰੰਗ ਇੰਨਾ ਗਾੜ੍ਹਾ ਹੈ ਕਿ ਉਹ ਆਪਣੇ ਬੱਚਿਆਂ ਦਾ ਵਿਆਹ ਅੰਤਰ-ਜਾਤੀ ਕਰ ਦੇਣਗੇ, ਪਰ ਵੋਟ ਖਾਸ ਜਾਤੀ ਨੂੰ ਹੀ ਪਾਉਣਗੇ। ਇਹ ਰੰਗ ਇੰਨਾ ਪੱਕਾ ਹੈ ਕਿ ਡਰਾਈ-ਕਲੀਨਰ ਵੀ ਹੱਥ ਜੋੜ ਲਵੇ।

ਅਮੀਰ ਵਰਗ “ਵਿਖਾਵੇ” ਦੇ ਰੰਗ ਵਿੱਚ ਡੁੱਬਿਆ ਹੋਇਆ ਹੈ – ਹੋਲੀ ਉਨ੍ਹਾਂ ਲਈ ਇੱਕ ਫੋਟੋ-ਸੈਸ਼ਨ ਹੈ। ਗਰੀਬ ਵਰਗ “ਵੇਖਣ” ਦੇ ਰੰਗ ਵਿੱਚ ਰੰਗਿਆ ਹੋਇਆ ਹੈ – ਉਹ ਦੂਜਿਆਂ ਦੀ ਹੋਲੀ ਵੇਖਦਾ ਹੈ ਅਤੇ ਆਪਣੀਆਂ ਜ਼ਰੂਰਤਾਂ ਦਾ ਹਿਸਾਬ ਲਗਾਉਂਦਾ ਹੈ।

ਅਤੇ ਅੰਤ ਵਿੱਚ ਆਮ ਜਨਤਾ ਬਾਰੇ ਗੱਲ ਕਰਦੇ ਹਾਂ। ਜਨਤਾ, ਜੋ ਮਾਸੂਮ ਹੋਣ ਦਾ ਦਿਖਾਵਾ ਕਰਦੀ ਹੈ, ਸਾਲ ਭਰ “ਮਾਸੂਮੀਅਤ” ਦੇ ਰੰਗ ਵਿੱਚ ਰੰਗੀ ਰਹਿੰਦੀ ਹੈ। ਉਹ ਮੁਫਤ ਬਿਜਲੀ, ਮੁਫਤ ਪਾਣੀ ਅਤੇ ਮੁਫਤ ਯੋਜਨਾਵਾਂ ਦੀ ਉਮੀਦ ਵਿੱਚ ਸਰਕਾਰ ਬਣਾਉਂਦੀ ਹੈ। ਫਿਰ ਅਗਲੇ ਪੰਜ ਸਾਲਾਂ ਲਈ ਉਹ ਉਸੇ ਸਰਕਾਰ ’ਤੇ ਗਾਲ੍ਹਾਂ ਦੀ ਪਿਚਕਾਰੀ ਚਲਾਉਂਦੀ ਰਹਿੰਦੀ ਹੈ। ਖ਼ੈਰ ਸ਼ਾਮ ਤੱਕ ਹੋਲੀ ਦੇ ਰੰਗ ਤਾਂ ਫਿੱਕੇ ਪੈ ਜਾਂਦੇ ਹਨ, ਪਰ ਹੰਕਾਰ, ਦਿਖਾਵਾ, ਜਾਤੀਵਾਦ, ਲਾਲਚ ਅਤੇ ਮਾਸੂਮੀਅਤ ਦੇ ਰੰਗ ਸਾਲਾਂ ਤੱਕ ਚਿਪਕੇ ਰਹਿੰਦੇ ਹਨ।

**ਹਿੰਦੀ ਕਵਿਤਾ**

# 2026 ਉਰਫ਼ ਬਿਨਾਂ ਪਰਮਾਤਮਾ ਦੁਨੀਆਂ ਚਲਾਉਣ ਦੇ ਅਭਿਆਸ ਦਾ ਸਾਲ



**ਵਿਨੋਦ ਵਿੱਠਲ**

ਪਰਮਾਤਮਾ ਦੇ ਇਨਬਾਕਸ ਵਿੱਚ
ਗਾਜ਼ਾ ਦੇ ਬੱਚਿਆਂ ਦੀਆਂ ਲਾਸ਼ਾਂ ਹਨ
ਯੂਕਰੇਨ ਦੀਆਂ ਗਰਭਵਤੀ ਔਰਤਾਂ ਦੇ ਅੰਬਾਰ ਹਨ
ਐਪਸਟੀਨ ਰਿਪੋਰਟ ਦੀਆਂ ਕੁੜੀਆਂ ਦੀਆਂ ਚੀਕਾਂ ਹਨ

ਪਰਮਾਤਮਾ ਦੇ ਇਨਬਾਕਸ ਵਿੱਚ
ਪਿੱਛੇ ਰਹਿ ਗਈ ਬਹੁਤ ਸਾਰੀ ਦੁਨੀਆਂ ਹੈ
ਅਜਿਹੀਆਂ ਸੱਭਿਅਤਾਵਾਂ ਹਨ
ਜਿਨ੍ਹਾਂ ਕੋਲ ਨਹੀਂ ਸੀ ਕੋਈ ਸ਼ਕਤੀਸ਼ਾਲੀ ਪਰਮਾਤਮਾ
ਇੱਕ ਨਕਸ਼ਾ ਹੈ ਜਿਸਦੇ ਸਹਾਰੇ ਬਦਲੀ ਜਾ ਸਕੇਗੀ
ਇਹ ਦੁਨੀਆਂ ਕਿਸੇ ਨਵੀਂ ਦੁਨੀਆਂ ਨਾਲ

ਪਰਮਾਤਮਾ ਦੇ ਇਨਬਾਕਸ ਵਿੱਚ ਤਿਆਰ ਬੈਠੇ ਹਨ
ਕੁਝ ਘੜੀਸਾਜ਼
ਜੋ ਠੀਕ ਕਰ ਸਕਦੇ ਹਨ ਸਮਾਂ
ਕੁਝ ਐਨਕਸਾਜ਼ ਹਨ
ਜਿਨ੍ਹਾਂ ਦੇ ਕੋਲ ਨੇ ਸਾਫ਼ ਵਿਖਾ ਸਕਣ ਵਾਲੀਆਂ ਐਨਕਾਂ
ਰੋਬੋਟਸ ਦੀ ਇੱਕ ਵੱਡੀ ਫੌਜ
ਜੋ ਕਦੇ ਵੀ ਬਾਦਸ਼ਾਹੀ ਦਾ ਤਖ਼ਤਾ ਪਲਟ ਸਕਦੀ ਹੈ

ਪਰ ਪਰਮਾਤਮਾ ਭੁੱਲ ਗਿਆ ਹੈ
ਆਪਣੇ ਅਕਾਊਂਟ ਦਾ ਪਾਸਵਰਡ
ਅਤੇ ਨਹੀਂ ਹੈ ਉਸ ਕੋਲ ਰਿਕਵਰੀ ਦਾ ਕੋਈ ਵੀ ਮਾਧਿਅਮ
ਬਿਹਤਰ ਹੋਵੇਗਾ
ਇਨਬਾਕਸ ਵਿੱਚ ਪਾਈਆਂ ਜਾ ਰਹੀਆਂ ਚਿੱਠੀਆਂ ਨੂੰ ਰੋਕੇ
ਅਤੇ ਬਣਾਏ ਇੱਕ ਨਵਾਂ ਪਰਮਾਤਮਾ
ਉਦੋਂ ਤੱਕ 2026 ਵਿੱਚ ਕੀਤਾ ਜਾਏ
ਬਿਨਾਂ ਪਰਮਾਤਮਾ ਤੋਂ ਦੁਨੀਆਂ ਚਲਾਉਣ ਦਾ ਅਭਿਆਸ


- ਮੂਲ : ਵਿਨੋਦ ਵਿੱਠਲ, ਜੋਧਪੁਰ (ਰਾਜਸਥਾਨ)
(8094005345)
- ਅਨੁ : ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ-147002.
(9417692015)


# 'ਤੇ ਵਕਤ ਬੋਲਦਾ ਗਿਆ' ਇਹ ਨਾਵਲ ਉਤਰ - ਯਥਾਰਥਵਾਦੀ ਪ੍ਰਵਿਰਤੀ ਦੀ ਸ਼ਰੇਣੀ ਦਾ ਨਾਵਲ ਹੈ

-ਡਾ. ਰਵੇਲ ਸਿੰਘ



ਨਾਵਲ ਆਪਣੀ ਪ੍ਰਗੀਤਕ ਸੰਖੇਪਤਾ ਤੋਂ ਮੁਕਤ ਹੋ ਕੇ ਅਤੇ ਮਹਾਂ-ਕਾਵਿਕ ਵਿਸਤਾਰ ਵਾਲੇ ਬਿਰਤਾਂਤ ਸਿਰਜਣ ਵੱਲ ਤੁਰਦਾ ਹੈ।

ਉਹ ਆਪਣੇ ਰਚਨਾ-ਵਿਧਾਨ ਅਤੇ ਅਤੇ ਰਚਨਾ ਦ੍ਰਿਸ਼ਟੀ ਵਿਚ ਠੋਸ ਸਭਿਆਚਾਰਕ ਸਥਿਤੀਆਂ ਨੂੰ ਸਿਰਜਦਾ ਹੈ। ਨਾਵਲ 'ਤੇ ਵਕਤ ਬੋਲਦਾ ਗਿਆ' ਵੱਖਰੀ ਕਿਸਮ ਦਾ ਨਾਵਲ ਹੈ। ਇਸਨੂੰ ਨੂੰ ਪੜ੍ਹਦਿਆਂ ਪਾਠਕ ਵੱਖਰੀ ਦੁਨੀਆਂ ਵਿਚ ਚਲਿਆ ਜਾਂਦਾ ਹੈ ਕਿਉਂਕਿ ਇਕ ਪਾਸੇ ਪਾਠਕ ਨੂੰ ਲੱਗਦਾ ਹੈ ਕਿ ਇਹ ਇਕ ਤਰ੍ਹਾਂ ਦਾ ਸਿਧਾਂਤ ਹੈ ਅਤੇ ਸਿਧਾਂਤਕ ਗੱਲਾਂ ਹਨ। ਹੌਲੀ-ਹੌਲੀ ਜਦੋਂ ਬਿਰਤਾਂਤ ਸਿਧਾਂਤਕ ਕਥਾਵਾਂ ਵਿਚੋਂ ਦੀ ਲੰਘਦਿਆਂ ਅਮਰਜੋਤ ਤੇ ਰਣਜੀਤ ਦੇ ਆਪਸੀ ਸੰਵਾਦ ਵੱਲ ਵਧਦਾ ਹੈ ਤਾਂ ਉਸ ਨੂੰ ਵੱਖਰੀ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ।ਅਮਰਜੀਤ ਟਾਂਡਾ ਨੇ ਆਂਪਣੇ ਜਿੱਥੇ ਇਸ ਨਾਵਲ ਨੂੰ ਸ਼ਾਇਰੀ ਕਾਵਿਕ ਵਿਧਾ 'ਚ ਪੇਸ਼ ਕਰਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ ਦੂਜੇ ਪਾਸੇ ਇਸ ਨਾਵਲ ਦਾ ਸਿਧਾਂਤ ਤੇ ਸਿਧਾਂਤਕ ਵਿਚਾਰਧਾਰਾ ਇਸ ਨੂੰ ਬਾਕੀ ਨਾਵਲਾਂ ਤੋਂ ਵੱਖਰਾ ਕਰਦੀ ਹੈ। ਸ਼ਾਇਦ ਉਹ ਇਸ ਕਰਕੇ ਕਿਉਂਕਿ ਉਹ ਪੇਸ਼ੇ ਵੱਜੋਂ ਇਕ ਵਿਗਿਆਨੀ ਹਨ। ਰੋਜ਼ ਨਾਮ ਦਾ 83 ਸਾਲ ਦੀ ਉਮਰ ਚ ਕਾਲਜ ਲਈ ਪੜ੍ਹਨ ਆਉਣਾ, ਇਸ ਪੜਾਅ ਤੇ ਆ ਕੇ ਆਪਣੀਆਂ ਅਧੂਰੀਆਂ ਇਛਾਵਾਂ ਨੂੰ ਪੂਰਾ ਕਰਨਾ ਅਤੇ ਆਪਣੇ ਬਚਪਨ ਨੂੰ ਜਿਉਣ ਦੀ ਦੁਬਾਰਾ ਕੋਸ਼ਿਸ਼ ਕਰਨਾ। ਅਸਲ ਵਿਚ ਬਿਰਤਾਂਤਕਾਰ ਲੰਘ ਚੁੱਕੇ ਸਮੇਂ ਦੀਆਂ ਮਿੱਠੀਆਂ, ਰੌਚਿਕ ਗੱਲਾਂ ਨੂੰ ਮੁੜ ਸੋਚਣ ਸਮਝਣ ਤੇ ਜਿਉਣ ਦਾ ਇਛੁੱਕ ਹੁੰਦਾ ਹੈ। ਜੀਵਨ ਦੇ ਵੱਖ-ਵੱਖ ਪਲਾਂ ਨੂੰ ਵੱਖ-ਵੱਖ ਉਦਾਹਰਨਾਂ ਸਹਿਤ ਸਮਝਾਉਂਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਪੁਰਾਣੇ ਪੰਜਾਬ ਦੀ ਤੁਲਨਾ ਆਧੁਨਿਕ ਸਮੇਂ ਨਾਲ ਕਰ ਰਿਹਾ ਹੈ। ਉਸ ਪੰਜਾਬ ਦੀਆਂ ਰੁੱਤਾਂ, ਫ਼ਸਲਾਂ ਦੀ ਯਾਦ ਨੂੰ ਚੇਤੇ ਕਰਦੇ ਹੋਏ, ਜਿੱਥੇ ਉਸਦਾ ਬਚਪਨ ਬੀਤਿਆ ਹੈ। ਆਧੁਨਿਕ ਸਮਾਜ ਵਿਚ ਜੋ ਵਾਪਰ ਰਿਹਾ ਹੈ ਜਾਂ ਜਿਸ ਤਰ੍ਹਾਂ ਦਾ ਵਾਪਰ ਰਿਹਾ ਹੈ, ਇਸ ਤੋਂ ਸਾਨੂੰ ਸਿੱਖਣ ਦਾ ਉਪਦੇਸ਼ਤਾਮਕ ਪ੍ਰਯਤਨ ਵੀ ਉਹ ਕਰਦਾ ਹੈ। ਇਹ ਬਿਰਤਾਂਤ ਚੱਲਦੇ ਫਿਰਦੇ ਵਕਤ ਦੇ ਨਾਲ ਸੰਵਾਦ ਰਚਾਉਂਦਾ ਹੈ। ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਵਾਉਂਦਾ, ਅਤੇ ਜੀਵਨ ਦੇ ਵੱਖੋ ਵੱਖਰੇ ਪੜ੍ਹਾਵਾਂ ਤੇ ਰੁਕਦਾ,



ਚਲਦਾ ਤੇ ਆਪਣੀਆਂ ਗੱਲਾਂ ਨੂੰ ਦਲੀਲ ਸਹਿਤ ਸਮਝਾਉਂਦਾ ਹੈ।

ਅਮਰਜੀਤ ਟਾਂਡਾ ਇਨ੍ਹਾਂ ਗੱਲਾਂ ਰਾਹੀਂ ਇਹ ਦੱਸਣਾ ਚਾਹੁੰਦਾ ਹੈ ਕਿ ਸਮਾਂ ਬੜਾ ਬਲਵਾਨ ਹੈ। ਇਕ ਵਾਰ ਲੰਘਿਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ। ਅਜੋਕੀ ਨੌਜਵਾਨ ਪੀੜ੍ਹੀ ਨੂੰ ਸਮੇਂ ਦੀ ਕਦਰ ਕਰਨਾ ਸਿੱਖਣਾ ਚਾਹੀਦਾ ਹੈ। ਜਦੋਂ ਸ੍ਰਿਸ਼ਟੀ ਦੀ ਸਿਰਜਣਾ ਹੋਈ ਤਾਂ ਇੱਥੇ ਕੁਝ ਵੀ ਮੌਜੂਦ ਨਹੀਂ ਸੀ ਹੌਲੀ ਹੌਲੀ ਜੀਵ-ਜੰਤੂਆਂ ਸਮੇਤ ਇੱਥੇ ਮਨੁੱਖੀ ਜੀਵਨ ਸੰਭਵ ਹੋਇਆ। ਦੁਨੀਆਂ ਵਿਚ ਤਾਕਤਵਰ ਚੀਜ਼ ਵਕਤ ਹੈ। ਇਸ ਤਰ੍ਹਾਂ ਨਾਵਲ ਦਾ ਪਾਤਰ ਅਮਰਜੋਤ ਬਾਬੇ ਦੀਆਂ ਉਦਾਸੀਆਂ ਵਾਂਗ ਚੱਲਦਾ ਪ੍ਰਤੀਤ ਹੁੰਦਾ ਹੈ। ਇਸ ਤੋਂ ਇਲਾਵਾ ਬਿਰਤਾਂਤਕਾਰ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਮਨੁੱਖੀ ਜੀਵਨ ਉੱਤੇ ਘਟੀਆਂ ਵੱਖ ਵੱਖ ਕਹਾਣੀਆਂ ਨੂੰ ਇਕ ਇਕ ਕਰਕੇ ਸਾਡੇ ਸਾਹਮਣੇ ਰੱਖਦਾ ਹੈ। ਆਧੁਨਿਕ ਪੰਜਾਬ ਕਿਸ ਤਰ੍ਹਾਂ ਦਾ ਪੰਜਾਬ ਬਣ ਚੁੱਕਾ ਹੈ। ਪੰਜਾਬ ਦੀਆਂ ਖੇਡਾਂ, ਫਸਲਾਂ, ਰੁੱਤਾਂ ਅਤੇ ਪਰਵਾਸ ਕਰ ਚੁੱਕਿਆ ਦੀ ਦਾਸਤਾਨ ਬਿਰਤਾਂਤਕਾਰ ਨੇ ਗਹਿਰਾਈ ਨਾਲ ਬਿਆਨ ਕੀਤਾ ਹੈ।

ਇਸ ਨਾਵਲ ਵਿਚ ਅਸੀਂ, ਤੁਸੀਂ ਉਹ ਸਭ ਪਾਤਰ ਦੇ ਰੂਪ ਵਿਚ ਸਿਰਜੇ ਗਏ ਹਨ ਇਸ ਤਰ੍ਹਾਂ ਇਹ ਸਾਡੇ ਸਾਰਿਆਂ ਦੀ ਕਥਾ ਲਗਦੀ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਅੱਜ ਦਾ ਕੋਈ ਅਧਖੜ ਆਦਮੀ ਆਪਣੇ ਬੀਤੇ ਦੇ ਪਲਾਂ ਨੂੰ ਚੇਤੇ ਕਰਕੇ ਪੁਰਾਣੇ ਤੇ ਅਜੋਕੇ ਵਕਤ ਦੀ ਨਜ਼ਾਕਤ ਨੂੰ ਸਮਝ ਰਿਹਾ ਹੋਵੇ। ਜਿਵੇਂ ਅਜੋਕੇ ਸਮੇਂ ਵਿਚ ਕੋਈ ਨੌਜਵਾਨ ਵਿਅਕਤੀ ਆਪਣੇ ਦਾਦਾ-ਦਾਦੀ, ਨਾਨਾ ਨਾਨੀ ਤਾਏ ਚਾਚਿਆਂ ਤੋਂ ਕੋਈ ਕਥਾ ਨੂੰ ਸੁਣ ਰਿਹਾ ਹੋਵੇ। ਅਸੀਂ ਕਹਿੰਦੇ ਹਾਂ ਕਿ ਵਕਤ ਨੇ ਚੱਲਦੇ ਰਹਿਣਾ ਹੈ ਅਤੇ ਇਹ ਕਦੇ ਕਿਸੇ ਲਈ ਨਹੀਂ ਰੁਕਦਾ। ਨਾਵਲਕਾਰ ਇੱਕ ਸਮਰੱਥ ਕਵੀ ਵੀ ਹੈ ਜੋ ਚਿੰਤਕਾਂ, ਵਿਦਵਾਨਾਂ, ਦੀਆਂ ਕਥਾਵਾਂ ਨੂੰ ਆਪਣੇ ਇਸ ਨਾਵਲ ਵਿਚ ਸ਼ਾਇਰਾਨਾ ਅੰਦਾਜ਼ ਵਿਚ ਪੇਸ਼ ਕਰਦਾ ਹੈ ਜਿਸ ਨਾਲ ਨਾਵਲ ਪ੍ਰਗੀਤਕਤਾ ਗ੍ਰਹਿਣ ਕਰਦਾ ਹੈ। ਇਹ ਸਭ ਵਕਤ ਦੀ ਖੇਡ ਹੈ। ਇਸ ਨੂੰ ਕਦੇ ਵੀ ਅਣਗੌਲਣਾ ਨਹੀਂ ਚਾਹੀਦਾ। ਅੱਜ ਦੇ ਸਮੇਂ ਪੰਜਾਬ ਜਿੰਨ੍ਹਾਂ ਰਾਹਵਾਂ ਤੇ ਹੈ ਉਸ ਨੂੰ ਸਮਝਣ ਪਰਖਣ ਦੀ ਜ਼ਰੂਰਤ ਹੈ ਅਤੇ ਨੌਜਵਾਨ ਪੀੜ੍ਹੀ ਲਈ ਕੁਝ ਨਵਾਂ ਕਰਨ ਦੀ ਜ਼ਰੂਰਤ ਹੈ। ਪੰਜਾਬ ਦਾ ਸਭਿਆਚਾਰ, ਮੌਸਮ, ਰੁੱਤਾਂ, ਗੁਰੂਆਂ ਦੀ ਬਾਣੀ, ਦੂਜੇ ਪਾਸੇ ਜੋ ਅਜੋਕੇ ਪੰਜਾਬ ਵਿਚ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਕੁਲ ਮਿਲਾ ਕੇ ਦੇਖੀਏ ਤਾਂ ਇਸ ਬਿਰਤਾਂਤ ਨੂੰ ਅਹਿਮ ਥਾਂ ਦਿੱਤੀ ਗਈ ਹੈ, ਜੋ ਕਿ ਪਾਠਕਾਂ ਲਈ ਬਿਲਕੁਲ ਵੱਖਰਾ ਅਨੁਭਵ ਹੋਵੇਗਾ।

ਕਵਿਤਾ

# ਬੇ ਖ਼ਬਰ ਮਾਸੂਮਾਂ ਦੇ ਕਾਤਲੋ

ਕੀ ਕਸੂਰ ਸੀ ਉਹਨਾਂ ਬੱਚੀਆਂ ਦਾ,
ਮਾਰ ਦਿੱਤੀਆਂ ਜੋ ਅਣਭੋਲ ਸਾਈਂ।

ਬੇਖਬਰ ਸੀ ਮੁਲਖ ਦੇ ਰੌਲਿਆਂ ਤੋਂ,
ਨਾ ਕੋਈ ਬੋਲਿਆ ਮੰਦਾ ਬੋਲ ਸਾਈਂ।

ਦੁਸਮਣਾ ਮਾਰ ਕੇ ਸੱਥਰ ਵਿਛਾ ਦਿੱਤੇ,
ਪਏ ਬਸਤੇ ਜਿੰਨਾਂ ਦੇ ਕੋਲ ਸਾਈਂ।

ਸੁਣ ਕੇ ਰੂਹ ਸਭ ਦੀ ਕੁਰਲਾ ਉੱਠੀ,
ਗਈਆਂ ਜਾਨਾਂ ਕਿਓਂ ਅਨਮੋਲ ਸਾਈਂ?

ਕੀ ਗੱਲ ਕਰੀਏ ਅਜਿਹੇ ਹਾਕਮਾਂ ਦੀ,
ਜਿਨ੍ਹਾਂ ਕੋਲ ਕੋਈ ਬੋਲ ਨਾ ਤੋਲ ਸਾਈਂ।

ਜਾ ਪੁੱਛੋ ! ਬੱਚਿਆਂ ਦੇ ਮਾਪਿਆਂ ਨੂੰ
ਪੁੱਟੀਆਂ ਕਬਰਾਂ, ਮਿੱਟੀ ਫਰੋਲ ਸਾਈਂ।

ਬਸ ਕਰੋ ਹੁਣ, ਹਾਕਮੋ ਕੀ ਚਾਹੁੰਦੇ?
ਕਿਓਂ ਦਿੱਤੀਆਂ ਜਿੰਦਾਂ ਰੋਲ ਸਾਈਂ।

ਮਰੇ ਕੋਈ ਤੇ ਰਾਜ ਕਰੇ ਕੋਈ,
'ਪੱਤੋ' ਵੇਖੇ ਖੁੱਲਦੇ ਪੋਲ ਸਾਈਂ।

**ਹਰਪ੍ਰੀਤ ਪੱਤੋ**
ਪਿੰਡ ਪੱਤੋ ਹੀਰਾ ਸਿੰਘ ਮੋਗਾ
ਫੋਨ ਨੰਬਰ 94658 21417

# ਪਰਮਾਤਮਾ ਵੱਲੋਂ ਮਿਲਿਆ ਤੋਹ.ਫ਼ਾ ਹੈ "ਜ਼ਿੰਦਗੀ"

**ਸੰਜੀਵ ਸਿੰਘ ਸੈਣੀ**
ਮੋਹਾਲੀ, ਮੋ. 7888966168



ਜ਼ਿੰਦਗੀ ਖੂਬਸੂਰਤ ਹੈ। ਹਰ ਵਿਅਕਤੀ ਜ਼ਿੰਦਗੀ ਨੂੰ ਆਪਣੇ ਮੁਤਾਬਕ ਬਸਰ ਕਰਦਾ ਹੈ। ਹਰ ਇਨਸਾਨ ਜ਼ਿੰਦਗੀ ਨੂੰ ਆਪੋ ਆਪਣੇ ਨਜ਼ਰੀਏ ਨਾਲ ਦੇਖਦਾ ਹੈ। ਕਿਸੇ ਦੀ ਨਜ਼ਰ ਵਿੱਚ ਜ਼ਿੰਦਗੀ ਚਲੋ ਚਲੀ ਦਾ ਮੇਲਾ ਹੈ।ਅਕਸਰ ਕਹਿੰਦੇ ਹਨ ਕਿ ਜਦੋਂ ਸਾਹਾਂ ਨੇ ਮੁੱਕ ਜਾਣਾ ਹੈ ਉਦੋਂ ਇਨਸਾਨ ਇੱਥੋਂ ਰੁਖਸਤ ਕਰ ਜਾਂਦਾ ਹੈ। ਕੋਈ ਜ਼ਿੰਦਗੀ ਨੂੰ ਬੋਝ ਸਮਝ ਕੇ ਕੱਟਦਾ ਹੈ। ਕੋਈ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕਰਕੇ ਵਧੀਆ ਬਸਰ ਕਰਦਾ ਹੈ।ਵੈਸੇ ਜ਼ਿੰਦਗੀ ਇੱਕ ਯਾਤਰਾ ਹੈ ਜਿਸ ਵਿੱਚ ਖੁਸ਼ੀ, ਗਮੀ, ਅਨੁਭਵ ਪਿਆਰ, ਨਫਰਤ, ਮੋਹ ਆਦੀ ਨਾਲ ਨਾਲ ਚਲਦੇ ਰਹਿੰਦੇ ਹਨ। ਖੁੱਲ ਕੇ ਜ਼ਿੰਦਗੀ ਜਿਊਣੀ ਚਾਹੀਦੀ ਹੈ। ਸੁੱਖ ਦੁੱਖ ਜ਼ਿੰਦਗੀ ਦੇ ਪਰਛਾਵੇ ਹਨ। ਸਾਨੂੰ ਹਮੇਸ਼ਾ ਉਮੀਦ, ਸਕਰਾਤਮਕ ਸੋਚ ਨਾਲ ਅੱਗੇ ਵੱਧਦੇ ਰਹਿਣਾ ਚਾਹੀਦਾ ਹੈ। ਕਦੇ ਵੀ ਜ਼ਿੰਦਗੀ ਨੂੰ ਬੋਝ ਨਾ ਸਮਝੋ ਜ਼ਿੰਦਗੀ ਨੂੰ ਪਿਆਰ ਕਰੋ ਅਤੇ ਹਰ ਪਲ ਦਾ ਆਨੰਦ ਲਵੋ। ਵਧੀਆ ਜ਼ਿੰਦਗੀ ਬਸਰ ਕਰਨ ਲਈ ਆਪਣੇ ਆਪ ਨਾਲ ਗੱਲਾਂ ਮਾਰੋ। ਹਰ ਇਨਸਾਨ ਦੀ ਜ਼ਿੰਦਗੀ ਦੇ ਸਫ਼ਰ ਵਿੱਚ ਚੁਣੌਤੀਆਂ, ਦੁੱਖ ਜਰੂਰ ਆਉਂਦੇ ਹਨ, ਪਰ ਇਹ ਸਭ ਸਾਡੀ ਖੁਸ਼ੀ ਨੂੰ ਖਤਮ ਨਹੀਂ ਕਰ ਸਕਦੇ, ਸਗੋਂ ਸਾਨੂੰ ਅੰਦਰੋਂ ਮਜ਼ਬੂਤ ਕਰ ਦਿੰਦੇ ਹਨ।

ਅੱਜ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ। ਨਵੀਂ ਨਵੀਂ ਤਕਨੀਕਾਂ ਦੀ ਖੋਜ਼ ਹੋ ਰਹੀ ਹੈ। ਜਿੰਨਾ ਇਨਸਾਨ ਦਾ ਜੀਵਨ ਖੁਸ਼ਹਾਲ ਹੋਣਾ ਚਾਹੀਦਾ ਸੀ, ਉਨਾਂ ਹੀ ਇਨਸਾਨ ਦੇ ਜੀਵਨ ਵਿੱਚੋਂ ਸਕੂਨ ਖਤਮ ਹੋ ਗਿਆ ਹੈ। ਚਿਹਰੇ ਤੇ ਰੌਣਕ ਜਿਹੀ ਬਿਲਕੁਲ ਵੀ ਨਹੀਂ ਰਹੀ ਹੈ। ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਜੋ ਖੁਸ਼ੀ ਹੈ, ਉਹ ਚਿਹਰੇ ਤੇ ਹੀ ਨਹੀਂ, ਸਗੋਂ ਅੰਦਰੋਂ ਰੂਹ 'ਚ ਵੀ ਵੱਸਦੀ ਹੈ। ਚੰਗੀ ਮੁਸਕੁਰਾਹਟ ਉਦਾਸ ਚਿਹਰੇ ਨੂੰ ਵੀ ਮੁਸਕਰਾ ਦਿੰਦੀ ਹੈ। ਖੁਸ਼ੀ ਬਿਮਾਰ ਬੰਦੇ ਨੂੰ ਵੀ ਸਿਹਤਮੰਦ ਬਣਾ ਦਿੰਦੀ ਹੈ। ਕੋਈ ਵੀ ਕੰਮ ਕਰਨਾ ਹੈ ਮੱਥੇ ਤਿਉੜੀ ਜਾਂ ਵੱਟ ਪਾ ਕੇ ਕਦੇ ਵੀ ਨਾ ਕਰੋ। ਖੁਸ਼ੀ ਖੁਸ਼ੀ ਕਰੋ। ਅਕਸਰ ਸਾਡੇ ਸਾਹਮਣੇ ਕਈ ਅਜਿਹੇ ਸੱਜਣ ਵੀ ਹੁੰਦੇ ਹਨ ਜੋ ਇਨ੍ਹਾਂ ਕੁੱਝ ਹੋਣ (ਪੈਸਾ, ਸ਼ੋਹਰਤ) ਦੇ ਬਾਵਜੂਦ ਵੀ ਮਰੂ ਮਰੂ ਕਰਦੇ ਰਹਿੰਦੇ ਹਨ। ਅਜਿਹੇ ਲੋਕਾਂ ਤੋਂ ਤਾਂ ਦੂਰੀ ਬਣਾ ਲਵੋ। ਜੇ ਤੁਸੀਂ ਲੋਕਾਂ ਨੂੰ ਖੁਸ਼ ਹੋ ਕੇ ਮੁਸਕਰਾ ਕੇ ਮਿਲੋਗੇ ਤਾਂ ਲੋਕ ਵੀ ਸਾਹਮਣੇ ਤੋਂ ਤੁਹਾਨੂੰ ਖੁਸ਼ੀ ਨਾਲ ਮਿਲਣਗੇ। ਅਕਸਰ ਖੁਸ਼ਮਿਜ਼ਾਜ਼ ਚਿਹਰਾ ਸਭ ਨੂੰ ਭਾਅ ਜਾਂਦਾ ਹੈ। ਹਸੂ ਹਸੂ ਚੇਹਰਾ ਭਲਾ ਕਿਸ ਨੂੰ ਚੰਗਾ ਨਹੀਂ ਲੱਗਦਾ। ਲੋਕ ਤੁਹਾਡੇ ਵੱਲ ਆਪ ਚੱਲੇ ਆਉਣਗੇ। ਅੱਜ ਹਰ ਇਨਸਾਨ ਖੁਸ਼ੀ ਪਾਉਣਾ ਚਾਹੁੰਦਾ ਹੈ, ਇੰਨੇ ਸੰਚਾਰ ਦੇ ਸਾਧਨ ਹਨ। ਚਿਹਰੇ ਤੇ ਬਨਾਉਟੀ ਜਿਹਾ ਹਾਸਾ ਆਮ ਦਿਖਦਾ ਹੈ। ਖੁਸ਼ੀ ਹਮੇਸ਼ਾ ਆਪਣੇ ਅੰਦਰੋਂ ਲੱਭੋ। ਕੋਈ ਤੁਹਾਨੂੰ ਸ਼ੌਂਕ ਹੈ ਜਿਵੇਂ ਪੇਂਟਿੰਗ, ਗਾਰਡਨਿੰਗ, ਮਿਊਜਿਕ ਸਿੱਖਣਾ। ਕੋਈ ਕਹਾਣੀ ਲਿਖਣਾ ਆਦਿ। ਅੱਜ ਲੋਕਾਂ ਕੋਲ ਪੈਸੇ ਦੀ ਕਮੀ ਨਹੀਂ ਹੈ। ਮਹਿੰਗੀ ਮਹਿੰਗੀ ਗੱਡੀਆਂ ਹਨ। ਪਰਿਵਾਰ ਲਈ ਸਮਾਂ ਨਹੀਂ ਹੈ। ਇਕੱਠੇ ਘਰ ਦੇ ਚਾਰ ਜੀਅ ਕਦੇ ਵੀ ਬੈਠ ਕੇ ਖਾਣਾ ਨਹੀਂ ਖਾਂਦੇ ਹਨ। ਅੰਦਰੂਨੀ ਖੁਸ਼ੀ ਨਹੀਂ ਹੈ। ਝੁੰਗੀ ਝੋਪੜੀ ਜਾਂ ਨਿਮਨ ਤਬਕਾ 400 ਰੁਪਏ ਦਿਹਾੜੀ ਕਮਾ ਕੇ ਵੀ ਖੁਸ਼ ਰਹਿੰਦੇ ਹਨ, ਭਵਿੱਖ ਦੀ ਚਿੰਤਾ ਨਹੀਂ ਕਰਦੇ ਹਨ।

ਜ਼ਿੰਦਗੀ ਵਿੱਚ ਕੁੱਝ ਨਾ ਕੁੱਝ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ। ਸਿਆਣੇ ਕਹਿੰਦੇ ਹਨ ਕਿ ਜੇ ਪਾਣੀ ਇੱਕ ਪਾਸੇ ਖੜਾ ਹੋ ਜਾਵੇ ਤਾਂ ਉਸ ਵਿੱਚ ਅਕਸਰ ਬਦਬੂ ਆਉਣ ਲੱਗ ਜਾਂਦੀ ਹੈ। ਵਗਦੇ ਦਰਿਆ ਹੀ ਚੰਗੇ ਲੱਗਦੇ ਹਨ। ਵਧੀਆ ਜ਼ਿੰਦਗੀ ਜਿਉਣ ਲਈ ਕਦੇ ਵੀ ਆਪਣੇ ਸੁਪਨਿਆਂ ਦਾ ਘਾਣ ਨਾ ਕਰੋ। ਵਕਤ ਦੀ ਕਦਰ ਕਰੋ, ਵਕਤ ਰਹਿੰਦਿਆਂ ਹਰ ਕੰਮ ਸਹੀ ਤਰਤੀਬ ਵਾਈਸ ਕਰੋ। ਸਕਾਰਾਤਮਕ ਸੋਚ ਰੱਖੋ। ਚੰਗੇ ਲੋਕਾਂ ਦਾ ਸੰਗ ਕਰੋ। ਪਰਮਾਤਮਾ ਦੀ ਬੰਦਗੀ ਕਰੋ ,ਉਸ ਥਾਂ ਤੇ ਜਾਓ ਜਿੱਥੇ ਤੁਹਾਨੂੰ ਸਕੂਨ ਮਿਲੇ ।ਕੋਈ ਅਜਿਹਾ ਸਾਥੀ ,ਮਿੱਤਰ ਰੱਖੋ, ਜਿਸ ਨਾਲ ਤੁਸੀਂ ਆਪਣਾ ਦੁੱਖ, ਸੁੱਖ ਸਾਂਝਾ ਕਰ ਸਕੋ। ਹਰ ਇਨਸਾਨ ਦੀ ਜ਼ਿੰਦਗੀ ਵਿੱਚ ਕੋਈ ਨਾ ਕੋਈ ਸਮੱਸਿਆ ਜਰੂਰ ਹੈ। ਜੇ ਤੁਸੀਂ ਉਹ ਸਮੱਸਿਆ ਆਪਣੇ ਅੰਦਰ ਲੈ ਕੇ ਬੈਠੇ ਰਹੋਗੇ ਤਾਂ ਤੁਸੀਂ ਬਿਮਾਰੀਆਂ ਨਾਲ ਘਿਰ ਜਾਓਗੇ। ਡਿਪਰੈਸ਼ਨ ਦਾ ਸ਼ਿਕਾਰ ਹੋ ਜਾਵੋਗੇ। ਦੋਸਤ ਕੋਲ ਜਾਓਗੇ ਦੋ ਗੱਲਾਂ ਉਸ ਦੀਆਂ ਸੁਣੋਗੇ।

ਚਾਰ ਆਪਣੀਆਂ ਵੀ ਸੁਣਾਓਗੇ, ਹਸੀ ਮਜ਼ਾਕ ਕਰੋਗੇ। ਆਪਣੇ ਆਪ ਟੈਨਸ਼ਨ ਮੁਕਤ ਹੋ ਜਾਵੋਗੇ। ਪਰੇਸ਼ਾਨੀਆਂ ਜ਼ਿੰਦਗੀ ਦੇ ਨਾਲ ਨਾਲ ਚਲਦੀ ਜਾਣੀਆਂ ਹਨ। ਇਹ ਸਾਡੀ ਜ਼ਿੰਦਗੀ ਦਾ ਹਿੱਸਾ ਹਨ।ਅਕਸਰ ਜਦੋਂ ਅਸੀਂ ਕਿਸੇ ਸੜਕ ਤੇ ਜਾ ਰਹੇ ਹੁੰਦੇ ਹਨ ਤਾਂ ਕਈ ਵਾਰ ਵੱਡੇ ਖੱਡੇ ਵੀ ਆ ਜਾਂਦੇ ਹਨ।ਕੱਚੀ ਸੜਕ ਵੀ ਆ ਜਾਂਦੀ ਹੈ, ਟੇਡੇ ਮੇਡੇ ਮੋੜ ਵੀ ਆ ਜਾਂਦੇ ਹਨ। ਇਸੇ ਤਰ੍ਹਾਂ ਜ਼ਿੰਦਗੀ ਹੈ -ਕਦੇ ਸੁੱਖ ਤੇ ਕਦੇ ਦੁੱਖ। ਦੁੱਖ ਨੇ ਵੀ ਸਥਾਈ ਨਹੀਂ ਰਹਿਣਾ ਹੈ। ਇਸ ਦਾ ਵੀ ਇੱਕ ਸਮਾਂ ਹੈ ,ਇਹ ਵੀ ਨਿਕਲ ਜਾਂਦਾ ਹੈ। ਸਬਰ, ਸੰਤੋਖ, ਨਿਮਰਤਾ ਸ਼ਹਿਣਸ਼ੀਲਤਾ ਨਾਲ ਤੁਸੀਂ ਵੱਡੇ ਤੋਂ ਵੱਡਾ ਦੁੱਖ ਵਿੱਚੋਂ ਨਿਕਲ ਸਕਦੇ ਹੋ।

ਘਰ ਵਿੱਚ ਸਾਡੇ ਬਜ਼ੁਰਗ ਹੁੰਦੇ ਹਨ। ਬਜ਼ੁਰਗਾਂ ਕੋਲ ਜਰੂਰ ਬੈਠੋ। ਉਹਨਾਂ ਨਾਲ ਦੋ ਗੱਲਾਂ ਕਰੋ, ਉਹਨਾਂ ਨੂੰ ਵੀ ਵਧੀਆ ਲੱਗੇਗਾ। ਅੱਜ ਦੇ ਸਮੇਂ ਵਿੱਚ ਘਰ ਵਿੱਚ ਬਜ਼ੁਰਗ ਬੱਚਿਆਂ ਦੀ ਦੇਖਰੇਖ ਕਰਦੇ ਹਨ, ਕਿਉਂਕਿ ਪਤੀ ਪਤਨੀ ਨੌਕਰੀ ਪੇਸ਼ਾ ਹਨ। ਅਸੀਂ ਉਹਨਾਂ ਨੂੰ ਸਮਾਂ ਹੀ ਨਹੀਂ ਦੇ ਪਾਉਂਦੇ ਹਨ। ਇਸ ਧਰਤੀ ਤੇ ਅੱਜ ਕਿਸੇ ਦੀ ਵੀ ਗਰੰਟੀ ਨਹੀਂ ਹੈ ਕਿ ਕਿਸ ਨੇ ਕਿੰਨਾ ਸਫਰ ਜ਼ਿੰਦਗੀ ਦਾ ਤੈਅ ਕਰਨਾ ਹੈ। ਅਕਸਰ ਅਸੀਂ ਦੇਖਦੇ ਹਨ ਕਿ ਛੋਟੀ ਉਮਰ ਦੇ ਹੀ ਲੋਕ ਇਸ ਸੰਸਾਰ ਤੋਂ ਕਈ ਰੁਖ਼ਸਤ ਹੋ ਜਾਂਦੇ ਹਨ। ਸਾਡੇ ਵਿੱਚੋਂ ਪਤਾ ਨਹੀਂ ਕਿੰਨੇ ਜਣੇ 40 ਤੋਂ 45 ਸਾਲ ਦੇ ਉਮਰ ਭੋਗ ਕੇ ਹੀ ਜਾ ਰਹੇ ਹਨ। ਜ਼ਿੰਦਗੀ ਬਹੁਤ ਛੋਟੀ ਹੈ। ਇਸ ਨੂੰ ਹੱਸ ਖੇਡ ਕੇ ਬਸਰ ਕਰੋ। ਅੱਜ ਦੇ ਸਮੇਂ ਵਿੱਚ ਲੋਕ ਪੈਸੇ ਨੂੰ ਬਹੁਤ ਤਰਜ਼ੀਹ ਦਿੰਦੇ ਹਨ। ਠੀਕ ਹੈ, ਪੈਸਾ ਕਮਾਓ, ਪਰ ਇਹ ਵੀ ਨਹੀਂ ਹੈ ਕਿ ਤੁਸੀਂ ਪੈਸੇ ਪਿੱਛੇ ਆਪਣੇ ਰਿਸ਼ਤਿਆਂ ਨੂੰ ਹੀ ਖਤਮ ਕਰ ਦਿਓ। ਪੈਸਾ ਗੁਜ਼ਰਾਨ ਲਈ ਹੋਣਾ ਚਾਹੀਦਾ ਹੈ ,ਲੋੜਵੰਦ ਦੀ ਮਦਦ ਕਰੋ। ਮਾਫ ਕਰੋ ਤੇ ਭੁੱਲ ਜਾਣ ਦੀ ਆਦਤ ਪਾਓ। ਕਿਸੇ ਪ੍ਰਤੀ ਗਿਲੇ ਸ਼ਿਕਵੇ ਨਾ ਰੱਖੋ। ਜਿੰਨਾ ਹੋ ਸਕੇ ਆਪਣੇ ਹੱਥ ਤੋਂ ਦਾਨ ਪੁੰਨ ਕਰੋ, ਕਿਸੇ ਦਾ ਦਿਲ ਨਾ ਦੁਖਾਓ। ਇਹਨਾਂ ਚੀਜ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਸੀਂ ਜਿੰਦਗੀ ਦਾ ਸਫ਼ਰ। ਆਨੰਦਮਈ ਜੀ ਸਕਦੇ ਹੋ।

## ਸੱਚ ਅਤੇ ਝੂਠ



**ਰਾਜਪਿੰਦਰ ਕੌਰ ਹੁੰਜਨ**

ਸੱਚ ਦਾ ਕਤਲ ਹੋ ਗਿਆ
ਤੇ ਝੂਠ ਦਾ ਬੋਲਬਾਲਾ ਹੋ ਗਿਆ
ਸੱਚ ਨੂੰ ਸਜਾਵਾਂ ਤੇ ਝੂਠੇ ਨੂੰ
ਮਿਲਣ ਲੱਗੀਆਂ ਦੁਆਵਾਂ
ਸੱਚੇ ਤੇ ਲਗੀਆਂ ਤੋਹਮਤਾਂ
ਝੂਠੇ ਨੂੰ ਕਰਨ ਸਾਰੇ ਮੁਹੱਬਤਾਂ ।
ਝੂਠੇ ਦੇ ਮਗਰ ਲੱਗੀ ਸਾਰੀ ਦੁਨੀਆਂ
ਸੱਚ ਦਾ ਜੀਣਾ ਕਹਿਰ ਹੋ ਗਿਆ
ਝੂਠਾ ਸਿਰ ਚੁੱਕ ਕੇ ਚੱਲੇ ਤੇ
ਸੱਚੇ ਦਾ ਸਿਰ ਨੀਵਾਂ ਹੋ ਗਿਆ
ਝੂਠ ਨੇ ਸੱਚ ਦਾ ਚੋਲਾ ਪਾ ਕੇ
ਦੁਨੀਆ ਭਰਮਾ ਲਈ
ਤੇ ਸੱਚ ਨੰਗਾ ਹੋ ਕੇ ਰਹਿ ਗਿਆ
ਤੇ ਸੱਚ ਨੰਗਾ ਹੋ ਕੇ ਰਹਿ ਗਿਆ ।

# ਉਰਮਲਜੀਤ ਸਿੰਘ ਦੀਆਂ ਦੋ ਕਵਿਤਾਵਾਂ

ਜਲੰਧਰ



(1)

ਤੁਬਕਾ ਤੁਬਕਾ ਸੰਭਾਲ ਪਾਣੀ ਦਾ।
ਪਏ ਸਹਿਣਾ ਨਾ ਕਾਲ ਪਾਣੀ ਦਾ।

ਬੇਤਹਾਸ਼ਾ ਬਹਾ ਨਾ ਪਾਣੀ ਨੂੰ,
ਕੁਝ ਤਾਂ ਰਕਬਾ ਸੰਭਾਲ ਪਾਣੀ ਦਾ।

ਕਹੇ ਬਾਣੀ ਪਿਤਾ ਸਮਾਨ ਹੈ ਇਹ,
ਰੱਖ ਰੁਤਬਾ ਬਹਾਲ ਪਾਣੀ ਦਾ।

ਕਿਵੇਂ ਜੀਵਨ ਬਚੇਗਾ ਧਰਤੀ ਤੇ,
ਜਦੋਂ ਮੁੱਕਿਆ ਭੰਡਾਰ ਪਾਣੀ ਦਾ।

ਤੇਰੇ ਨੇੜੇ ਹੈ ਡੁੱਲ੍ਹ ਰਿਹਾ ਪਾਣੀ,
ਕੁਝ ਤਾਂ ਕਰ ਲੈ ਖਿਆਲ ਪਾਣੀ ਦਾ।

ਪਾਣੀ ਪੀ ਕੇ ਬੇਹੋਸ਼, ਹੋਸ਼ ਕਰੇ,
ਇਹ ਹੈ "ਉਰਮਲ" ਕਮਾਲ ਪਾਣੀ ਦਾ।

(2)

ਕੁਦਰਤ ਦਾ ਆਦਰ ਸਨਮਾਨ ਕਰਦੇ ਨੇ।
ਰੁੱਖਾਂ ਦੀ ਜੋ ਸਾਂਭ ਸੰਭਾਲ ਕਰਦੇ ਨੇ।

ਰੁੱਖਾਂ ਨਾਲ ਸੁਖਾਵਾਂ ਵਾਤਾਵਰਨ ਬਣੇ,
ਰੁੱਖਾਂ ਬਿਨਾਂ ਇਲਾਕੇ ਜ਼ਿਆਦਾ ਤਪਦੇ ਨੇ।

ਦੂਸ਼ਿਤ ਵਾਤਾਵਰਨ ਮਨੁੱਖ ਬਣਾਉਂਦਾ ਏ,
ਰੁੱਖ ਬਚਾਓ ਪ੍ਰਦੂਸ਼ਣ ਤੋਂ ਕਰਦੇ ਨੇ।

ਪਾਲਣ ਪੋਸ਼ਣ ਕਈ ਪੰਛੀਆਂ ਦਾ ਆਪਣੀ,
ਗੋਦੀ ਵਿੱਚ ਬਿਠਾ ਕੇ ਇਹ ਰੁੱਖ ਕਰਦੇ ਨੇ।

ਛਾਵਾਂ, ਸ਼ੁੱਧ ਹਵਾਵਾਂ, ਲੱਕੜ, ਫਲ ਦੇਂਦੇ,
ਦਾਨੀ ਸੱਜਣ ਮੈਨੂੰ ਇਹ ਰੁੱਖ ਲੱਗਦੇ ਨੇ।

ਕੁਦਰਤ ਦਾ ਅਪਮਾਨ ਹੁੰਦਾ ਹੈ "ਉਰਮਲ"
ਆਰੀ ਦਾਤਰ ਜਦ ਰੁੱਖਾਂ ਤੇ ਚੱਲਦੇ ਨੇ।

---



**ਬਿਕਰਮਜੀਤ ਸਿੰਘ**
**ਕਨੇਡਾ**

ਉੱਦੋ ਕਿੱਥੇ ਸੀ ਤੂੰ ਅੱਜ ਆਇਆ
ਇਹੋ ਇੱਕ ਸਵਾਲ ਨੇ ਮੈਨੂੰ ਰੋਜ਼ ਰਵਾਇਆ

ਚੱਲ ਕੋਈ ਨਾ ਕਹਿ ਕੇ ਗੱਲ ਖਤਮ ਨਾ ਕਰੀਂ
ਜ਼ਰਾ ਸੋਚ ਕੇ ਦੇਖ ਉਹ ਸਮਾਂ ਮੈਂ ਕਿੰਝ ਹੰਢਾਇਆ

ਤੇਰੇ ਬਿਨਾਂ ਜੀਣਾ ਨਾ ਅਸਾਨ ਸੀ
ਝੂਠੇ ਦੇ ਕੇ ਦਿਲਾਸੇ ਸੀ ਮੈਂ ਦਿਲ ਸਮਝਾਇਆ

ਰੱਬ ਨੂੰ ਦੋਸ਼ ਨਾ ਦੇਵੀਂ ਕਿ ਤੈਨੂੰ ਕੋਈ ਪਿਆਰ ਨਈ ਕਰਦਾ
ਮੈਂ ਤਾਂ ਰੱਬ ਤੋਂ ਵੱਧ ਸੀ ਤੈਨੂੰ ਚਾਹਿਆ

ਹੁਣ ਮਿਲਕੇ ਹੰਝੂ ਨਾ ਪੂੰਜੀ ਮੇਰੇ
ਕਿਉਂਕਿ ਹੁਣ ਤੂੰ ਗੈਰਾਂ ਦਾ ਬਣ ਗਿਆ ਏ ਸਾਇਆ

ਕੋਸ਼ਿਸ਼ ਕੀਤੀ ਮੈਂ ਵੀ ਵਕਤ ਨਾਲ ਬਦਲਣ ਦੀ
ਮੈਨੂੰ ਤਾਂ ਇਹ ਵਕਤ ਵੀ ਕਦੇ ਬਦਲ ਨਾ ਪਾਇਆ

ਉੱਦੋਂ ਮੇਰਾ ਸੀ ਤੂੰ ਜਾਂ ਨਈ ਬੱਸ ਦੱਸਦੇ
ਹੁਣ ਤਾਂ ਮੈਨੂੰ ਪਤਾ ਹੀ ਆ ਤੂੰ ਹੈ ਪਰਾਇਆ

## ਗੀਤ

ਡਾ. ਮੁਹਿੰਦਰ ਸਿੰਘ ਰਾਏ

ਬਣਨਾ ਚਾਹਿਆ ਸੀ ਖਿਡਾਰੀ ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਖੇਡ ਪ੍ਰੇਮ ਦੀ ਨਾ ਗਈ ਖੇਡੀ, ਤੇ ਪੱਲੇ ਉਮਰਾਂ ਦੇ ਰੋਣੇ ਰਹਿ ਗਏ।
ਅਸੀਂ ਜਿਹਨਾਂ ਸੰਗ ਲਾਈਆਂ, ਉਹ ਸਨ ਸੱਤ ਪੱਤਣਾਂ ਦੇ ਤਾਰੂ।
ਸਾਡੇ ਉੱਤੇ ਤਾਂ ਪੈਂਦਾ ਸੀ, ਪਾਣੀ ਤਲਾਬਾਂ ਦਾ ਵੀ ਭਾਰੂ।
ਪਿਆਰਾਂ ਦੇ ਪਤੰਗ ਉੱਚੇ, ਸਾਡੇ ਤੋਂ ਉਡਾਉਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ, ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਨੇ ਭਰਮ ਪਾਲਦੇ ਖਿਡੌਣੇ, ਹੱਥ ਦੂਜਿਆਂ ਦੇ ਵਿੱਚ ਖੁਸ਼ੀ ਪਾਣ ਦਾ।
ਨਾ ਰੱਖਿਆ ਸੀ ਡਰ ਕਦੇ, ਦਿਲ ਆਪਣੇ ਦੇ ਟੁੱਟ ਜਾਣ ਦਾ।
ਹੋਇਆ ਕੰਡਿਆਂ ਤੇ ਵਾਸਾ, ਕਿੱਥੇ ਸੇਜਾਂ ਤੇ ਵਿਛਾਉਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ, ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਸੁਪਨੇ ਸੀ ਜੋ ਅੱਖਾਂ 'ਚ ਸਜਾਏ, ਉਹ ਨਾ ਸੱਚ ਨਿਕਲੇ।
ਜਿਹਨਾਂ ਨੂੰ ਸਮਝਿਆ ਸੀ ਹੀਰੇ, ਉਹ ਨਿਰਾ ਕੱਚ ਨਿਕਲੇ।
ਕੁੱਝ ਹੋਰ ਨਹੀਂ ਤਾਂ, ਪੱਲੇ ਯਾਦਾਂ ਦੇ ਗੀਤ ਗਾਉਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ,ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਹੱਸਦੇ ਚਿਹਰੇ ਦੇ ਪਿੱਛੇ, ਬਹੁਤੇ ਦਰਦ ਛੁਪਾਏ ਬੈਠੇ ਹਾਂ।
ਦਿਸਦੇ ਹਾਂ ਖਮੋਸ਼, ਪਰ ਅੰਦਰ ਤੁਫ਼ਾਨ ਸਮਾਏ ਬੈਠੇ ਹਾਂ।
ਲੰਮੀ ਉਮਰ ਸੀ ਹੰਢਾਉਣੀ, 'ਰਾਏ' ਹੋ ਕੇ ਚਾਰ ਦਿਨਾਂ ਦੇ ਪ੍ਰਾਹੁਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ, ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ ।
ਖੇਡ ਪ੍ਰੇਮ ਦੀ ਨਾ ਗਈ ਖੇਡੀ ਤੇ ਪੱਲੇ ਉਮਰਾਂ ਦੇ ਰੋਣੇ ਰਹਿ ਗਏ।

## ਗੀਤ

ਅਜਮੇਲ ਗਿੱਲ
ਅਮਰੀਕਾ



ਬੱਦਲਾਂ ਦੀ ਕੰਧ ਖੜੀ ਏ, ਸਾਡੇ ਵਿਚਕਾਰ ਅਜੇ
ਖਿਆਲਾਂ ਦੇ ਪੰਛੀਆਂ ਉੱਡਣਾ, ਪਰਬਤ ਤੋਂ ਪਾਰ ਅਜੇ
ਬਰਫ਼ਾਂ ਦੇ ਤੂਫ਼ਾਨਾਂ ਵਿੱਚ, ਖੰਭ ਤਾਂ ਭਿੱਜਣਗੇ
ਕੰਡਿਆਂ ਤੇ ਪੈਰ ਤੁਰੇ ਨੇ, ਹੌਲੀ-ਹੌਲੀ ਗਿੱਝਣਗੇ

ਸੂਲੀ ਤੇ ਟੰਗੇ ਜਾਂਦੇ, ਸਾਡੇ ਜਜ਼ਬਾਤ ਅਜੇ
ਪੱਥਰਾਂ 'ਚੋਂ ਰੱਬ ਭਾਲਦੇ, ਮਰ ਗਏ ਹਜ਼ਰਾਤ ਬੜੇ
ਨੇਰ੍ਹੇ ਵਿੱਚ ਦੀਪ ਗੁਆਚੇ, ਇੱਕ ਦਿਨ ਤਾਂ ਲੱਭਣਗੇ
ਕੰਡਿਆਂ ਤੇ .......।

ਅੱਖਰਾਂ ਨੂੰ ਪੱਥਰਾਂ ਥੱਲਿਓਂ, ਇੱਕ ਦਿਨ ਤਾਂ ਕੱਢਣਾ ਪਊ
ਝੂਠੇ ਦਾ ਸਾਥ ਗੋਰੀਏ, ਇੱਕ ਦਿਨ ਤਾਂ ਛੱਡਣਾ ਪਊ
ਅੱਖਾਂ ਤੇ ਬੰਨੇ ਖੋਪੇ, ਇੱਕ ਦਿਨ ਤਾਂ ਖੁੱਲ੍ਹਣਗੇ
ਕੰਡਿਆਂ ਤੇ .......।

ਫ਼ਿਕਰਾਂ ਵਿੱਚ ਫਿੱਕੇ ਪੈ ਗਏ, ਤੱਕਦਾਂ ਕਈ ਰੰਗਾਂ ਨੂੰ
ਮਾਂਵਾਂ ਦੇ ਪੁੱਤ ਮੁੜੇ ਨਾ, ਭੇਜੇ ਜੋ ਜੰਗਾਂ ਨੂੰ
ਸੁਫ਼ਨੇ ਸਰਹੱਦਾਂ ਉੱਤੇ, ਕੱਦ ਤੱਕ ਇਉਂ ਭੁੱਜਣਗੇ
ਕੰਡਿਆਂ ਤੇ ....।

ਰੂੜੀ ਤੇ ਰੂੜੀਵਾਦੀ, ਸੋਚ ਨੂੰ ਸੁੱਟਣਾ ਪਊ
ਲਾਇਆ ਭਰਮਾਂ ਦਾ ਬੂਟਾ, ਵਿਹੜੇ ਚੋਂ ਪੁੱਟਣਾ ਪਊ
ਨਹੀਂ ਤਾਂ ਧਰਮਾਂ ਦੇ ਨਾਂ ਤੇ, ਏਦਾਂ ਈ ਗਿੱਲ ਲੁੱਟਣਗੇ
ਕੰਡਿਆਂ ਤੇ .......।

---

**ਆਪਣੀ ਆਵਾਜ਼ ਦੇ ਸੱਜਰੇ ਅੰਕ ਦੀ ਕਾਪੀ
ਰਾਜ ਸਭਾ ਮੈਂਬਰ ਤੇ ਪ੍ਰਸਿੱਧ ਵਾਤਾਵਰਨ ਪ੍ਰੇਮੀ
ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੂੰ ਭੇਟ ਕਰਦਿਆਂ।
ਨਾਲ ਹਨ ਪ੍ਰਸਿੱਧ ਸ਼ਾਇਰ ਸੰਤ ਸਿੰਘ ਸੰਧੂ ਤੇ
ਮੁਖਤਾਰ ਚੰਦੀ।**

---




# ਗਹਿਨ ਕਾਵਿਕਤਾ ਦਾ ਲਿਸ਼ਕਾਰਾ : ਕੁੱਤਾ ਜੂਨ ਤੇ ਮੈਂਡੋਲਿਨ

- ਡਾ. ਰਾਮ ਮੂਰਤੀ

ਸਾਡੇ ਸਮਿਆਂ ਦੇ ਚਰਚਿਤ ਸ਼ਾਇਰ ਮੋਹਣ ਮਤਿਆਲਵੀ ਦੀ ਇਹ ਸੱਤਵੀਂ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਬੇਕਿਤਾਬੇ ਕਵੀ, ਵਰਤਮਾਨ ਦਾ ਜਨਾਜ਼ਾ, ਦਾਨਾਬਾਦ ਬਨਾਮ ਸਿੰਘੋਵਾਲ, ਕੋਈ ਨਹੀਂ ਆਏਗਾ, ਕੈਨਵਸ ਦੇ ਮੱਥੇ ਤੇ ਜੰਗਲ ਤੇ ਖਾਨਾ ਬਦੋਸ਼ੀ ਭਟਕਣਾ ਦੇ ਪੈੜ ਚਿੰਨ ਕਾਵਿ ਸੰਗ੍ਰਹਿ ਪੰਜਾਬੀ ਕਵਿਤਾ ਦੀ ਝੋਲੀ ਪਾ ਚੁੱਕਾ ਹੈ। ਕੁੱਤਾ ਜੂਨ ਤੇ ਮੈਂਡੋਲਿਨ ਉਸ ਦਾ ਹੁਣੇ ਹੁਣੇ ਛਪਿਆ ਤਾਜਾ ਤਰੀਨ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਹਿ ਦਾ ਅਨੁਵਾਨ ਕੁੱਤਾ ਜੂਨ ਤੇ ਮੈਂਡੋਲਿਨ ਪਹਿਲੀ ਨਜ਼ਰੇ ਵੇਖਣ ਵਿੱਚ ਅਜੀਬ ਜਿਹਾ ਲੱਗਦਾ ਹੈ। ਇਹ ਅਨੁਵਾਨ ਬੇਹੱਦ ਰੁੱਖਾ, ਨੀਰਸ ਤੇ ਭੱਦਾ ਜਿਹਾ ਲੱਗਦਾ ਹੈ। ਪਰ ਜੇ ਜ਼ਿੰਦਗੀ ਰੁੱਖੀ ਹੋਵੇ, ਨੀਰਸ ਹੋਵੇ, ਭੱਦੀ ਹੋਵੇ ਤੇ ਫਿਰ ਸ਼ਾਇਰ ਉਸਨੂੰ ਖੂਬਸੂਰਤ ਕਿਵੇਂ ਆਖੇ ? ਕਿਉਂਕਿ ਸ਼ਾਇਰ ਦਾ ਧਰਮ ਹੈ ਕਿ ਜਿਉਂ ਦੀ ਜ਼ਿੰਦਗੀ ਹੈ ਜਿਉਂ ਦੇ ਹਾਲਾਤ ਹਨ ਉਸ ਨੂੰ ਤਿਉਂ ਦੀ ਤਿਉਂ ਪਾਠਕਾਂ ਦੀ ਨਜ਼ਰ ਕਰੇ । ਜੋ ਸ਼ਾਇਰ ਪਾਠਕ ਨੂੰ ਭੁਲੇਖੇ ਵਿੱਚ ਰੱਖਦਾ ਹੈ ਸਬਜ਼ਬਾਗ਼ ਦਿਖਾਉਂਦਾ ਹੈ ਉਹ ਇੱਕ ਰਾਜਨੀਤੀਵਾਨ ਤਾਂ ਹੋ ਸਕਦਾ ਹੈ ਪਰ ਕਵੀ ਬਿਲਕੁਲ ਨਹੀਂ ਹੋ ਸਕਦਾ। ਮੋਹਣ ਮਤਿਆਲਵੀ ਕਿਉਂਕਿ ਇੱਕ ਜਨਮ ਜਾਤ ਕਵੀ ਹੈ, ਸਿਹਤ ਵਿਭਾਗ ਵਿੱਚ ਉਸਨੇ ਲੰਮਾ ਸਮਾਂ ਨੌਕਰੀ ਕੀਤੀ, ਸਿਹਤ ਵਿਭਾਗ ਦੀ ਬੱਸ ਦਾ ਸਟੇਰਿੰਗ ਉਹਦੇ ਹੱਥਾਂ ਵਿੱਚ ਰਿਹਾ। ਨੌਕਰੀ ਵਿੱਚੋਂ ਵੀ ਤੇ ਜ਼ਿੰਦਗੀ ਵਿੱਚੋਂ ਵੀ ਬੜੇ ਤਲਖ ਤਜਰਬੇ, ਕੌੜੀਆਂ ਹਕੀਕਤਾਂ ਉਸਦੇ ਸਨਮੁੱਖ ਹੋਈਆਂ ਜਿਨਾਂ ਦਾ ਝਲਕਾਰਾ ਉਸ ਦੀ ਸਮੁੱਚੀ ਕਾਵਿ ਯਾਤਰਾ ਵਿੱਚ ਲਿਸ਼ਕਦਾ ਵੇਖਿਆ ਜਾ ਸਕਦਾ ਹੈ। ਕਵੀ ਨੇ ਸਥਾਪਤ ਕਦਰਾਂ ਕੀਮਤਾਂ, ਰਸਮ ਰਿਵਾਜਾਂ ਇਥੋਂ ਤੱਕ ਕਿ ਸਥਾਪਿਤ ਕਾਵਿਕ ਮਿਆਰਾਂ ਨੂੰ ਵੀ ਤੋੜ ਕੇ ਅੱਗੇ ਵਧਣਾ ਹੁੰਦਾ ਹੈ। ਜਿਹੜੇ ਕਵੀ ਸਥਾਪਤ ਕਾਵਿਕ ਤੇ ਸਾਹਿਤਕ ਮਿਆਰਾਂ ਦੀ ਪੈੜ ਵਿੱਚ ਪੈੜ ਰੱਖ ਕੇ ਤੁਰਦੇ ਹਨ ਉਹ ਕਿਸੇ ਅੱਧ ਨੰਗੀ ਮਾਡਲ ਵਾਂਗ ਮੰਚ 'ਤੇ ਕੈਟਵਾਕ ਤਾਂ ਕਰ ਸਕਦੇ ਹਨ ਲੇਕਿਨ ਕੁਝ ਨਵਾਂ ਨਹੀਂ ਸਿਰਜ ਸਕਦੇ।

ਇਸ ਕਾਵਿ ਸੰਗ੍ਰਹਿ ਦੀ ਕਵਿਤਾ ਅਲੋਕਾਰੀ ਹੈ, ਵਿਕੋਲਿਤਰੀ ਹੈ । ਕਵੀ ਮੋਹਣ ਮਤਿਆਲਵੀ ਨੇ ਕਿਸੇ ਦਾ ਪਰਛਾਵਾਂ ਕਬੂਲਿਆ ਨਹੀਂ। ਉਹਦੀ ਸ਼ੈਲੀ ਵੱਖਰੀ ਹੈ। ਉਹਦਾ ਅੰਦਾਜ਼ ਵੱਖਰਾ ਹੈ। ਉਹਦੀ ਕਾਵਿਕ ਮਿਆਰਾਂ ਨੂੰ ਸਿਰਜਣ ਦੀ ਸਮਰੱਥਾ ਵੱਖਰੀ ਹੈ ਤੇ ਕਾਵਿਕਤਾ ਨੂੰ ਸਮਝਣ ਦੀ, ਪੇਸ਼ ਕਰਨ ਦੀ ਸਮਝ ਤੇ ਕਲਾ ਵੀ ਵੱਖਰੀ ਹੈ। ਉਸ ਦੀ ਕਵਿਤਾ ਨੂੰ ਪੜ੍ਹ ਕੇ



ਤੁਹਾਨੂੰ ਕਿਸੇ ਦੂਸਰੇ ਸ਼ਾਇਰ ਦਾ ਤੇ ਉਸਦੀ ਸ਼ੈਲੀ ਦਾ, ਉਸ ਦੀ ਕਾਵਿਕਤਾ ਦਾ ਖਿਆਲ ਮਾਤਰ ਵੀ ਨਹੀਂ ਆ ਸਕਦਾ। ਕਵੀ ਮੋਹਣ ਮਤਿਆਲਵੀ ਰੁੱਖ ਬਣਨ ਵਿੱਚ ਯਕੀਨ ਰੱਖਦਾ ਹੈ ਇਸੇ ਲਈ ਉਹ ਕਿਸੇ ਦਾ ਪਰਛਾਵਾਂ ਕਦੇ ਬਣਿਆ ਨਹੀਂ। ਕਿਸੇ ਦੀ ਪੈੜ ਵਿੱਚ ਪੈਰ ਰੱਖ ਕੇ ਉਹ ਕਦੇ ਤੁਰਿਆ ਨਹੀਂ । ਉਸ ਦਾ ਸਫਰ ਜ਼ਿੰਦਗੀ ਦਾ ਵੀ ਤੇ ਕਾਵਿਕਤਾਦਾ ਵੀ, ਵੱਖਰਾ ਹੈ।

ਇਹ ਕਾਵਿ ਸੰਗ੍ਰਹਿ ਜਿੱਥੇ ਕਵੀ ਮੋਹਨ ਮਤਿਆਲਵੀ ਦੀ ਜ਼ਿੰਦਗੀ ਦੇ ਤਲਖ ਤਜਰਬਿਆਂ ਨੂੰ, ਮਾਣੀਆਂ ਹੋਈਆਂ ਧੁੱਪਾਂ ਛਾਵਾਂ ਨੂੰ ਕਾਵਿਕਤਾ ਦੇ ਰੰਗ ਵਿੱਚ ਭਿਓ ਕੇ ਪੇਸ਼ ਕਰਦਾ ਹੈ ਉਥੇ ਨਾਲ ਦੀ ਨਾਲ ਸ਼ਾਇਰ ਦੀ ਉਸ ਸਮਰੱਥਾ ਦਾ ਜ਼ਾਮਨ ਵੀ ਬਣਦਾ ਹੈ ਜਿਹੜਾ ਲਫਜ਼ਾਂ ਨਾਲ ਖੇਡ ਕੇ ਉਹਨਾਂ ਨੂੰ ਖਿੱਦੋ ਵਾਂਗ ਭੁੜਕਾ ਸਕਦਾ ਹੈ ਤੇ ਨਵੀਆਂ ਉਚਾਈਆਂ ਤੇ ਨਵੀਆਂ ਗਹਿਰਾਈਆਂ ਸਿਰਜ ਸਕਦਾ ਹੈ । ਇਹ ਕਵੀ ਮੋਹਣ ਮਤਿਆਲਵੀ ਦੀ ਹੀ ਸਮਰੱਥਾ ਹੈ। ਇਹ ਸ਼ਾਇਰ ਦੀ ਹੀ ਤਾਕਤ ਹੈ ਕਿ ਉਹ ਕੁੱਤਾ ਜੂਨ ਹੰਢਾਉਂਦਾ ਹੋਇਆ ਵੀ ਮੈਂਡੋਲਿਨ ਵਜਾ ਸਕਦਾ ਹੈ। ਜਦੋਂ ਮੈਂ ਇਹ ਕਵਿਤਾ ਪੜ੍ਹੀ ਤਾਂ ਮੇਰੇ ਖਿਆਲ ਵਿੱਚ ਇੱਕ ਗੱਲ ਆਈ ਕਿ ਜਿਹੜੇ ਲੋਕ ਸਮਝਦੇ ਹਨ ਕਿ ਉਹ ਬੰਦਿਆਂ ਵਾਲੀ ਜ਼ਿੰਦਗੀ ਜਿਉ ਰਹੇ ਹਨ ਪਰ ਮੈਂਡੋਲਿਨ ਅਰਥਾਤ ਸੁਹਜ ਸੰਗੀਤ ਦਾ ਉਹਨਾਂ ਦੇ ਜੀਵਨ ਵਿੱਚ ਪ੍ਰਵੇਸ਼ ਨਹੀਂ ਤਾਂ ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਕੁੱਤਿਆਂ ਨਾਲੋਂ ਵੀ ਭੈੜੀ ਤੇ ਗੰਦੀ ਜੂਨ ਜਿਉ ਰਹੇ ਹਨ। ਇਹ ਕਵੀ ਦੀ ਹੀ ਸਮਰੱਥਾ ਹੈ ਕਿ ਉਹ ਕੁੱਤਿਆਂ ਵਰਗੀ ਜੂਨ ਹੰਡਾਉਂਦਾ ਹੋਇਆ ਵੀ ਮੈਂਡੋਲਿਨ ਵਜਾ ਸਕਦਾ ਹੈ, ਜ਼ਿੰਦਗੀ ਨੂੰ ਮਾਣ ਸਕਦਾ ਹੈ, ਸੰਗੀਤ ਅਤੇ ਸੁਹਜ ਉਹਦੀਆਂ ਰਗਾਂ ਵਿੱਚ ਦੌੜ ਸਕਦਾ ਹੈ। ਤੇ ਐਸੀ ਤਰਜ਼ੇ ਜ਼ਿੰਦਗੀ, ਕਵੀ ਦੇ ਐਸੇ ਲਾਈਫ ਸਟਾਈਲ ਨੂੰ ਪੇਸ਼ ਕਰ ਜਾਣਾ ਮੋਹਣ ਮਤਿਆਲਵੀ ਦੇ ਹਿੱਸੇ ਹੀ ਆਇਆ ਹੈ।

ਇਹ ਕਾਵਿ ਪਰੰਪਰਿਕ ਜ਼ਿੰਦਗੀ ਦਾ ਭੰਜਨ ਹੈ। ਇਹ ਕਾਵਿ ਭਾਸ਼ਾ ਦੇ ਮੁਹਾਵਰੇ ਦਾ, ਪ੍ਰਚਲਤ ਮੁਹਾਵਰੇ ਦਾ ਭੰਜਨ ਹੈ ਤੇ ਪ੍ਰਚਲਿਤ ਮੁਹਾਵਰੇ ਨੂੰ ਤੋੜ ਕੇ ਨਵੀਆਂ ਕਾਵਿ ਤਰੰਗਾਂ ਤੇ ਨਵੇਂ ਕਾਵਿਕ ਰੰਗ ਪੈਦਾ ਕਰਨ ਵਾਲਾ ਇੱਕ ਨਵੀਨ ਤੇ ਸਫਲ ਤਜਰਬਾ ਹੈ। ਬੰਦੇ ਦਾ ਪਰਛਾਵਾਂ ਜੋ ਅਕਸਰ ਉਸਦੇ ਪੈਰਾਂ ਵਿੱਚ ਹੁੰਦਾ ਹੈ, ਹਮੇਸ਼ਾ ਜ਼ਮੀਨ ਤੇ ਹੁੰਦਾ ਹੈ ਲੇਕਿਨ ਕਵੀ ਮੋਹਣ ਮਤਿਆਲਵੀ ਦਾ ਪਰਛਾਵਾਂ ਉਸਦੇ ਸਿਰ ਤੇ ਵੀ ਉੱਡ ਸਕਦਾ ਹੈ ਉਸਦੇ ਸਿਰ ਤੇ ਵੀ ਝੂਮ ਸਕਦਾ ਹੈ। ਉਸ ਦਾ ਕਾਵਿਕ ਕਮਾਲ ਹੈ। ਕਵੀ ਲਿਖਦਾ ਹੈ:

ਪਹਿਲੀ ਰਾਤ ਨੂੰ ਦੂਜੇ ਦਿਨ ਦੀ
ਰਾਤ ਦੀ ਕਾਲੀ ਬੁੱਕਲ ਦੇ ਵਿੱਚ
ਤਪਦੇ ਸਿਖਰ ਦੁਪਹਿਰ ਸਿਵੇ ਵਿੱਚ
ਲਟ ਲਟ ਬਲਦਾ ਦੇਖ ਰਿਹਾ ਹਾਂ
ਮੋਹ ਦੀ ਹੂਕ ਨੂੰ ਧੂਏ ਦੇ ਵਿੱਚ
ਰਲ ਕੇ ਮਿਲਦਾ ਦੇਖ ਰਿਹਾ ਹਾਂ
ਆਪਣੇ ਪਰਛਾਵੇ ਨੂੰ ਆਪਣੇ
ਸਿਰ ਤੇ ਤੁਰਦਾ ਦੇਖ ਰਿਹਾ ਹਾਂ !

ਐਸਾ ਕਾਵਿਕ ਕਮਾਲ ਸਿਰਜਿਆ ਜਾਣਾ ਬਹੁਤ ਘੱਟ ਕਵੀਆਂ ਦੇ ਹਿੱਸੇ ਆਇਆ ਹੈ। ਜੀਵਨ ਸਾਥੀ ਦਾ ਤੁਰ ਜਾਣਾ ਬੰਦੇ ਦੀ ਜ਼ਿੰਦਗੀ ਵਿੱਚ ਇੱਕ ਵੱਡਾ ਆਘਾਤ ਹੋਇਆ ਕਰਦਾ ਹੈ ਜਿਸ ਨੂੰ ਮੋਹਣ ਮਤਿਆਲਵੀ ਨੇ ਵੀ ਆਪਣੇ ਸੀਨੇ ਤੇ ਝੱਲਿਆ ਹੈ। ਜਦੋਂ ਜੀਵਨ ਸਾਥੀ ਜੋ ਸਾਰੀ ਉਮਰ ਪਰਛਾਵਾਂ ਬਣ ਕੇ ਨਾਲ ਰਿਹਾ ਹੋਵੇ, ਬਲਦੀ ਚਿਖਾ ਦੇ ਵਿੱਚ ਉਹੀ ਜੀਵਨ ਸਾਥੀ ਧੂਆਂ ਬਣ ਕੇ ਸਿਰ ਤੋਂ ਉੱਡ ਜਾਵੇ ਐਸੀ ਕਲਾਤਮਕ ਪੇਸ਼ਕਾਰੀ, ਸੁਹਜਾਤਮਕ ਦੁਖੰਤਕ ਪੇਸ਼ਕਾਰੀ ਕਰ ਜਾਣਾ ਕਵੀ ਮੋਹਣ ਮਤਿਆਲਵੀ ਦੀ ਵੱਡੀ ਪ੍ਰਾਪਤੀ ਹੈ ਤੇ ਇਹ ਕਵਿਤਾ ਦੀਆਂ ਨਵੀਆਂ ਸਮਰੱਥਾਵਾਂ ਨੂੰ ਭਾਸ਼ਾ ਅਤੇ ਲਫਜ਼ਾਂ ਦੀਆਂ ਨਵੀਆਂ ਤਾਕਤਾਂ ਤੇ ਸ਼ਕਤੀਆਂ ਨੂੰ ਜਗਾਉਣਾ ਵੀ ਉਸ ਦਾ ਹੀ ਕਮਾਲ ਹੈ।

ਭਾਸ਼ਾ ਦੇ ਪ੍ਰਚਲਿਤ ਮੁਹਾਵਰੇ ਨੂੰ ਤੋੜ ਕੇ ਉਸਨੂੰ ਨਵੇਂ ਅਰਥ ਪ੍ਰਦਾਨ ਕਰਨਾ ਵੀ ਸ਼ਾਇਦ ਦਾ ਹੀ ਕਮਾਲ ਹੈ। ਇਹ ਠੀਕ ਹੈ ਕਿ ਜ਼ਿੰਦਗੀ ਨਜ਼ਦੀਕੀ ਰਿਸ਼ਤਿਆਂ, ਸਹਾਰਿਆਂ ਦੀ ਅਣਹੋਂਦ ਵਿੱਚ ਨੀਰਸ ਰੁੱਖੀ ਤੇ ਉਜਾੜ ਹੋ ਸਕਦੀ ਹੈ। ਬੰਦਾ ਅਜਿਹੇ ਰਿਸ਼ਤਿਆਂ ਦੀ ਅਣਹੋਂਦ ਵਿੱਚ ਘੋਰ ਉਦਾਸੀ ਦੇ ਆਲਮ ਵਿੱਚ ਵੀ ਘਿਰ ਸਕਦਾ ਹੈ ਪਰ ਉਹ ਸ਼ਾਇਰ ਕੀ ਹੋਇਆ ਜਿਸ ਨੇ ਵਿਛੜਿਆਂ ਹਿਜਰਾਂ ਦੇ ਦੁੱਖਾਂ ਨੂੰ ਚੱਲ ਰਹੇ ਮਨੁੱਖ ਨੂੰ ਜ਼ਿੰਦਗੀ ਨੂੰ ਜਿਊਂਣ ਦਾ ਕੋਈ ਨਵਾਂ ਮਸ਼ਵਰਾ ਨਾ ਦਿੱਤਾ, ਕੋਈ ਉਮੀਦ ਤੇ ਆਸ ਦੀ ਕਿਰਨ ਨਾ ਵਿਖਾਈ। ਕਵੀ ਇੱਥੇ ਜ਼ਿੰਦਗੀ ਦਾ ਰਹਿਨੁਮਾ ਬਣ ਕੇ ਪਾਠਕ ਨੂੰ ਜ਼ਿੰਦਗੀ ਨੂੰ ਜਿਉਣ ਦਾ ਇੱਕ ਮਸ਼ਵਰਾ ਵੀ ਦੇ ਜਾਂਦਾ ਹੈ। ਕਵੀ ਆਖਦਾ ਹੈ :

ਸਮਿਆਂ ਦੇ ਸੁਕਿਆਂ ਖੂਹਾਂ ਵਿੱਚ
ਹਾਲਾਤਾਂ ਦੇ ਖੰਡਰਾਂ ਬੰਜਰਾਂ ਵਿੱਚ
ਉਜੜੇ ਸਾਕ ਸਬੰਧ ਥੇਹਾਂ ਵਿੱਚ
ਦਿਲ ਨੂੰ ਕਦੇ ਨਾ ਡੁੱਬਣ ਦਈਏ
ਚੜ੍ਹਦੀ ਨਾ ਸਹੀ
ਐ ਪਰ ਕਲਾ ਦੇ ਵਿੱਚ ਤਾਂ ਰੱਖੀਏ!

ਚੜ੍ਹਦੀ ਕਲਾ ਦੇ ਕਨਸੈਪਟ ਨੂੰ ਮੁਹਾਵਰੇ ਨੂੰ ਤੋੜ ਕੇ ਇਸ ਤਰ੍ਹਾਂ ਉਹ ਕਵਿਤਾ ਵਿੱਚ ਨਵੇਂ ਰੰਗ ਭਰ ਜਾਂਦਾ ਹੈ ਅਜਿਹਾ ਵਰਤਾਰਾ ਇਸ ਸੰਗ੍ਰਹਿ ਦੀਆਂ ਹੋਰ ਕਵਿਤਾਵਾਂ ਵਿੱਚ ਵੀ ਵੇਖਿਆ ਜਾ ਸਕਦਾ ਹੈ।

ਕਵੀ ਵਾਸਤੇ ਸਿਰਜਕ ਹੋਣਾ ਲਾਜ਼ਮੀ ਹੈ। ਜਿਹੜਾ ਕਵੀ ਸਿਰਜਕ ਨਹੀਂ ਬਣ ਸਕਦਾ ਉਸ ਨੂੰ ਕਵਿਤਾ ਲਿਖਣੀ ਛੱਡ ਦੇਣੀ ਚਾਹੀਦੀ ਹੈ। ਸਿਰਜਕ ਦਾ ਧਰਮ ਹੁੰਦਾ ਹੈ ਕਿ ਉਹ ਕੁਝ ਨਵਾਂ ਤੇ ਨਵੇਕਲਾ ਸਿਰਜੇ ਭਾਸ਼ਾ ਨੂੰ ਸੱਭਿਆਚਾਰ ਨੂੰ ਸੰਸਾਰ ਨੂੰ ਵਿਚਾਰ ਨੂੰ ਉਹ ਕੁਝ ਨਵਾਂ ਦੇ ਜਾਵੇ। ਜਿਸ ਉੱਪਰ ਉਸ ਦੀ ਮੋਹਰ ਛਾਪ ਬਹੁਤ ਗਹਿਰੀ ਕਰਕੇ ਲੱਗੀ ਹੋਈ ਹੋਵੇ। ਸਾਡਾ ਕਵੀ ਮੋਹਨ ਮਤਿਆਲਵੀ ਸਿਰਜਕ ਦੀ ਪਰਿਭਾਸ਼ਾ ਤੇ ਪੂਰਾ ਉਤਰਦਾ ਹੈ। ਸ਼ਬਦ ਦੀ ਮਹਿਮਾ ਵੀ ਕਰਦਾ ਹੈ ਤੇ ਨਵੇਂ ਸ਼ਬਦਾਂ ਦਾ ਸਿਰਜਣ ਵੀ ਕਰਦਾ ਹੈ। ਬੋਗਸਤੰਤਰ, ਹਮਰੁਤਵਾਈਆ, ਜੈਬਰਨਾਥ, ਜਲ ਤੋਰੀਪਣ, ਕੋਡਾ ਯੋਗ, ਕੋਟ ਬਾਣੀ, ਹੈਪੀਸੋਡ, ਪਿਉ ਨਾਮਾ, ਫੁਕਰਵਾਦ ਧੰਨਵਾਦ ਕਲਾ ਆਦਿ ਅਨੇਕਾਂ ਸ਼ਬਦ ਤੇ ਸ਼ਬਦ ਜੁੱਟ ਉਸਨੇ ਅਜਿਹੇ ਘੜੇ ਹਨ ਜਿਹੜੇ ਪਹਿਲਾਂ ਕਦੇ ਵੇਖੇ ਸੁਣੇ ਜਾਂ ਪੜੇ ਨਹੀਂ ਗਏ ਇਹਨਾਂ ਨਵੇਂ ਸ਼ਬਦਾਂ ਨੂੰ ਸਿਰਜ ਕੇ ਉਹਨਾਂ ਨੂੰ ਪਰਿਭਾਸ਼ਿਤ ਕਰਨ ਦੀ ਜਿੰਮੇਵਾਰੀ ਤੋਂ ਵੀ ਉਹ ਪਿੱਛੇ ਨਹੀਂ ਹਟਦਾ।

ਜੀਵਨ ਦੀਆਂ ਕੁਝ ਅਜਿਹੀਆਂ ਆਦਿ ਜੁਗਾਦੀ ਸੱਚਾਈਆਂ ਹਨ ਜਿਨਾਂ ਤੋਂ ਕੋਈ ਵੀ ਬੰਦਾ ਮੂੰਹ ਨਹੀਂ ਮੋੜ ਸਕਦਾ। ਉਹ ਭਾਵੇਂ ਇੱਕ ਆਮ ਇਨਸਾਨ ਹੋਵੇ, ਖਾਸ ਹੋਵੇ, ਕਵੀ ਹੋਵੇ, ਅਕਵੀ ਹੋਵੇ ਉਸਨੂੰ ਉਹਨਾਂ ਕਠੋਰ ਸੱਚਾਈਆਂ ਵਿੱਚਦੀ ਹੋ ਕੇ ਹੀ ਜੀਵਨ ਜਿਉਣਾ ਪੈਂਦਾ ਹੈ । ਇਹ ਕਠੋਰ ਆਦਿ ਜੁਗਾਦੀ ਸੱਚਾਈਆ ਨੂੰ ਕਵੀ ਮੋਹਣ ਮਤਿਆਲ ਵੀ ਨੇ ਆਪਣੇ ਕਾਵਿ ਰੰਗ ਵਿੱਚ ਭਿਉਂ ਕੇ ਪੇਸ਼ ਕੀਤਾ ਹੈ। ਇਹ ਜੀਵਨ ਦੀ ਇੱਕ ਸੱਚਾਈ ਹੈ ਕਿ ਜਿੰਨੀ ਦੇਰ ਤੱਕ ਕੋਈ ਵਸਤ, ਵਰਤਾਰਾ ਜਾਂ ਰਿਸ਼ਤਾ ਜਾਂ ਰਿਸ਼ਤੇਦਾਰ ਪ੍ਰਾਪਤ ਰਹਿੰਦਾ ਹੈ, ਕੋਲ ਰਹਿੰਦਾ ਹੈ ਮਨੁੱਖ ਉਸਦੀ ਕਦਰ ਨਹੀਂ ਕਰਦਾ ਜਾਂ ਉਨੀ ਕਦਰ ਨਹੀਂ ਕਰਦਾ ਜਿੰਨੀ ਦਾ ਉਹ ਹੱਕਦਾਰ ਹੁੰਦਾ ਹੈ। ਲੇਕਿਨ ਜਦੋਂ ਉਹ ਹੱਥੋਂ ਖਿਸਕ ਜਾਂਦਾ ਹੈ ਦੁਬਾਰਾ ਉਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੁੰਦਾ। ਜਦੋਂ ਉਹ ਸਰੀਰ ਵਿੱਚ ਨਹੀਂ ਰਹਿੰਦਾ ਉਦੋਂ ਉਸ ਰਿਸ਼ਤੇ ਦਾ ਮਹੱਤਵ ਮਹਿਸੂਸ ਕਰਕੇ ਉਸਦੀ ਲੋੜ ਨੂੰ ਜਿੰਦਗੀ ਵਿੱਚ ਮਹਿਸੂਸ ਕਰਕੇ ਮਨੁੱਖ ਕੋਲ ਰੋਣ ਪਛਤਾਉਣ ਤੇ ਹੱਥ ਮਲਣ ਤੋਂ ਇਲਾਵਾ ਹੋਰ ਕੁਝ ਨਹੀਂ ਬਚਦਾ। 'ਕੀੜੀ ਕਹੇ ਨਰਾਇਣ ਕੋ' ਇਸ ਸੰਗ੍ਰਹਿ ਦੀ ਇੱਕ ਕਵਿਤਾ ਜੀਵਨ ਦੀ ਇਸੇ ਸੱਚਾਈ ਨੂੰ ਭਲੀਭਾਂਤ ਬਿਆਨ ਕਰ ਜਾਂਦੀ ਹੈ। ਹੱਥੋਂ ਖਿਸਕ ਗਏ ਆਪਣੇ ਪਿਆਰੇ ਨੂੰ ਕਵੀ ਆਪਣਾ ਸੁਨੇਹਾ ਭੇਜਣ ਤੋਂ ਵੀ ਹੁਣ ਆਤਰ ਹੋ ਗਿਆ ਹੈ। ਉਸ ਦੀ ਤੜਫਣੀ, ਹੇਠ ਲਿਖੇ ਕਾਵਿ ਬੰਦ ਤੋਂ ਭਲੀਭਾਂਤ ਉਜਾਗਰ ਹੁੰਦੀ ਵੇਖੀ ਜਾ ਸਕਦੀ ਹੈ। ਕਵੀ ਆਖਦਾ ਹੈ :

ਉਸਨੂੰ ਕਹੋ
ਕਿੱਥੇ ਹੈ ਉਹ ਸੋਹਣਾ ਸੁਨੱਖਾ
ਪਿਆਰ ਅਤੇ ਇਕਰਾਰ ਮੇਰਾ
ਚਾਂਦੀ ਦੇ ਵਰਕ ਜਿਹਾ
ਸੋਨੇ ਦੀ ਚਮਕ ਜਿਹਾ
ਹੀਰੇ ਦੀ ਲਿਸ਼ਕ ਜਿਹਾ
ਅਸਲੋਂ ਹੀ ਨਿਰਾ ਹੀਰਾ
ਉਸਨੂੰ ਕਹੋ ਕਿ ਆ ਕੇ ਦੇਖੇ
ਧੋਤਾ ਮੁਖ ਆਪਣਾ ਤਰੇਲ ਜਿਵੇਂ
ਪੋਹ ਦੀ ਕੋਈ ਨਵੀਂ ਨਕੋਰ ਸਵੇਰ ਜਿਵੇਂ
ਅਤੇ ਕਣਕ ਸਰੋਂ ਦੇ ਖੇਤਾਂ ਵਿੱਚ ਖਿੜਾ ਕੇ
ਤਰ ਰਹੀ ਮੇਰੇ ਗੀਤਾਂ ਵਿੱਚ ਨਿੰਮਲ ਦੁਪਹਿਰੀ

ਕਹੋ ਕਿ ਪੀੜ ਦੇ ਸਾਰੇ ਹੀ ਰੰਗ
ਮੈਂ ਪੀੜ ਕੇ ਫੋਕ ਬਣਾ ਦਿੱਤੇ
ਤੇ ਦਿਲ ਦੇ ਕੜਾਹੇ ਵਿੱਚ ਕੱੜ੍ਹਦੀ
ਗੁੜ ਦੀ ਖੁਸ਼ੀ ਤੇ ਖੁਸ਼ਬੋਈ
ਉਹਦੇ ਰਾਹਾਂ ਵਿੱਚ ਚੁੰਗੀਆਂ ਭਰਦੀ!

ਪਰ ਹੁਣ ਬਹੁਤ ਦੇਰ ਹੋ ਚੁੱਕੀ ਹੈ। ਸ਼ਾਇਰ ਦਾ ਸੁਨੇਹਾ ਉਹਦੇ ਤੱਕ ਕੋਈ ਸੂਖਮ ਬਲਾਵਾਂ ਤਾਂ ਭਾਵੇਂ ਲੈ ਜਾਣ ਵਰਨਾ ਇਹ

ਸੁਨੇਹਾ ਪੁੱਜ ਜਾਵੇ ਅਜਿਹਾ ਅਸੰਭਵ ਹੀ ਪ੍ਰਤੀਤ ਹੁੰਦਾ ਹੈ। ਕਵੀ ਇਸ ਕਵਿਤਾ ਰਾਹੀਂ ਇੱਕ ਸੂਖਮ ਸੁਨੇਹਾ ਦੇ ਜਾਂਦਾ ਹੈ ਕਿ ਜੋ ਜਦੋਂ ਵੀ ਪ੍ਰਾਪਤ ਹੈ ਉਸ ਨੂੰ ਰੱਜ ਕੇ ਮਾਣ ਲੈਣਾ ਚਾਹੀਦਾ ਹੈ, ਹੰਢਾ ਲੈਣਾ ਚਾਹੀਦਾ ਹੈ। ਕਰੀਬੀ ਰਿਸ਼ਤਿਆਂ ਦੀ ਕਦਰ ਤੇ ਪਿਆਰ ਕਰ ਲੈਣਾ ਚਾਹੀਦਾ ਹੈ ਵਰਨਾਂ ਪਛਤਾਉਣ ਤੋਂ ਹੋਰ ਕੁਝ ਬਾਕੀ ਪੱਲੇ ਨਹੀਂ ਰਹਿ ਜਾਂਦਾ। ਇਸ ਤਰਾਂ ਕਵੀ ਪਾਠਕ ਨੂੰ ਜ਼ਿੰਦਗੀ ਦੇ ਜਿਉਣ ਸਲੀਕੇ ਬਾਰੇ ਵੀ ਕੁਛ ਅੰਤਰ ਦ੍ਰਿਸ਼ਟੀਆਂ ਜਰੂਰ ਦੇ ਜਾਂਦਾ ਹੈ।

ਉਹ ਕਵਿਤਾ ਹੀ ਕੀ ਜਿਸ ਨੂੰ ਪੜ੍ਹ ਕੇ ਪਾਠਕ ਦੇ ਅੰਦਰੋਂ ਹੌਕਾ ਨਾ ਨਿਕਲੇ। ਅਸਲ ਦੇ ਵਿੱਚ ਕਵਿਤਾ ਹੁੰਦੀ ਹੀ ਮਨੁੱਖ ਦੇ ਹਉਕਿਆਂ ਹਾਵਿਆਂ ਦਾ ਅਨੁਵਾਦ ਹੈ। 'ਤਿੰਨ ਪੰਜ' ਕਵਿਤਾ ਪੜ੍ਹ ਕੇ ਜੇ ਤੁਹਾਡੇ ਅੰਦਰੋਂ ਹਉਕਾ ਨਾ ਨਿਕਲੇ ਤਾਂ ਤੁਹਾਨੂੰ ਮਨੁੱਖ ਹੋਣ ਦਾ ਕੋਈ ਅਧਿਕਾਰ ਨਹੀਂ। ਔਰਤ ਹੋਵੇ ਜਾਂ ਮਰਦ ਜਦੋਂ ਉਹ ਵਿਆਹ ਬਾਹਰੇ ਸਬੰਧ ਇੱਕ ਜਾਂ ਦੋ ਤੋਂ ਵਧੇਰੇ ਲੋਕਾਂ ਨਾਲ ਬਣਾਉਂਦਾ ਹੈ ਤਾਂ ਦਰਅਸਲ ਉਹ ਆਪਣੇ ਹਮਸਾਇਆ ਵਿੱਚ ਰਹਿ ਗਈਆਂ ਕਮੀਆਂ ਤਰੁਟੀਆਂ ਦੀ ਪੂਰਤੀ ਕਰਨ ਦੇ ਰਾਹ ਤੁਰਿਆ ਹੁੰਦਾ ਹੈ। ਇਸ ਕਵਿਤਾ ਦੀ ਪਾਤਰ ਵੀ ਇਸੇ ਰਾਹ ਦੀ ਪਾਂਧੀ ਹੈ ਤੇ ਕਵੀ ਇਸ ਸ਼ਸ਼ੋਪੰਜ ਵਿੱਚ ਹੈ ਕਿ ਉਸਨੇ ਕਰਵਾ ਚੌਥ ਦਾ ਵਰਤ ਆਪਣੇ ਕਿਸ ਸਾਥੀ ਵਾਸਤੇ ਰੱਖਿਆ ਹੋਏਗਾ। ਕਵਿਤਾ ਦਾ ਅਖੀਰਲਾ ਬੰਦ ਕਾਵਿਕਤਾ ਦੀ ਸਿਖਰ ਹੋ ਨਿਬੜਦਾ ਹੈ :

ਕਦੇ ਕਦੇ ਹੀ ਆ ਜਾਂਦੀ ਹੈ
ਬੁੱਢੀ ਹੋ ਰਹੀ ਕਬਰ ਸਰਾਣੇ
ਜੋਬਨ ਦੀਪ ਜਗਾ ਜਾਂਦੀ ਹੈ

**ਦ੍ਰਿਸ਼ ਚਿਤਰਨ ਤੇ ਕਾਵਿਕਤਾ :** ਮੋਹਨ ਮਤਿਆਲਵੀ ਦੀ ਕਵਿਕਤਾ ਉਸ ਦੀ ਦ੍ਰਿਸ਼ ਚਿਤਰਣ ਦੀ ਸਮਰੱਥਾ ਵਿੱਚੋਂ ਉਜਾਗਰ ਹੁੰਦੀ ਹੈ। ਉਹ ਅਜਿਹੇ ਸਜੀਵ ਤੇ ਸੱਜਰੇ ਦ੍ਰਿਸ਼ ਚਿਤਰਦਾ ਹੈ ਕਿ ਉਹਨਾਂ ਦ੍ਰਿਸ਼ਾਂ ਵਿੱਚੋਂ ਹੀ ਉਸਦਾ ਸੁਨੇਹਾ, ਜੀਵਨ ਦੀ ਕਰੂਪਤਾ-ਸਰੂਪਤਾ, ਖੁਸ਼ੀ-ਗਮੀ, ਪਾਠਕ ਦੇ ਸਾਹਮਣੇ ਸਾਕਾਰ ਰੂਪ ਵਿੱਚ ਪ੍ਰਗਟ ਹੋ ਜਾਂਦੀ ਹੈ। ਪ੍ਰਤੀਕਾਂ ਵਿੱਚੋਂ ਤੇ ਬਿੰਬਾਬਲੀ ਵਿੱਚੋਂ ਉਸ ਦਾ ਸੁਨੇਹਾ ਜਾਂ ਕਹਿ ਲਓ ਉਸਦੇ ਕਥ ਵਿੱਚੋਂ ਉਸ ਦਾ ਵਥ ਡਲਕਾਂ ਮਾਰਦਾ ਦਿਖਾਈ ਦਿੰਦਾ ਹੈ। ਕਾਵਿਕ ਦ੍ਰਿਸ਼ ਚਿਤਰਣ ਦੀਆਂ ਕੁਝ ਮਿਸਾਲਾਂ ਉਸ ਦੀ ਕਵਿਤਾ ਵਿੱਚੋਂ ਪੇਸ਼ ਹਨ :

ਹਜ਼ਾਰਾਂ ਹੀ ਨਹੀਂ ਬਲਕਿ
ਲੱਖਾਂ ਕਰੋੜਾਂ ਲੋਕ ਹਨ
ਮੈਥੋਂ ਵੀ ਵੱਧ ਡਰੇ ਹੋਏ
ਜਿਉਂਦੇ ਪਰ ਮਰੇ ਹੋਏ
ਗੁੱਸੇ ਦੀ ਅੱਗ ਦੀ ਇੰਤਹਾ ਵਿੱਚ
ਇੰਤਕਾਮ ਦਾ ਸਿਖਰ ਬਣੇ ਹੋਏ
ਫਿਰ ਵੀ ਇਦਾਂ ਕਿਉਂ ਲੱਗਦੇ ਹਨ
ਮਰੀਆਂ ਪਈਆਂ ਮੱਛੀਆਂ ਜਿਵੇਂ
ਜਾਂ ਜਿਵੇਂ ਬਰਫ ਚ ਲੱਗੀਆਂ ਪਈਆਂ ਮੋਮ ਬੱਤੀਆਂ।

**ਇੱਕ ਹੋਰ ਮਿਸਾਲ ਵੇਖਣਾ :**

ਕਾਸ਼ ਕਿ ਮੈਂ ਕੋਈ
ਐਸੀ ਕਵਿਤਾ ਲਿਖ ਸਕਦਾ
ਤੇਰੀ ਮਾਂਗ ਦਾ ਜੋ ਸੰਧੂਰ ਬਣੇ
ਜ਼ਿੰਦਗੀ ਦਾ ਸੱਚ ਭਰਪੂਰ ਬਣੇ
ਮੱਥੇ ਲਈ ਬਿੰਦੀ ਤੋਂ ਵਿਸਥਾਰ
ਨੀਲੇ ਅੰਬਰ ਜਿਹੀ ਸੋਚ ਨਿਖਾਰ
ਅੱਖ ਲਈ ਬਣੇ ਜੋ ਸੰਦਲੀ ਖਾਬ !

ਦੁਆ-ਗੋ ਹਾਂ ਕਿ ਸਾਡਾ ਇਹ ਪਿਆਰਾ ਸ਼ਾਇਰ ਐਸੀ ਕਵਿਤਾ ਲਿਖਣ ਵਿੱਚ ਕਾਮਯਾਬ ਹੋ ਜਾਵੇ ਜੋ ਉਸਦੇ ਮਹਿਬੂਬ ਦੀ ਮਾਂਗ ਦਾ ਸਿੰਧੂਰ ਬਣਨ ਦੇ ਕਾਬਲ ਹੋਵੇ। ਲੇਕਿਨ ਜੇ ਉਸਦੇ ਪਿਛਲੇ ਕਾਵਿਕ ਸਫਰ ਨੂੰ ਵੇਖੀਏ ਤਾਂ ਉਸਦੀ ਕਵਿਤਾ ਨੇ ਪਾਠਕ ਦੇ ਦਿਲ ਤੱਕ ਪਹੁੰਚਣ ਜੋਗਾ ਸਫਰ ਜਰੂਰ ਕਰ ਲਿਆ ਹੈ। ਇਸ ਕਾਵਿ ਸੰਗ੍ਰਹਿ ਵਿੱਚੋਂ ਉਭਰਦਾ ਮੋਹਣ ਮਤਿਆਲਵੀ ਹੁਣ ਉਹ ਕਵੀ ਨਹੀਂ ਰਿਹਾ ਜਿਸ ਦੀ ਕਵਿਤਾ ਉੱਪਰ ਇਹ ਇਲਜ਼ਾਮ ਲੱਗਦਾ ਸੀ ਕਿ ਇਹ ਸੰਚਾਰ ਵਿਹੂਣੀ ਹੈ, ਸੁਰ ਤਾਲ ਤੋਂ ਉਖੜੀ ਹੋਈ ਕਵਿਤਾ ਹੈ, ਪੇਚੀਦਾ ਹੈ, ਆਮ ਪਾਠਕ ਦੇ ਘੇਰੇ ਦੀ ਵਸਤ ਨਹੀਂ ਹੈ। ਕੁੱਤਾ ਜੂਨ ਤੇ ਮੈਂਡੋਲਨ ਕਾਵਿ ਸੰਗ੍ਰਹਿ ਵਿੱਚ ਉਸਨੇ ਇਹ ਸਾਰੇ ਉਲਾਮੇ ਲਾਹ ਦਿੱਤੇ ਹਨ। ਹੁਣ ਉਸ ਦੀ ਕਵਿਤਾ ਵਿੱਚ ਲੈ ਬੱਧਤਾ ਵੀ ਹੈ, ਸੁਰ ਵੀ ਹੈ, ਸੰਗੀਤ ਵੀ ਹੈ ਤੇ ਸੰਚਾਰ ਵੀ ਹੈ। ਆਸ ਕਰਦਾ ਹਾਂ ਕਿ ਭਵਿੱਖ ਵਿੱਚ ਇਸ ਤੋਂ ਵੀ ਬਿਹਤਰ ਕਾਵਿ ਰਚਨਾਵਾਂ ਉਹ ਮਾਂ ਕਵਿਤਾ ਦੀ ਝੋਲੀ ਵਿੱਚ ਜਰੂਰ ਪਾਵੇਗਾ।

ਮੱਧ ਪੂਰਬ ਵਿੱਚ ਵਧਦਾ ਜੰਗੀ ਸੰਕਟ-ਈਰਾਨ ਦਾ ਵੱਡਾ ਐਲਾਨ: ਟਰੰਪ ਨੂੰ ਖੁੱਲ੍ਹ ਕੇ ਧਮਕੀ ਦਿੰਦਾ ਹੈ ਕਿ ਉਹ ਉਸਨੂੰ ਇਕੱਲਾ ਨਾ ਛੱਡੇ !

ਇਜ਼ਰਾਈਲ ਦਾ ਬਿਆਨ: ਨਵੇਂ ਈਰਾਨੀ ਸੁਪਰੀਮ ਲੀਡਰ ਦੀ ਚੋਣ ਵਿੱਚ ਸ਼ਾਮਲ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ-ਇੱਕ ਵਿਆਪਕ ਵਿਸ਼ਲੇਸ਼ਣ

# ਵਿਸ਼ਵ ਭਾਈਚਾਰੇ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ-ਸਾਰੀਆਂ ਧਿਰਾਂ ਨੂੰ ਯੁੱਧ ਦਾ ਰਸਤਾ ਛੱਡਣ ਅਤੇ ਸ਼ਾਂਤੀ ਅਤੇ ਕੂਟਨੀਤੀ ਦਾ ਰਸਤਾ ਅਪਣਾਉਣ ਲਈ ਪ੍ਰੇਰਿਤ ਕਰਨਾ



-ਵਕੀਲ
ਕਿਸ਼ਨ ਸੰਮੁਖਦਾਸ ਭਵਾਨੀ,
ਗੋਂਡੀਆ, ਮਹਾਰਾਸ਼ਟਰ

**ਈਰਾਨ-ਅਮਰੀਕਾ-ਇਜ਼ਰਾਈਲ ਟਕਰਾਅ ਅਤੇ ਸੰਭਾਵੀ ਵਿਸ਼ਵਵਿਆਪੀ ਨਤੀਜੇ - ਕੀ ਵਧਦਾ ਟਕਰਾਅ ਦੁਨੀਆ ਨੂੰ ਇੱਕ ਅਜਿਹੇ ਮੋੜ 'ਤੇ ਲੈ ਜਾ ਸਕਦਾ ਹੈ ਜਿੱਥੋਂ ਵਾਪਸ ਆਉਣਾ ਮੁਸ਼ਕਲ ਹੋਵੇਗਾ?**

**ਗੋਂਡੀਆ**-ਵਿਸ਼ਵ ਪੱਧਰ 'ਤੇ, ਮੱਧ ਪੂਰਬ ਇੱਕ ਵਾਰ ਫਿਰ ਇੱਕ ਇਤਿਹਾਸਕ ਮੋੜ 'ਤੇ ਜਾਪਦਾ ਹੈ ਜਿੱਥੇ ਖੇਤਰੀ ਟਕਰਾਅ ਇੱਕ ਵਿਸ਼ਵਵਿਆਪੀ ਸੰਕਟ ਵਿੱਚ ਬਦਲ ਸਕਦਾ ਹੈ। ਹਾਲੀਆ ਘਟਨਾਵਾਂ, ਜਿਸ ਵਿੱਚ ਈਰਾਨ, ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵਧਦਾ ਫੌਜੀ ਟਕਰਾਅ ਸ਼ਾਮਲ ਹੈ, ਨੇ ਨਾ ਸਿਰਫ਼ ਪੱਛਮੀ ਏਸ਼ੀਆ ਦੀ ਸਗੋਂ ਪੂਰੀ ਦੁਨੀਆ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਗੰਭੀਰਤਾ ਨਾਲ ਚੁਣੌਤੀ ਦਿੱਤੀ ਹੈ। ਖਾਸ ਤੌਰ 'ਤੇ, ਈਰਾਨ ਦੇ ਸੁਪਰੀਮ ਲੀਡਰ ਖਮੇਨੀ ਦੀ ਮੌਤ ਤੋਂ ਬਾਅਦ ਉਭਰੀ ਬਦਲੇ ਦੀ ਰਾਜਨੀਤੀ ਅਤੇ ਤਿੱਖੀ ਫੌਜੀ ਬਿਆਨਬਾਜ਼ੀ ਨੇ ਸਥਿਤੀ ਨੂੰ ਹੋਰ ਵੀ ਵਿਸਫੋਟਕ ਬਣਾ ਦਿੱਤਾ ਹੈ। ਖਮੇਨੀ ਦੀ ਮੌਤ ਤੋਂ ਬਾਅਦ ਈਰਾਨ ਵਿੱਚ ਬਦਲੇ ਦੀ ਭਾਵਨਾ ਕਾਫ਼ੀ ਤੇਜ਼ ਹੋ ਗਈ ਹੈ। ਈਰਾਨ ਦੇ ਸੁਰੱਖਿਆ ਅਦਾਰੇ ਦੇ ਅੰਦਰ ਨੇਤਾਵਾਂ ਅਤੇ ਸਾਬਕਾ ਕਮਾਂਡਰਾਂ ਨੇ ਖੁੱਲ੍ਹ ਕੇ ਐਲਾਨ ਕੀਤਾ ਹੈ ਕਿ ਇਸ ਘਟਨਾ ਦਾ ਬਦਲਾ ਲਿਆ ਜਾਵੇਗਾ। ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਦੇ ਸਾਬਕਾ ਕਮਾਂਡਰਾਂ ਨੇ, ਖਾਸ ਕਰਕੇ, ਸਿੱਧੇ ਤੌਰ 'ਤੇ ਅਮਰੀਕੀ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਇਆ ਹੈ, ਇਹ ਕਹਿੰਦੇ ਹੋਏ ਕਿ ਈਰਾਨ ਆਪਣੇ ਨੇਤਾ ਦੇ ਖੂਨ ਦਾ ਬਦਲਾ ਲਵੇਗਾ। ਖਮੇਨੀ ਦੀ ਮੌਤ ਤੋਂ ਬਾਅਦ ਇਜ਼ਰਾਈਲ ਦਾ ਬਿਆਨ ਕਿ ਨਵੇਂ ਸੁਪਰੀਮ ਲੀਡਰ ਦੀ ਚੋਣ ਵਿੱਚ ਸ਼ਾਮਲ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਦਰਸਾਉਂਦਾ ਹੈ ਕਿ ਇਜ਼ਰਾਈਲ ਇਸ ਟਕਰਾਅ ਨੂੰ ਸਿਰਫ਼ ਫੌਜੀ ਕਾਰਵਾਈ ਵਜੋਂ ਨਹੀਂ ਸਗੋਂ ਰਾਜਨੀਤਿਕ ਢਾਂਚੇ ਨੂੰ ਪ੍ਰਭਾਵਿਤ ਕਰਨ ਦੀ ਰਣਨੀਤੀ ਵਜੋਂ ਦੇਖਦਾ ਹੈ। ਟਰੰਪ ਨੇ ਈਰਾਨ ਦੀਆਂ ਚੇਤਾਵਨੀਆਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਇਹ ਧਮਕੀਆਂ ਉਸ ਨੂੰ ਪ੍ਰਭਾਵਿਤ ਨਹੀਂ ਕਰਦੀਆਂ। ਉਸਨੇ ਇਹ ਵੀ ਕਿਹਾ ਕਿ ਈਰਾਨ ਪਹਿਲਾਂ ਹੀ ਇਹ ਜੰਗ ਹਾਰ ਚੁੱਕਾ ਹੈ ਅਤੇ ਅਮਰੀਕੀ ਫੌਜੀ ਕਾਰਵਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਤਹਿਰਾਨ ਬਿਨਾਂ ਸ਼ਰਤ ਆਤਮ ਸਮਰਪਣ ਨਹੀਂ ਕਰ ਦਿੰਦਾ। ਮੈਂ, ਵਕੀਲ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਜੇਕਰ ਇਸ ਟਕਰਾਅ ਨੂੰ ਸਮੇਂ ਸਿਰ ਕੂਟਨੀਤਕ ਤਰੀਕਿਆਂ ਨਾਲ ਕੰਟਰੋਲ ਨਹੀਂ ਕੀਤਾ ਜਾਂਦਾ, ਤਾਂ ਇਹ ਇੱਕ ਖੇਤਰੀ ਯੁੱਧ ਤੱਕ ਸੀਮਤ ਨਹੀਂ ਰਹੇਗਾ ਬਲਕਿ ਵਿਸ਼ਵਵਿਆਪੀ ਅਸਥਿਰਤਾ ਵੱਲ ਲੈ ਜਾ ਸਕਦਾ ਹੈ। ਇਸ ਪੂਰੇ ਟਕਰਾਅ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਈਰਾਨ ਦਾ ਪ੍ਰਮਾਣੂ



ਪ੍ਰੋਗਰਾਮ ਲੰਬੇ ਸਮੇਂ ਤੋਂ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਚਿੰਤਾ ਦਾ ਵਿਸ਼ਾ ਰਿਹਾ ਹੈ। ਇਜ਼ਰਾਈਲ ਕੋਲ ਪਹਿਲਾਂ ਹੀ ਪ੍ਰਮਾਣੂ ਹਥਿਆਰ ਹੋਣ ਦਾ ਵੀ ਵਿਸ਼ਵਾਸ ਹੈ, ਹਾਲਾਂਕਿ ਇਸਨੇ ਕਦੇ ਵੀ ਅਧਿਕਾਰਤ ਤੌਰ 'ਤੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ। ਜੇਕਰ ਇਹ ਟਕਰਾਅ ਇੱਕ ਪੂਰੇ ਪੈਮਾਨੇ ਦੀ ਜੰਗ ਵਿੱਚ ਬਦਲ ਜਾਂਦਾ ਹੈ ਅਤੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਸਦੇ ਨਤੀਜੇ ਮੱਧ ਪੂਰਬ ਤੱਕ ਸੀਮਤ ਨਹੀਂ ਹੋਣਗੇ ਬਲਕਿ ਪੂਰੀ ਦੁਨੀਆ ਲਈ ਗੰਭੀਰ ਪ੍ਰਭਾਵ ਪਾ ਸਕਦੇ ਹਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਤਿਹਾਸ ਵਿੱਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕੀਤੀ ਗਈ ਹੈ। ਹਾਲਾਂਕਿ, ਮੌਜੂਦਾ ਹਾਲਾਤਾਂ ਵਿੱਚ, ਜੇਕਰ ਕੋਈ ਖੇਤਰੀ ਯੁੱਧ ਕਾਬੂ ਤੋਂ ਬਾਹਰ ਹੋ ਜਾਂਦਾ ਹੈ, ਤਾਂ ਇਸ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ।

ਦੋਸਤੋ, ਜੇਕਰ ਅਸੀਂ ਖਮੇਨੀ ਦੀ ਮੌਤ ਅਤੇ ਬਦਲਦੀ ਸ਼ਕਤੀ ਗਤੀਸ਼ੀਲਤਾ ਨੂੰ ਸਮਝਣਾ ਹੈ, ਤਾਂ ਈਰਾਨ ਦੇ ਸੁਪਰੀਮ ਲੀਡਰ ਦੀ ਮੌਤ ਨੂੰ ਹਾਲ ਹੀ ਦੀਆਂ ਘਟਨਾਵਾਂ ਵਿੱਚ ਸਭ ਤੋਂ ਮਹੱਤਵਪੂਰਨ ਝਟਕਾ ਮੰਨਿਆ ਜਾ ਰਿਹਾ ਹੈ। ਖਮੇਨੀ ਈਰਾਨ ਦੀ ਰਾਜਨੀਤੀ, ਧਾਰਮਿਕ ਲੀਡਰਸ਼ਿਪ ਅਤੇ ਫੌਜੀ ਰਣਨੀਤੀ ਦੇ ਕੇਂਦਰ ਵਿੱਚ ਸਨ। ਉਨ੍ਹਾਂ ਦੀ ਮੌਤ ਨਾ ਸਿਰਫ਼ ਇੱਕ ਨੇਤਾ ਦੀ ਮੌਤ ਨੂੰ ਦਰਸਾਉਂਦੀ ਹੈ ਬਲਕਿ ਈਰਾਨ ਦੇ ਰਾਜਨੀਤਿਕ ਢਾਂਚੇ ਵਿੱਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਵੀ ਦਿੰਦੀ ਹੈ। ਖਮੇਨੀ ਦੀ ਮੌਤ ਤੋਂ ਬਾਅਦ ਈਰਾਨ ਦੇ ਅੰਦਰ ਸ਼ਕਤੀ ਢਾਂਚੇ ਦੀ ਸਥਿਰਤਾ ਨੂੰ ਬਣਾਈ ਰੱਖਣਾ ਇੱਕ ਵੱਡੀ ਚੁਣੌਤੀ ਬਣ ਗਈ ਹੈ। ਈਰਾਨ ਦੇ ਸੰਵਿਧਾਨ ਵਿੱਚ ਸੁਪਰੀਮ ਲੀਡਰ ਦੀ ਚੋਣ ਦੀ ਪ੍ਰਕਿਰਿਆ ਸਪੱਸ਼ਟ ਤੌਰ 'ਤੇ ਨਿਰਧਾਰਤ ਕੀਤੀ ਗਈ ਹੈ, ਜਿਸ ਦੇ ਤਹਿਤ 88 ਮੈਂਬਰੀ ਮਾਹਰ ਕੌਂਸਲ ਨਵੇਂ ਨੇਤਾ ਦੀ ਚੋਣ ਕਰਦੀ ਹੈ। ਇਹ ਕੌਂਸਲ ਧਾਰਮਿਕ ਵਿਦਵਾਨਾਂ ਅਤੇ ਸੀਨੀਅਰ ਰਾਜਨੀਤਿਕ ਨੇਤਾਵਾਂ ਤੋਂ ਬਣੀ ਹੈ। ਕੌਂਸਲ ਦਾ ਫੈਸਲਾ ਨਾ ਸਿਰਫ਼ ਧਾਰਮਿਕ ਦ੍ਰਿਸ਼ਟੀਕੋਣ ਤੋਂ ਸਗੋਂ ਰਾਜਨੀਤਿਕ ਅਤੇ ਫੌਜੀ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਹੈ। ਖਮੇਨੀ ਦੀ ਮੌਤ ਤੋਂ ਬਾਅਦ, ਇਸ ਕੌਂਸਲ ਨੇ ਨਵੇਂ ਸੁਪਰੀਮ ਲੀਡਰ ਦੀ ਚੋਣ ਦੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਹੈ। ਹਾਲਾਂਕਿ, ਇਜ਼ਰਾਈਲ ਨੇ ਚੇਤਾਵਨੀ ਦਿੱਤੀ ਹੈ ਕਿ ਜੋ ਵੀ ਈਰਾਨ ਦੇ ਨਵੇਂ ਸੁਪਰੀਮ ਲੀਡਰ ਵਜੋਂ ਉਭਰਦਾ ਹੈ ਜਾਂ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਂਦਾ ਹੈ, ਉਸਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਸ ਬਿਆਨ ਨੂੰ ਖੇਤਰੀ ਤਣਾਅ ਨੂੰ ਹੋਰ ਭੜਕਾਉਣ ਵਾਲਾ ਮੰਨਿਆ ਜਾ ਰਿਹਾ ਹੈ।

ਦੋਸਤੋ, ਜੇਕਰ ਅਸੀਂ ਈਰਾਨ ਦੀ ਚੇਤਾਵਨੀ, ਟਰੰਪ ਦੀ ਪ੍ਰਤੀਕਿਰਿਆ ਅਤੇ ਅਮਰੀਕੀ ਰਣਨੀਤੀ 'ਤੇ ਵਿਚਾਰ ਕਰੀਏ, ਤਾਂ ਦੋਸਤੋ ਇਸ ਸੰਦਰਭ ਵਿੱਚ, ਇੱਕ ਪ੍ਰਮੁੱਖ ਈਰਾਨੀ ਨੇਤਾ ਨੇ ਸਿੱਧੇ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਚੇਤਾਵਨੀ ਦਿੱਤੀ ਕਿ ਉਸਨੂੰ ਆਪਣੇ ਕੰਮਾਂ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਸਨੇ ਇਹ ਵੀ ਕਿਹਾ ਕਿ ਈਰਾਨ ਕਦੇ ਵੀ ਟਰੰਪ ਨੂੰ ਇਕੱਲਾ ਨਹੀਂ ਛੱਡੇਗਾ ਅਤੇ ਉਸਦੇ ਵਿਰੁੱਧ ਕਾਰਵਾਈ ਕਰਦਾ ਰਹੇਗਾ। ਇਸ ਬਿਆਨ ਨੂੰ ਸਿਰਫ਼ ਇੱਕ ਨਿੱਜੀ ਖ਼ਤਰਾ ਨਹੀਂ ਮੰਨਿਆ ਜਾ ਰਿਹਾ ਹੈ, ਸਗੋਂ ਇੱਕ ਵਿਆਪਕ ਰਣਨੀਤਕ ਸੰਕੇਤ ਮੰਨਿਆ ਜਾ ਰਿਹਾ ਹੈ ਕਿ ਈਰਾਨ ਇਸ ਟਕਰਾਅ ਨੂੰ ਬਦਲੇ ਦੀ ਇੱਕ ਲੰਬੇ ਸਮੇਂ ਦੀ ਕਿਸਮ ਵਜੋਂ ਦੇਖਦਾ ਹੈ। ਈਰਾਨ ਦੇ ਅੰਦਰ, ਇਹ ਧਾਰਨਾ ਵਧ ਰਹੀ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਸਾਂਝੇ ਤੌਰ 'ਤੇ ਇਸਦੇ ਸਰਵਉੱਚ ਨੇਤਾ ਨੂੰ ਨਿਸ਼ਾਨਾ ਬਣਾਇਆ ਹੈ। ਇਸ ਨਾਲ ਜਨਤਾ ਅਤੇ ਫੌਜੀ ਲੀਡਰਸ਼ਿਪ ਵਿੱਚ ਬਦਲੇ ਦੀ ਭਾਵਨਾ ਹੋਰ ਤੇਜ਼ ਹੋ ਗਈ ਹੈ।ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਨ੍ਹਾਂ ਧਮਕੀਆਂ ਦਾ ਸਖ਼ਤ ਜਵਾਬ ਦਿੱਤਾ ਹੈ, ਅਤੇ ਇਹ ਬਿਆਨ ਅਮਰੀਕੀ ਰਣਨੀਤੀ ਨੂੰ ਸਪੱਸ਼ਟ ਕਰਦਾ ਹੈ। ਅਮਰੀਕਾ ਨੇ ਲੰਬੇ ਸਮੇਂ ਤੋਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਖੇਤਰੀ ਪ੍ਰਭਾਵ ਨੂੰ ਸੀਮਤ ਕਰਨ ਦੀ ਨੀਤੀ ਅਪਣਾਈ ਹੈ। ਅਮਰੀਕੀ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਜੇਕਰ ਈਰਾਨ ਨੂੰ ਹੁਣ ਨਾ ਰੋਕਿਆ ਗਿਆ, ਤਾਂ ਇਹ ਮੱਧ ਪੂਰਬ ਵਿੱਚ ਆਪਣੀ ਫੌਜੀ ਅਤੇ ਰਾਜਨੀਤਿਕ ਸ਼ਕਤੀ ਨੂੰ ਇਸ ਹੱਦ ਤੱਕ ਮਜ਼ਬੂਤ ??ਕਰ ਸਕਦਾ ਹੈ ਕਿ ਭਵਿੱਖ ਵਿੱਚ ਇਸਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਜਾਵੇਗਾ। ਇਸੇ ਕਾਰਨ ਕਰਕੇ, ਅਮਰੀਕਾ ਨੇ ਇਜ਼ਰਾਈਲ ਨਾਲ ਮਿਲ ਕੇ ਕਈ ਫੌਜੀ ਕਾਰਵਾਈਆਂ ਕੀਤੀਆਂ ਹਨ, ਜਿਨ੍ਹਾਂ ਦਾ ਉਦੇਸ਼ ਈਰਾਨ ਦੀਆਂ ਫੌਜੀ ਸਮਰੱਥਾਵਾਂ ਅਤੇ ਇਸਦੇ ਪ੍ਰਮਾਣੂ ਪ੍ਰੋਗਰਾਮ ਨੂੰ ਕਮਜ਼ੋਰ ਕਰਨਾ ਹੈ।

ਦੋਸਤੋ, ਜੇਕਰ ਅਸੀਂ ਇਸਲਾਮੀ ਦੁਨੀਆ ਅਤੇ ਵਿਸ਼ਵਵਿਆਪੀ ਪ੍ਰਤੀਕਿਰਿਆ 'ਤੇ ਵਿਚਾਰ ਕਰੀਏ, ਤਾਂ ਈਰਾਨ ਵਿਰੁੱਧ ਹਮਲਿਆਂ ਅਤੇ ਖਮੇਨੀ ਦੀ ਮੌਤ ਨੇ ਕਈ ਇਸਲਾਮੀ ਦੇਸ਼ਾਂ ਵਿੱਚ ਸਖ਼ਤ ਪ੍ਰਤੀਕਿਰਿਆਵਾਂ ਪੈਦਾ ਕੀਤੀਆਂ ਹਨ। ਕਈ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ, ਅਤੇ ਅਮਰੀਕਾ ਅਤੇ ਇਜ਼ਰਾਈਲ ਵਿਰੁੱਧ ਨਾਰਾਜ਼ਗੀ ਵਧ ਰਹੀ ਹੈ। ਜੇਕਰ ਇਹ ਵਿਰੋਧ ਇੱਕ ਵਿਆਪਕ ਰਾਜਨੀਤਿਕ ਅੰਦੋਲਨ ਵਿੱਚ ਬਦਲ ਜਾਂਦਾ ਹੈ, ਤਾਂ ਇਹ ਕਈ ਦੇਸ਼ਾਂ ਦੀ ਅੰਦਰੂਨੀ ਰਾਜਨੀਤੀ ਨੂੰ ਪ੍ਰਭਾਵਤ ਕਰ ਸਕਦਾ ਹੈ। ਇਹ ਵਿਸ਼ਵ ਪੱਧਰ 'ਤੇ ਅਮਰੀਕਾ ਅਤੇ ਇਸਦੇ ਸਹਿਯੋਗੀਆਂ ਵਿਰੁੱਧ ਨਾਰਾਜ਼ਗੀ ਨੂੰ ਵੀ

ਵਧਾ ਸਕਦਾ ਹੈ ਕੂਟਨੀਤੀ ਦੀ ਲੋੜ: ਇਨ੍ਹਾਂ ਹਾਲਾਤਾਂ ਵਿੱਚ, ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਇਸ ਯੁੱਧ ਨੂੰ ਰੋਕਿਆ ਜਾ ਸਕਦਾ ਹੈ। ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਵੀ ਟਕਰਾਅ ਆਪਣੇ ਸਿਖਰ 'ਤੇ ਪਹੁੰਚਦਾ ਹੈ, ਤਾਂ ਕੂਟਨੀਤਕ ਯਤਨ ਹੀ ਸਥਾਈ ਹੱਲ ਦਾ ਇੱਕੋ ਇੱਕ ਰਸਤਾ ਹਨ। ਜੇਕਰ ਸੰਯੁਕਤ ਰਾਸ਼ਟਰ, ਯੂਰਪੀਅਨ ਯੂਨੀਅਨ, ਰੂਸ, ਚੀਨ ਅਤੇ ਹੋਰ ਵੱਡੀਆਂ ਸ਼ਕਤੀਆਂ ਸਰਗਰਮ ਕੂਟਨੀਤਕ ਪਹਿਲਕਦਮੀਆਂ ਕਰਦੀਆਂ ਹਨ, ਤਾਂ ਇਸ ਟਕਰਾਅ ਨੂੰ ਕੰਟਰੋਲ ਕਰਨਾ ਸੰਭਵ ਹੈ। ਜੰਗ ਦੀਆਂ ਅੱਗਾਂ ਨੂੰ ਬੁਝਾਉਣ ਲਈ ਗੱਲਬਾਤ, ਵਿਚੋਲਗੀ ਅਤੇ ਅੰਤਰਰਾਸ਼ਟਰੀ ਦਬਾਅ ਵਰਗੇ ਉਪਾਅ ਜ਼ਰੂਰੀ ਹਨ।

ਦੋਸਤੋ, ਜੇਕਰ ਅਸੀਂ ਮੱਧ ਪੂਰਬ ਵਿੱਚ ਵਧਦੀ ਫੌਜੀ ਗਤੀਵਿਧੀ 'ਤੇ ਵਿਚਾਰ ਕਰੀਏ, ਤਾਂ ਤਹਿਰਾਨ ਦੇ ਨੇੜੇ ਤੇਲ ਉਤਪਾਦਨ ਅਤੇ ਪ੍ਰੋਸੈਸਿੰਗ ਸਹੂਲਤਾਂ 'ਤੇ ਹਾਲ ਹੀ ਵਿੱਚ ਹੋਏ ਮਿਜ਼ਾਈਲ ਹਮਲੇ ਇਸ ਟਕਰਾਅ ਦੇ ਫੌਜੀ ਪਹਿਲੂ ਨੂੰ ਹੋਰ ਵੀ ਉਜਾਗਰ ਕਰਦੇ ਹਨ। ਇਨ੍ਹਾਂ ਹਮਲਿਆਂ ਨੇ ਈਰਾਨ ਦੇ ਊਰਜਾ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਹੈ, ਜੋ ਕਿ ਇਸਦੀ ਆਰਥਿਕਤਾ ਲਈ ਮਹੱਤਵਪੂਰਨ ਹੈ। ਊਰਜਾ ਸਥਾਪਨਾਵਾਂ 'ਤੇ ਹਮਲੇ ਨਾ ਸਿਰਫ ਇੱਕ ਫੌਜੀ ਰਣਨੀਤੀ ਹੈ, ਸਗੋਂ ਆਰਥਿਕ ਦਬਾਅ ਪਾਉਣ ਦੀ ਕੋਸ਼ਿਸ਼ ਵੀ ਹੈ। ਜੇਕਰ ਈਰਾਨ ਦੀ ਊਰਜਾ ਉਤਪਾਦਨ ਸਮਰੱਥਾ ਪ੍ਰਭਾਵਿਤ ਹੁੰਦੀ ਹੈ, ਤਾਂ ਇਸਦੀ ਆਰਥਿਕਤਾ ਕਮਜ਼ੋਰ ਹੋ ਜਾਵੇਗੀ ਅਤੇ ਯੁੱਧ ਜਾਰੀ ਰੱਖਣ ਦੀ ਇਸਦੀ ਸਮਰੱਥਾ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ। ਹਾਲਾਂਕਿ, ਅਜਿਹੇ ਹਮਲੇ ਵਿਸ਼ਵ ਊਰਜਾ ਬਾਜ਼ਾਰਾਂ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ, ਕਿਉਂਕਿ ਮੱਧ ਪੂਰਬ ਦੁਨੀਆ ਦੇ ਸਭ ਤੋਂ ਵੱਡੇ ਤੇਲ ਉਤਪਾਦਕ ਖੇਤਰਾਂ ਵਿੱਚੋਂ ਇੱਕ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਲੰਬੇ ਸਮੇਂ ਤੋਂ ਕਿਹਾ ਹੈ ਕਿ ਈਰਾਨ ਇਜ਼ਰਾਈਲ ਦੇ ਵਜੂਦ ਲਈ ਸਭ ਤੋਂ ਵੱਡਾ ਖ਼ਤਰਾ ਹੈ। ਇਜ਼ਰਾਈਲ ਦਾ ਦੋਸ਼ ਹੈ ਕਿ ਈਰਾਨ ਖੇਤਰ ਵਿੱਚ ਕਈ ਹਥਿਆਰਬੰਦ ਸਮੂਹਾਂ ਦਾ ਸਮਰਥਨ ਕਰਦਾ ਹੈ, ਜਿਸ ਵਿੱਚ ਲੇਬਨਾਨ ਵਿੱਚ ਹਿਜ਼ਬੁੱਲਾ ਅਤੇ ਗਾਜ਼ਾ ਵਿੱਚ ਕਈ ਸੰਗਠਨ ਸ਼ਾਮਲ ਹਨ। ਇਜ਼ਰਾਈਲ ਦਾ ਮੰਨਣਾ ਹੈ ਕਿ ਜੇਕਰ ਈਰਾਨ ਪ੍ਰਮਾਣੂ ਹਥਿਆਰ ਵਿਕਸਤ ਕਰਨ ਵਿੱਚ ਸਫਲ ਹੋ ਜਾਂਦਾ ਹੈ, ਤਾਂ ਇਹ ਪੂਰੇ ਖੇਤਰ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਦੇਵੇਗਾ। ਇਸ ਕਾਰਨ ਕਰਕੇ, ਇਜ਼ਰਾਈਲ ਨੇ ਵਾਰ-ਵਾਰ ਈਰਾਨੀ ਫੌਜੀ ਠਿਕਾਣਿਆਂ ਅਤੇ ਪ੍ਰਮਾਣੂ ਸਹੂਲਤਾਂ ਨੂੰ ਨਿਸ਼ਾਨਾ ਬਣਾਉਣ ਦੀ ਚੇਤਾਵਨੀ ਦਿੱਤੀ ਹੈ।

ਦੋਸਤੋ, ਜੇਕਰ ਅਸੀਂ ਭਾਰਤ ਸਮੇਤ ਦੁਨੀਆ 'ਤੇ ਸੰਭਾਵੀ ਪ੍ਰਭਾਵ 'ਤੇ ਵਿਚਾਰ ਕਰੀਏ, ਜੇਕਰ ਇਹ ਟਕਰਾਅ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ, ਤਾਂ ਇਸਦਾ ਪ੍ਰਭਾਵ ਮੱਧ ਪੂਰਬ ਤੱਕ ਸੀਮਤ ਨਹੀਂ ਰਹੇਗਾ। ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ, ਵਿਸ਼ਵ ਵਪਾਰ ਵਿੱਚ ਵਿਘਨ ਅਤੇ ਸੁਰੱਖਿਆ ਸੰਕਟ ਵਰਗੇ ਨਤੀਜੇ ਸਾਹਮਣੇ ਆ ਸਕਦੇ ਹਨ। ਇਹ ਭਾਰਤ ਵਰਗੇ ਦੇਸ਼ਾਂ ਲਈ ਖਾਸ ਤੌਰ 'ਤੇ ਚਿੰਤਾਜਨਕ ਹੋਵੇਗਾ, ਕਿਉਂਕਿ ਭਾਰਤ ਆਪਣੀਆਂ ਊਰਜਾ ਜ਼ਰੂਰਤਾਂ ਦਾ ਇੱਕ ਮਹੱਤਵਪੂਰਨ ਹਿੱਸਾ ਮੱਧ ਪੂਰਬ ਤੋਂ ਆਯਾਤ ਕਰਦਾ ਹੈ। ਇਸ ਤੋਂ ਇਲਾਵਾ, ਲੱਖਾਂ ਭਾਰਤੀ ਇਸ ਖੇਤਰ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਦੀ ਸੁਰੱਖਿਆ ਇੱਕ ਮਹੱਤਵਪੂਰਨ ਮੁੱਦਾ ਬਣ ਸਕਦੀ ਹੈ। ਮੱਧ ਪੂਰਬ ਲੰਬੇ ਸਮੇਂ ਤੋਂ ਭੂ-ਰਾਜਨੀਤਿਕ ਮੁਕਾਬਲੇ ਅਤੇ ਵਿਚਾਰਧਾਰਕ ਟਕਰਾਅ ਦਾ ਕੇਂਦਰ ਰਿਹਾ ਹੈ। ਇਸ ਖੇਤਰ ਵਿੱਚ ਊਰਜਾ ਸਰੋਤਾਂ ਦੀ ਭਰਪੂਰਤਾ, ਧਾਰਮਿਕ ਅਤੇ ਸੱਭਿਆਚਾਰਕ ਵਿਭਿੰਨਤਾ, ਅਤੇ ਵਿਸ਼ਵ ਸ਼ਕਤੀਆਂ ਦੇ ਰਣਨੀਤਕ ਹਿੱਤਾਂ ਨੇ ਇਸਨੂੰ ਟਕਰਾਅ ਦਾ ਇੱਕ ਨਿਰੰਤਰ ਯੁੱਧ ਦਾ ਮੈਦਾਨ ਬਣਾ ਦਿੱਤਾ ਹੈ। ਈਰਾਨ ਅਤੇ ਇਜ਼ਰਾਈਲ ਵਿਚਕਾਰ ਦਹਾਕਿਆਂ ਤੋਂ ਚੱਲੀ ਆ ਰਹੀ ਦੁਸ਼ਮਣੀ ਇਸ ਟਕਰਾਅ ਵਿੱਚ ਇੱਕ ਪ੍ਰਮੁੱਖ ਕਾਰਕ ਹੈ। ਈਰਾਨ ਆਪਣੇ ਆਪ ਨੂੰ ਇਸਲਾਮੀ ਇਨਕਲਾਬ ਦਾ ਪ੍ਰਤੀਨਿਧੀ ਮੰਨਦਾ ਹੈ ਅਤੇ ਪੱਛਮੀ ਪ੍ਰਭਾਵ ਦਾ ਵਿਰੋਧ ਕਰਦਾ ਹੈ, ਜਦੋਂ ਕਿ ਇਜ਼ਰਾਈਲ, ਆਪਣੀ ਹੋਂਦ ਅਤੇ ਸੁਰੱਖਿਆ ਨੂੰ ਸਭ ਤੋਂ ਉੱਪਰ ਮੰਨਦੇ ਹੋਏ, ਕਿਸੇ ਵੀ ਸੰਭਾਵੀ ਖਤਰੇ ਨੂੰ ਖਤਮ ਕਰਨ ਦੀ ਨੀਤੀ ਅਪਣਾਉਂਦਾ ਰਿਹਾ ਹੈ। ਇਸ ਸਮੀਕਰਨ ਵਿੱਚ ਸੰਯੁਕਤ ਰਾਜ ਅਮਰੀਕਾ ਦਾ ਪ੍ਰਵੇਸ਼ ਇਸ ਪੂਰੇ ਸੰਕਟ ਨੂੰ ਹੋਰ ਵੀ ਗੁੰਝਲਦਾਰ ਬਣਾਉਂਦਾ ਹੈ। ਅਮਰੀਕਾ ਲੰਬੇ ਸਮੇਂ ਤੋਂ ਇਜ਼ਰਾਈਲ ਦਾ ਰਣਨੀਤਕ ਸਹਿਯੋਗੀ ਰਿਹਾ ਹੈ ਅਤੇ ਮੱਧ ਪੂਰਬ ਵਿੱਚ ਇਸਦੀ ਬਹੁਤ ਪ੍ਰਭਾਵਸ਼ਾਲੀ ਫੌਜੀ ਅਤੇ ਰਾਜਨੀਤਿਕ ਮੌਜੂਦਗੀ ਹੈ। ਨਤੀਜੇ ਵਜੋਂ, ਜਦੋਂ ਵੀ ਈਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਧਦਾ ਹੈ, ਤਾਂ ਅਮਰੀਕਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹੋ ਜਾਂਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੀ ਕਹਾਣੀ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਮੱਧ ਪੂਰਬ ਵਿੱਚ ਉਭਰ ਰਿਹਾ ਟਕਰਾਅ ਸਿਰਫ਼ ਤਿੰਨ ਦੇਸ਼ਾਂ ਵਿਚਕਾਰ ਲੜਾਈ ਨਹੀਂ ਹੈ, ਸਗੋਂ ਵਿਸ਼ਵ ਸ਼ਕਤੀ ਰਾਜਨੀਤੀ ਦਾ ਪ੍ਰਤੀਬਿੰਬ ਹੈ। ਈਰਾਨ, ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਵਧਦਾ ਟਕਰਾਅ ਦੁਨੀਆ ਨੂੰ ਇੱਕ ਅਜਿਹੇ ਮੋੜ 'ਤੇ ਧੱਕ ਸਕਦਾ ਹੈ ਜਿੱਥੋਂ ਵਾਪਸ ਆਉਣਾ ਮੁਸ਼ਕਲ ਹੋਵੇਗਾ। ਖਮੇਨੀ

ਦੀ ਮੌਤ, ਈਰਾਨ ਦੀ ਬਦਲੇ ਦੀ ਧਮਕੀ, ਟਰੰਪ ਦੀ ਸਖ਼ਤ ਪ੍ਰਤੀਕਿਰਿਆ, ਅਤੇ ਇਜ਼ਰਾਈਲ ਦੀ ਹਮਲਾਵਰ ਰਣਨੀਤੀ – ਇਹ ਸਾਰੀਆਂ ਘਟਨਾਵਾਂ ਇੱਕ ਸੰਕਟ ਪੈਦਾ ਕਰ ਰਹੀਆਂ ਹਨ ਜੋ ਪੂਰੀ ਦੁਨੀਆ ਵਿੱਚ ਗੂੰਜ ਰਿਹਾ ਹੈ। ਇਸ ਸਮੇਂ, ਵਿਸ਼ਵ ਭਾਈਚਾਰੇ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸਾਰੀਆਂ ਧਿਰਾਂ ਨੂੰ ਯੁੱਧ ਦਾ ਰਸਤਾ ਛੱਡਣ ਅਤੇ ਸ਼ਾਂਤੀ ਅਤੇ ਕੂਟਨੀਤੀ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਹੈ, ਤਾਂ ਇਤਿਹਾਸ ਇੱਕ ਵਾਰ ਫਿਰ ਮਨੁੱਖਤਾ ਨੂੰ ਯਾਦ ਦਿਵਾ ਸਕਦਾ ਹੈ ਕਿ ਜਦੋਂ ਯੁੱਧ ਦੀ ਅੱਗ ਭੜਕਦੀ ਹੈ, ਤਾਂ ਇਹ ਕੋਈ ਸੀਮਾਵਾਂ ਨਹੀਂ ਪਛਾਣਦਾ।

## ਹੇਅਰ ਦਾ 'ਚੱਕਰਵਿਊ' ਵਿੱਦਿਅਕ ਖੇਤਰ ਦੇ ਬਖੀਏ ਉਖੇੜਨ ਵਾਲਾ ਅਹਿਮ ਨਾਵਲ : ਬਲਦੇਵ ਸਿੰਘ 'ਸੜਕਨਾਮਾ'

### - ਹਰਨੇਕ ਸਿੰਘ ਹੇਅਰ ਦੇ ਨਾਵਲ 'ਚੱਕਰਵਿਊ' 'ਤੇ ਵਿਚਾਰ ਗੋਸ਼ਟੀ

ਕਾਲਾ ਸੰਘਿਆਂ, 22 ਮਾਰਚ (ਬਲਜੀਤ ਸਿੰਘ ਸੰਘਾ) – ਗਦਰੀ ਬਾਬੇਆਂ ਦੀ ਯਾਦ 'ਚ ਬਣੀ ਅਮਰ ਪ੍ਰੀਤਮ ਲਾਇਬ੍ਰੇਰੀ, ਫਰਜ਼ ਸੇਵਾ ਸੁਸਾਇਟੀ ਕੰਪਲੈਕਸ ਵਿਖੇ ਸਾਹਿਤ ਸੰਗਮ ਕਾਲਾ ਸੰਘਿਆਂ ਵੱਲੋਂ ਦੋਨਾ ਪੱਤਰਕਾਰ ਮੰਚ (ਰਜਿ:) ਦੇ ਸਹਿਯੋਗ ਨਾਲ ਹਰਨੇਕ ਸਿੰਘ ਹੇਅਰ ਦੇ ਨਾਵਲ 'ਚੱਕਰਵਿਊ' 'ਤੇ ਵਿਚਾਰ ਗੋਸ਼ਟੀ ਕਰਵਾਈ ਗਈ ਜਿਸਦੀ ਪ੍ਰਧਾਨਗੀ ਪ੍ਰਸਿੱਧ ਨਾਵਲਿਸਟ ਬਲਦੇਵ ਸਿੰਘ 'ਸੜਕਨਾਮਾ' ਨੇ ਕੀਤੀ ਜਦਕਿ ਪ੍ਰਧਾਨਗੀ ਮੰਡਲ ਵਿੱਚ ਸੰਤ ਸੰਧੂ, ਪ੍ਰਿੰ. ਕੁਲਵਿੰਦਰ ਸਿੰਘ ਸਰਾਏ, ਹਰਵਿੰਦਰ ਭੰਡਾਲ ਸ਼ਾਮਿਲ ਹੋਏ। ਗੋਸ਼ਟੀ ਦਾ ਆਰੰਭ ਉੱਘੇ ਕਵੀ ਅਤੇ ਅਲੋਚਕ ਹਰਬੰਸ ਹਮਾਇਤੀ ਦੇ ਪਰਚੇ ਉੱਚ ਸਿੱਖਿਆ ਸੰਸਥਾਵਾਂ ਵਿੱਚਲੇ ਨਿਘਾਰ ਅਤੇ ਸਿਆਸੀ ਗਰਦੇ ਦੀ ਪੇਸ਼ਕਾਰੀ ਕਰਦਾ ਨਾਵਲ 'ਚੱਕਰਵਿਊ' ਨਾਲ ਹੋਇਆ। ਦੂਸਰਾ ਪਰਚਾ ਡਾ. ਰਣਜੀਤ ਕੌਰ ਹੁੰਦਲ ਦੁਆਰਾ ਡਾ. ਹੇਅਰ ਦੇ ਨਾਵਲ ਚੱਕਰਵਿਊ ਦਾ ਸਰਚਨਾਤਮਕ ਅਧਿਐਨ ਵਿਸ਼ੇ ਤੇ ਬੋਲਦਿਆਂ ਉਨਾਂ ਪ੍ਰਮੁੱਖ ਤੌਰ ਤੇ ਵਿਅੰਗ ਜੁਗਤ ਦਾ ਜਿਕਰ ਕੀਤਾ, ਜਿਸਦਾ ਸ਼ਿਕਾਰ ਕਾਲਜਾਂ ਦੇ ਆਯੋਗ ਅਧਿਆਪਕ ਅਯੋਗ ਪ੍ਰਿੰਸੀਪਲ ਅਤੇ ਅਯੋਗ ਪ੍ਰਬੰਧਕ ਬਣਦੇ ਹਨ। ਇਹ ਲੋਕ ਆਪਣਾ ਮੂਲ ਕੰਮ ਪੜਾਉਣ ਦੀ ਬਜਾਏ ਟਿਊਸ਼ਨ ਸੈਂਟਰ ਨੂੰ ਕੇਵਲ ਪਹਿਲ ਹੀ ਨਹੀਂ ਦਿੰਦੇ ਬਲਕਿ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨ ਵਾਲੇ ਅਧਿਆਪਕਾਂ ਦੇ ਰਾਹ ਦਾ ਰੋੜਾ ਵੀ ਬਣਦੇ ਹਨ। ਕਾਲਜ ਦਾ ਪ੍ਰਬੰਧਕੀ ਅਮਲਾ ਕਾਲਜਾਂ ਦਾ ਪ੍ਰਬੰਧ ਚਲਾਉਣ ਦੀ ਬਜਾਏ ਨਿੱਜੀ ਹਿੱਤਾਂ ਨੂੰ ਪਹਿਲ ਦਿੰਦਾ ਹੈ। ਨਾਵਲ ਦਾ ਵਿਰਤਾਂਤ ਬੇਸ਼ੱਕ ਇਕੈਹਰਾ ਹੈ ਪ੍ਰੰਤੂ ਨਾਵਲਕਾਰ ਦਾ ਵਰਤਾਂਤਿਕ ਦ੍ਰਿਸ਼ਟੀਕੋਣ ਬਹੁਕੋਟੀ ਅਤੇ ਗੁੰਜਲਦਾਰ ਹੈ ਜੋ ਪੈਰਾਡਾਇਨ ਦੀ ਜੁਗਤ ਵੀ ਬਾ-ਕਮਾਲ ਢੰਗ ਨਾਲ ਪ੍ਰਸਤੂਤ ਹੋਈ ਹੈ। ਬਹਿਸ ਦਾ ਅਰੰਭ ਉੱਘੇ ਵਿਦਵਾਨ ਹਰਵਿੰਦਰ ਭੰਡਾਲ ਨੇ ਕਰਦਿਆਂ ਕਿਹਾ ਕਿ ਨਾਵਲ ਨੂੰ ਬੁੱਧੀ ਜੀਵੀ ਜਮਾਤ ਦੇ ਯਥਾਰਿਤ ਵਿਅੰਗਰੂਪ ਨੂੰ ਪਾਠਕਾਂ ਦੇ ਸਾਹਮਣੇ ਰੱਖਦਾ ਹੈ ਜੋ ਪੂੰਜੀਵਾਦੀ ਅਤੇ ਮੰਡੀ ਕੀਮਤਾਂ ਦੇ ਪ੍ਰਭਾਵ ਹੇਠ ਆਪਣੇ ਮੂਲ ਮਨੋਰਥ ਨੂੰ ਭੁੱਲ ਜਾਂਦਾ ਹੈ। ਆਪਣੇ ਪ੍ਰਧਾਨਗੀ ਭਾਸ਼ਣ ਦੇ ਵਿੱਚ ਬਲਦੇਵ ਸਿੰਘ ਸੜਕਨਾਵਾ ਨੇ ਨਾਵਲ ਵਿੱਚ ਪ੍ਰਸਤੂਤ ਹੋਈ ਦੁਆਬੇ ਦੀ ਆਚਾਰਿਕਤਾ ਇਸਦੀ ਵਾਰਤਾਲਾਪ ਸ਼ੈਲੀ ਅਤੇ ਭਾਸ਼ਾਈ ਪੱਖ ਦੀ ਮਜਬੂਤੀ ਦੱਸਦਿਆਂ ਇਸਨੂੰ ਵਿੱਦਿਅਕ ਖੇਤਰ ਦੇ ਬਖੀਏ ਉਖੇੜਨ ਵਾਲਾ ਅਹਿਮ ਨਾਵਲ ਦੱਸਿਆ। ਇਸ ਬਹਿਸ ਵਿੱਚ ਸੁਰਜੀਤ ਬਰਾੜ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ, ਬਲਜੀਤ ਸੰਘਾ, ਮੋਹਣ ਸਿੰਘ ਮੋਤੀ ਨੇ ਵੀ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਨ ਸੁਰਿੰਦਰ ਖੀਵਾ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਹੋਏ ਕਵੀ ਦਰਬਾਰ ਦੌਰਾਨ ਪ੍ਰਸਿੱਧ ਸ਼ਾਇਰ ਸੰਤ ਸੰਧੂ, ਦਰਸ਼ਨ ਸਿੰਘ ਸੰਘਾ ਮੋਗਾ, ਸੁਰਜੀਤ ਸਾਜਨ, ਮਨਜੀਤ ਸੋਹਲ, ਮੋਹਣ ਸਿੰਘ ਮੋਤੀ, ਰੂਪ ਦਬੁਰਜੀ, ਸ਼ਹਿਬਾਜ ਖਾਨ, ਐਸ. ਐਸ. ਸੰਧੂ, ਕੁਲਦੀਪ ਸਿੰਘ ਖਾਲਸਾ ਨੇ ਰਚਨਾਵਾਂ ਸਾਝੀਆਂ ਕੀਤੀਆਂ। ਇਸ ਮੋਕੇ ਤੇ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ, ਬਲਵੀਰ ਸਿੰਘ ਸਿੱਧੂ, ਭਜਨ ਸਿੰਘ ਔਜਲਾ, ਸਤੋਖ ਸਿੰਘ ਖਾਲੂ, ਸ਼ਾਇਰ ਮੁਨੀਸ਼ ਤਾਲਿਬ, ਸਰਬਣ ਸਿੰਘ ਸੰਘਾ, ਨੰਬਰਦਾਰ ਲੱਖਾ ਸਿੰਘ, ਗਾਇਕ ਨਰਿੰਦਰ ਫੁੱਲ ਵੀ ਹਾਜਰ ਸਨ।



ਗੋਸ਼ਟੀ ਨੂੰ ਸੰਬੋਧਨ ਕਰਦੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਪ੍ਰਧਾਨਗੀ ਮੰਡਲ ਵਿਚ ਡਾ. ਹਰਨੇਕ ਹੇਅਰ, ਹਰਵਿੰਦਰ ਭੰਡਾਲ, ਬਲਦੇਵ ਸਿੰਘ ਸੜਕਨਾਮਾ ਤੇ ਸੁਰਜੀਤ ਬਰਾੜ

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

ਸਮਾਜ ਵਿਚ ਔਰਤ ਦੀ ਸਥਿਤੀ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ। ਖਾਸ ਤੌਰ ਤੇ ਔਰਤ ਨੂੰ ਜਿਹੜੀਆਂ ਸਰੀਰਿਕ ਸਮੱਸਿਆਵਾਂ ਆਉਂਦੀਆਂ ਨੇ ਉਨ੍ਹਾਂ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। ਸਾਹਿਤ ਦੀ ਜਦੋਂ ਗੱਲ ਆਉਂਦੀ ਹੈ ਤਾਂ ਜਿਆਦਾ ਜ਼ਿਕਰ ਔਰਤ ਦੇ ਸ਼ੋਸ਼ਣ ਜਾਂ ਪਿਆਰ ਮੁਹੱਬਤ ਦੀ ਗੱਲ ਤੱਕ ਹੀ ਸੀਮਿਤ ਰਹਿੰਦਾ ਹੈ। ਔਰਤ ਨੂੰ ਮਾਸਿਕ ਧਰਮ (ਮਾਹਵਾਰੀ) ਆਉਣਾ ਇੱਕ ਕੁਦਰਤ ਦਾ ਨਿਯਮ ਹੈ, ਪ੍ਰੰਤੂ ਇਸ ਬਾਰੇ ਗੱਲ ਲੁਕਵੀਂ ਜਾਂ ਪਰਦੇ ਵਿਚ ਕਰਕੇ ਇਸ ਨੂੰ ਵਰਜਿਤ ਵਿਸ਼ਾ ਬਣਾ ਦਿੱਤਾ ਗਿਆ ਹੈ ਜਿਵੇਂ ਇਹ ਔਰਤ ਲਈ ਕੋਈ ਪਾਪ ਜਾਂ ਸ਼ਰਮ ਦੀ ਗੱਲ ਹੋਵੇ। ਸਮਾਜ ਵਿਚ ਅਜਿਹੇ ਮਾਹੌਲ ਕਾਰਨ ਬਹੁਤ ਸਾਰੀਆਂ ਔਰਤਾਂ/ਕੁੜੀਆਂ ਆਪਣੇ ਪਰਿਵਾਰ ਵਾਲਿਆਂ ਨਾਲ ਵੀ ਇਸ ਵਿਸ਼ੇ ਤੇ ਖੁੱਲ੍ਹ ਕੇ ਗੱਲ ਨਹੀਂ ਕਰ ਸਕਦੀਆਂ ਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਧਾਰਮਿਕ ਸਥਾਨਾਂ ਤੇ ਮਾਸਿਕ ਧਰਮ ਦੇ ਦਿਨਾਂ ਵਿਚ ਔਰਤਾਂ ਦੇ ਜਾਣ ਸੰਬੰਧੀ ਵੀ ਕਈ ਤਰ੍ਹਾਂ ਦੀਆਂ ਧਾਰਨਾਵਾਂ ਹਨ। ਅਜਿਹੇ ਵਿਸ਼ਿਆਂ ਤੇ ਬਹੁਤ ਘੱਟ ਲਿਖਿਆ ਗਿਆ ਹੈ। ਜਦੋਂ ਕਿ ਸਮਾਜ ਵਿਚ ਇਸ ਵਿਸ਼ੇ ਦੇ ਬਾਰੇ ਵਿਚ ਬਣੀਆਂ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਲਿਖਿਆ ਜਾਣਾ ਜਰੂਰੀ ਹੈ। ਸੱਚ ਤੋਂ ਕਿਸੇ ਵੀ ਪੱਖੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਤੇ ਸਾਹਿਤ ਨੇ ਸਮੇਂ ਦੇ ਸੱਚ ਨੂੰ ਪ੍ਰਸਤੁਤ ਕਰਨਾ ਹੁੰਦਾ ਹੈ। ਇਹ ਮਿੰਨੀ ਕਹਾਣੀਆਂ ਵੱਖਰੇ ਦ੍ਰਿਸ਼ਟੀਕੋਣ ਵਿਚ ਵੱਖਰੀਆਂ ਘਟਨਾਵਾਂ ਨੂੰ ਪੇਸ਼ ਕਰਦੀਆਂ ਹਨ।

**ਪੇਸ਼ਕਸ਼-ਜਗਦੀਸ਼ ਰਾਏ ਕੁਲਰੀਆਂ**

**ਕੁੜੀ ਦੀ ਗੱਲ / ਸੁਭਾਸ਼ ਨੀਰਵ**

ਮੁੰਡੇ ਅਤੇ ਉਸ ਦੇ ਪਰਿਵਾਰ ਦੇ ਚਾਰ ਪੰਜ ਜਣੇ ਛੋਟੇ ਜਿਹੇ ਫਲੈਟ ਦੀ ਬੈਠਕ ਵਿੱਚ ਸੋਫ਼ੇ ਅਤੇ ਕੁਰਸੀਆਂ ਤੇ ਜਦੋਂ ਬਿਰਾਜਮਾਨ ਹੋ ਗਏ ਤਾਂ ਕੁੜੀ ਵਾਲੇ ਪਾਸਿਓਂ ਮਾਂ, ਪਿਓ ਵੱਡੀ ਭੈਣ ਅਤੇ ਜਵਾਈ ਵੀ ਆ ਕੇ ਬੈਠ ਗਏ। ਸਵਾਗਤ ਤੋਂ ਬਾਦ ਨਿੱਕੀਆਂ ਨਿੱਕੀਆਂ ਰਸਮੀ ਗੱਲਾਂ ਦੋਵੇਂ ਪਾਸਿਆਂ ਤੋਂ ਹੋਣ ਲੱਗੀਆਂ। ਵਿੱਚ ਵਿਚਾਲੇ ਰੱਖੇ ਹੋਏ ਮੇਜ਼ ਤੇ ਇਸੇ ਦੌਰਾਨ ਬਿਸਕੁਟ, ਮਿਠਾਈ ਦੀਆਂ ਪਲੇਟਾਂ ਸਜ ਗਈਆਂ ਅਤੇ ਗਲਾਸਾਂ ਵਿਚ ਕੋਲਡ ਡਰਿੰਕ ਰੱਖ ਦਿੱਤਾ ਗਿਆ। ਕੁੜੀ ਦੀ ਵੱਡੀ ਭੈਣ ਨੇ ਅੱਗੇ ਵੱਧ ਕੇ ਕਿਹਾ – "ਕੁੱਝ ਲਓ ਨਾ.....।" ਤੇ ਖ਼ੁਦ ਵਰਤਾਉਣ ਲੱਗੀ। ਮੁੰਡੇ ਦੀ ਭਾਬੀ ਅਤੇ ਮਾਂ ਨੇ ਕਿਹਾ, "ਬੇਟੀ ਨੂੰ ਵੀ ਬੁਲਾ ਲਓ।"

ਕੁੜੀ ਸ਼ਰਮਾਉਂਦੀ ਹੋਏ ਆਈ ਅਤੇ ਸੋਫ਼ੇ ਦੇ ਇੱਕ ਖੂੰਜੇ ਵਿੱਚ 'ਕੱਠੀ ਹੋ ਕੇ ਬੈਠ ਗਈ।

ਦੋ ਚਾਰ ਰਸਮੀ ਜਿਹੇ ਪ੍ਰਸ਼ਨ ਮੁੰਡੇ ਦੀ ਮਾਂ ਅਤੇ ਭਾਬੀ ਨੇ ਕੁੜੀ ਨੂੰ ਕੀਤੇ। ਕੁੜੀ ਮੂੰਹ ਨੀਵਾਂ ਕਰ ਹੌਲੀ ਅਵਾਜ਼ ਵਿੱਚ ਜਵਾਬ ਦਿੰਦੀ ਰਹੀ। ਮੁੰਡੇ ਦਾ ਇਸ਼ਾਰਾ ਪਾ ਕੇ ਮਾਂ ਕਹਿਣ ਲੱਗੀ, "ਸਾਡਾ ਮੁੰਡਾ ਕੁੜੀ ਨਾਲ ਇਕੱਲਾ ਗੱਲ ਕਰਨਾ ਚਾਹੁੰਦਾ ਹੈ।" ਕੁੜੀ ਵਾਲਿਆਂ ਨੂੰ ਕੋਈ ਇਤਰਾਜ਼ ਨਹੀਂ ਸੀ। ਵੱਡੀ ਭੈਣ ਮੁੰਡੇ-ਕੁੜੀ ਨੂੰ ਨਾਲ ਵਾਲੇ ਕਮਰੇ ਵਿੱਚ ਛੱਡ ਆਈ। ਕੁਝ ਹੀ ਸਮੇਂ ਬਾਦ ਮੁੰਡਾ ਬਾਹਰ ਆ ਕੇ ਮਾਂ ਅਤੇ ਭਾਬੀ ਦੇ ਕੰਨ ਵਿੱਚ ਕੁਝ ਕਹਿਣ ਲੱਗਾ। ਕੁੜੀ ਦੇ ਪਰਿਵਾਰ ਵਾਲਿਆਂ ਦੇ ਦਿਲ ਦੀ ਧੜਕਣ ਵਧ ਗਈ।

ਉਦੋਂ ਹੀ ਮੁੰਡੇ ਦੀ ਮਾਂ ਖੜੀ ਹੋਈ, ਕੁੜੀ ਦੇ ਕੋਲ ਗਈ। ਉਸ ਦਾ ਮੱਥਾ ਚੁੰਮਿਆ, ਸਿਰ ਤੇ ਪਿਆਰ ਨਾਲ ਹੱਥ ਫੇਰਿਆ ਅਤੇ ਉਸ ਦੀ ਝੋਲੀ ਵਿਚ ਸ਼ਗਨ ਪਾਉਂਦੇ ਹੋਏ ਕਹਿਣ ਲੱਗੀ, "ਬੇਟੀ ਤਾਂ ਹੁਣ ਸਾਡੀ ਹੋ ਗਈ ਜੀ। ਚਾਹੇ ਅੱਜ ਹੀ ਤੋਰ ਦਿਓ।"

ਕੁੜੀ ਦੇ ਪਰਿਵਾਰ ਵਾਲਿਆਂ ਦੇ ਚਿਹਰੇ ਚਮਕ ਉੱਠੇ।ਉਹਨਾਂ ਨੇ ਵੀ ਮੁੰਡੇ ਦੀ ਝੋਲੀ ਵਿੱਚ ਸ਼ਗਨ ਪਾਇਆ ਤਾਂ ਦੋਵੇਂ ਪੱਖ ਇਕ ਦੂਜੇ ਨੂੰ ਵਧਾਈਆਂ ਦੇਣ ਲੱਗੇ।

ਮੁੰਡੇ ਦੀ ਭਾਬੀ ਕਹਿਣ ਲੱਗੀ, "ਵਿਆਹ ਜਿਆਦਾ ਲੇਟ ਨਹੀਂ ਚਾਹੁੰਦੇ ਅਸੀਂ।ਆਉਂਦੇ ਫਰਵਰੀ ਮਹੀਨੇ ਦੀਆਂ ਤਿੰਨ ਤਾਰੀਕਾਂ ਨਿਕਲਦੀਆਂ ਨੇ - 7 ਫਰਵਰੀ, 18 ਫਰਵਰੀ ਅਤੇ 29 ਫਰਵਰੀ।"

ਮੁੰਡੇ ਦੀ ਮਾਂ ਕਹਿਣ ਲੱਗੀ, ਘਰ ਤੋਂ ਇਹੀ ਸੋਚ ਕੇ ਚੱਲੇ ਸੀ ਕਿ ਜੇ ਕੁੜੀ ਪਸੰਦ ਆ ਗਈ, ਤਾਂ ਨਾਲ ਦੀ ਨਾਲ ਤਾਰੀਕ ਵੀ ਪੱਕੀ ਕਰ ਲਵਾਂਗੇ।ਇਸ ਕਰਕੇ ਡੇਟਸ ਕਢਵਾ ਕੇ ਨਾਲ ਲੈ ਕੇ ਆਏ ਹਾਂ।"

ਬਹੁਤ ਦੇਰ ਤੋਂ ਚੁੱਪ ਬੈਠਿਆ ਮੁੰਡੇ ਦਾ ਪਿਤਾ ਬੋਲਿਆ, "ਜੀ ਸਾਡੀ ਸਭ ਦੀ ਇਹੀ ਰਾਇ ਬਣੀ ਹੈ ਕਿ ਵਿਆਹ 29 ਫਰਵਰੀ ਦਾ ਪੱਕਾ ਕੀਤਾ ਜਾਵੇ। ਇਹ ਸਾਨੂੰ ਠੀਕ ਵੀ ਬੈਠਦੀ ਹੈ।"

"ਨਹੀਂ .... ਨਹੀਂ 29 ਫਰਵਰੀ ਨਹੀਂ।" ਸਾਰਿਆਂ ਦੀ ਨਜ਼ਰਾਂ ਕੁੜੀ ਵੱਲ ਉੱਠੀਆਂ। ਪਹਿਲੀ ਵਾਰ ਕੁੜੀ ਗਰਦਨ ਚੁੱਕ ਕੇ ਥੋੜ੍ਹੀ ਉੱਚੀ ਅਵਾਜ਼ ਵਿਚ ਬੋਲੀ ਸੀ।

"ਜੇ ਇਹ ਤਾਰੀਕ ਮੁੰਡੇ ਵਾਲਿਆਂ ਨੂੰ ਫਿੱਟ ਬੈਠਦੀ ਹੈ, ਤਾਂ ਕੀ ਇਤਰਾਜ਼ ਹੈ ਬੇਟੇ।ਮੁੰਡੇ ਵਾਲਿਆਂ ਦੀ ਗੱਲ ਦਾ ਮਾਣ ਵੀ ਰੱਖਣਾ ਹੁੰਦਾ ਹੈ।" ਕੁੜੀ ਦਾ ਪਿਤਾ ਥੋੜ੍ਹਾ ਜਿਹਾ ਰੁੱਖਾ ਹੋ ਕੇ ਬੋਲਿਆ।

ਮੁੰਡੇ ਦੀ ਛੋਟੀ ਭੈਣ ਹੱਸਦੇ ਹੋਏ ਭਾਈ ਨੂੰ ਸੰਬੋਧਨ ਹੁੰਦੇ ਹੋਏ ਕਹਿਣ ਲੱਗੀ "ਵੀਰੇ, ਭਾਬੀ ਨਹੀਂ ਚਾਹੁੰਦੀ ਕਿ ਵਿਆਹ ਦੀ ਵਰ੍ਹੇਗੰਢ ਚਾਰ ਸਾਲ ਵਿੱਚ ਇੱਕ ਵਾਰ ਆਵੇ.......।"

ਦੋਵੇਂ ਪੱਖ ਇਸ ਗੱਲ ਤੇ ਹੱਸਣ ਲੱਗੇ। ਕੁੜੀ ਉੱਠ ਕੇ ਨਾਲ ਦੇ ਕਮਰੇ ਵਿੱਚ ਚਲੀ ਗਈ।ਪਿੱਛੇ ਪਿੱਛੇ ਕੁੜੀ ਦੀ ਮਾਂ ਵੀ।

"ਮਾਂ, ਕੁੱਝ ਵੀ ਹੋਵੇ, ਏਹ ਤਾਰੀਕ ਪੱਕੀ ਨਾ ਕਰੋ।" ਕੁੜੀ ਨੇ ਮਾਂ ਵੱਲ ਦੇਖਦੇ ਹੋਏ।

"ਪਰ ਕਿਉਂ ਬੇਟੀ?"

"ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ .... ਬੱਸ, ਇਹ ਡੇਟ ਮੈਨੂੰ ਸੂਟ ਨਹੀਂ ਕਰਦੀ।"

ਸਿਆਣੀ ਮਾਂ ਨੇ ਕੁੜੀ ਗੱਲ ਬੁੱਝ ਲਈ। ਉਸਨੇ ਮੁੰਡੇ ਦੀ ਮਾਂ ਅਤੇ ਭਾਬੀ ਨੂੰ ਇੱਕ ਪਾਸੇ ਲਿਜਾ ਕੇ ਗੱਲ ਕੀਤੀ, "ਗੱਲ ਇਹ ਹੈ ਭੈਣ ਜੀ ਕਿ ਮਹੀਨੇ ਦੇ ਇਹ ਆਖਰੀ ਦਿਨ ਕੁੜੀ ਨੂੰ ........" ਮੁੰਡੇ ਦੀ ਮਾਂ ਮੰਦ ਮੰਦ ਮੁਸਕਰਾਈ; ਬੋਲੀ ਤੁਸੀਂ ਕੁੜੀ ਨੂੰ ਬੈਠਕ ਵਿੱਚ ਬੁਲਾਓ।

ਕੁੜੀ ਫੇਰ ਬੈਠਕ ਵਿੱਚ ਆ ਕੇ ਆਪਣੀ ਪਹਿਲੀ ਥਾਂ ਤੇ ਬੈਠ ਗਈ।

ਮੁੰਡੇ ਦੀ ਮਾਂ ਨੇ ਕੁੜੀ ਦੇ ਸਿਰ ਤੇ ਪਿਆਰ ਨਾਲ ਹੱਥ ਫੇਰਿਆ ਅਤੇ ਫੇਰ ਆਪਣੇ ਪਤੀ ਨੂੰ ਸੰਬੋਧਨ ਹੁੰਦੀ ਥੋੜ੍ਹੀ ਉੱਚੀ ਅਵਾਜ਼ ਵਿੱਚ ਕਹਿਣ ਲੱਗੀ, "ਸੁਣੋ ਜੀ ਵਿਆਹ 29 ਫਰਵਰੀ ਨਹੀਂ 18 ਫਰਵਰੀ ਦਾ ਪੱਕਾ ਸਮਝੋ। 29 ਫਰਵਰੀ ਦਾ ਦਿਨ ਵੀ ਕੋਈ ਦਿਨ ਹੈ ਭਲਾ?

"ਕਿਉਂ? 29 ਤਾਰੀਕ ਵਿੱਚ ਕੀ ਦਿੱਕਤ ਐ?" ਮੁੰਡੇ ਦਾ ਪਿਤਾ ਬੋਲਿਆ।

"ਤੁਸੀਂ ਨਹੀਂ ਸਮਝੋਗੇ ਜੀ। ਕੁੜੀ ਦੀ ਗੱਲ ਵੀ ਕੋਈ ਮਾਅਨੇ ਰੱਖਦੀ ਹੈ ਜਾਂ ਨਹੀਂ।" ਫੇਰ ਕੁੜੀ ਵਾਲਿਆਂ ਨੂੰ ਮੁਖ਼ਾਤਿਬ ਹੁੰਦਿਆਂ ਬੋਲੀ, "ਜੀ ਸਾਡੇ ਵੱਲੋਂ 18 ਫਰਵਰੀ ਡਨ। ਤੁਸੀਂ ਵਿਆਹ ਦੀਆਂ ਤਿਆਰੀਆਂ ਸ਼ੁਰੂ ਕਰੋ।" ਮੁੰਡੇ ਕੁੜੀ ਨੇ ਇੱਕ ਦੂਜੇ ਵੱਲ ਦੇਖਿਆ ਅਤੇ ਮੁਸਕਰਾ ਪਏ।

***

**ਪਹਿਲੀ ਵਾਰ / ਡਾ. ਸ਼ਿਆਮ ਸੁੰਦਰ ਦੀਪਤੀ**

ਅੱਜ ਉਸ ਦੀ ਪਿੱਠ ਵਿਚ ਦਰਦ ਸੀ। ਵਿਆਹ ਦੀਆਂ ਰਸਮਾਂ ਉਸ ਨੇ ਦੋ ਗੋਲੀਆਂ ਖਾ ਕੇ ਪੂਰੀਆਂ ਕੀਤੀਆਂ ਸਨ। ਇਹ ਉਸ ਦੀ ਰੁਟੀਨ ਸੀ, ਮਾਹਵਾਰੀ ਦੀ ਸਮੱਸਿਆਂ, ਜਦੋਂ ਉਹ ਦੋ

ਤਿੰਨ ਦਿਨਾਂ ਲਈ ਨਿਢਾਲ ਹੋ ਜਾਂਦੀ। ਇਕ ਦਿਨ ਤਾਂ ਬਿਸਤਰੇ ਤੋਂ ਹੀ ਨਾ ਉੱਠ ਸਕਦੀ।

ਉਸ ਨੇ ਵਿਆਹ ਦੀ ਤਾਰੀਖ ਤੈਅ ਹੋਣ ਤੇ , ਅੰਦਾਜ਼ਾ ਲਾਇਆ ਸੀ ਕਿ ਇਹ ਦਿਨ ਠੀਕ ਨਹੀਂ ਹੈ। ਉਸ ਨੇ ਮਾਂ ਨੂੰ ਤਾਰੀਖ ਬਦਲਣ ਲਈ ਵੀ ਕਿਹਾ ਸੀ।

ਮਾਂ ਉਸ ਦੇ ਦਰਦ ਨੂੰ ਜਾਣਦੀ ਸੀ। ਪਰ ਰਿੰਪੀ ਦੇ ਪਿਤਾ ਨੂੰ ਸਮਝਾਉਣਾ ਮੁਸ਼ਕਿਲ ਸੀ। ਦੂਸਰੀ ਗੱਲ, ਤਾਰੀਖ ਤਾਂ ਪੰਡਤ ਜੀ ਨੇ ਕੱਢੀ ਸੀ।

ਵੈਸੇ ਤਾਂ ਦੋ ਤਾਰੀਖਾਂ ਦੱਸੀਆਂ ਸਨ। ਰਿੰਪੀ ਨੇ ਦੂਸਰੀ ਤਾਰੀਖ ਦੀ ਸਲਾਹ ਦਿੱਤੀ ਤਾਂ ਉਹ ਮੁੰਡੇ ਵਾਲਿਆਂ ਨੂੰ ਸੂਟ ਨਾ ਕੀਤੀ। ਹੁਣ ਮੁੰਡੇ ਵਾਲਿਆਂ ਨੂੰ ਕੀ ਦੱਸੀਏ?

ਰਿੰਪੀ ਦਾ ਡਰ ਵਧ ਰਿਹਾ ਸੀ ਤੇ ਦਰਦ ਵੀ। ਉਸ ਦਾ ਮਨ ਕਰ ਰਿਹਾ ਸੀ ਕਿ ਕੋਈ ਦਰਦ ਦੀ ਇੱਕ ਗੋਲੀ ਹੀ ਲਿਆ ਦੇਵੇ। ਪਰ ਇੱਥੇ ਇਸ ਤਰ੍ਹਾਂ ਕੌਣ ਕਰੇਗਾ? ਉਹ ਤਾਂ ਸਵੇਰ ਤੋਂ ਹੀ ਘਿਰੀ ਬੈਠੀ ਹੈ ਤੇ ਹੁਣ ਇੱਕਲੀ ਰਮੇਸ਼ ਦਾ ਇੰਤਜ਼ਾਰ ਕਰ ਰਹੀ ਸੀ।

ਰਮੇਸ਼ ਅੰਦਰ ਆ ਗਿਆ ਸੀ ਤੇ ਉਹ ਦਰਦ ਨਾਲ ਸੁੰਗੜੀ ਜਾ ਰਹੀ ਸੀ। ਰਮੇਸ਼ ਬੈੱਡ ਤੇ ਆ, ਉਸ ਦੇ ਨੇੜੇ ਹੋਣ ਲੱਗਿਆ।

ਰਿੰਪੀ ਨੇ ਹਿੰਮਤ ਇੱਕਠੀ ਕਰਦਿਆਂ ਕਿਹਾ, "ਅੱਜ ਮੇਰੇ ਨੇੜੇ ਨਾ ਆਉਣਾ, ਅੱਜ ਮੈਂ ਠੀਕ ਨਹੀਂ ਹਾਂ।"

"ਕੀ ਗੱਲ ! ਇਸ ਦਿਨ ਦੇ ਲਈ ਤਾਂ " ਰਮੇਸ਼ ਨੇ ਉਸ ਦੇ ਇੱਕਠੇ ਹੋਏ ਗੋਡਿਆਂ ਤੇ ਹੱਥ ਰੱਖਦੇ ਕਿਹਾ।

"ਨਹੀਂ, ਅੱਜ ਮੈਂ ਭਿੱਟੀ ਹੋਈ ਹਾਂ।" ਰਿੰਪੀ ਦਰਦ ਦੇ ਮਾਰੇ ਏਨਾ ਹੀ ਕਹਿ ਸਕੀ ।

ਰਮੇਸ਼ ਨੂੰ ਸ਼ਾਇਦ ਇਸ ਦਾ ਮਤਲਬ ਪਤਾ ਸੀ। ਰਮੇਸ਼ ਨੇ ਉਸ ਦੇ ਚਿਹਰੇ ਨੂੰ ਸਿੱਧਾ ਕਰਦੇ ਕਿਹਾ, "ਤੂੰ ਬਹੁਤ ਸੋਹਣੀ ਲੱਗ ਰਹੀ ਹੈ।"

ਫਿਰ ਉਸ ਦੇ ਚਿਹਰੇ ਵੱਲ ਦੇਖ ਕੇ ਕਹਿਣ ਲੱਗਿਆ, "ਦਰਅਸਲ ਰਿੰਪੀ ਮੈਂ ਵੀ ਇਹੀ ਸੋਚ ਕੇ ਆਇਆ ਸੀ। ਤੈਨੂੰ ਦੱਸਾਂ, ਦੋਸਤਾਂ ਨੇ ਦੋ ਪੈੱਗ ਲਵਾ 'ਤੇ। ਮੈਂ ਮਨ੍ਹਾਂ ਵੀ ਕੀਤਾ ਕਿ ਅੱਜ ਨੀਂ। ਪਤਾ ਹੈ ਅੱਗੋਂ ਕਿ ਕਹਿੰਦੇ.. ਹੱਸਣ ਲੱਗੇ ਤੇ ਮਜ਼ਾਕ ਕਰਦੇ, 'ਅੱਜ ਹੀ ਤਾਂ ਲੋੜ।"

ਰਿੰਪੀ ਨੂੰ ਥੋੜ੍ਹਾ ਅਰਾਮ ਮਹਿਸੂਸ ਹੋਇਆ ਤੇ ਰਮੇਸ਼ ਜੁੱਤੇ-ਕੱਪੜੇ ਲਾਹੁੰਦਾ-ਲਾਹੁੰਦਾ ਰੁਕ ਗਿਆ ਤੇ ਕਹਿਣ ਲੱਗਿਆ, "ਚੱਲ ਬਾਹਰ ਛੱਤ ਤੇ ਚਲਦੇ ਹਾਂ। ਉੱਥੇ ਚੰਨ-ਤਾਰਿਆਂ ਦੀ ਛਾਵੇਂ ਗੱਲਾਂ ਕਰਾਂਗੇ।"

ਬਾਹਰ ਅਸਮਾਨ ਵਿਚ ਚੰਨ ਪੂਰੇ ਸ਼ਾਬਾਸ ਵਿਚ ਸੀ।

ਰਮੇਸ਼ ਬੋਲਿਆ, "ਮੈਂ ਬਹੁਤ ਦਿਨਾਂ ਬਾਅਦ ਪੂਰਾ ਚੰਨ ਵੇਖਿਆ ਹੈ।"

ਰਿੰਪੀ ਨੇ ਰਮੇਸ਼ ਵੱਲ ਦੇਖਦਿਆਂ ਕਿਹਾ, "ਪਰ ਮੈਂ ਤਾਂ ਪਹਿਲੀ ਵਾਰ ਦੇਖਿਆ ਹੈ।"

***

**ਵਰਜਿਤ ਦਿਨ / ਜਗਦੀਸ਼ ਰਾਏ ਕੁਲਰੀਆਂ**

ਉਹਨਾਂ ਦਾ ਸਾਂਝਾ ਪਰਿਵਾਰ ਸੀ। ਵੱਡੀ ਬਹੂ ਹੋਣ ਦੇ ਨਾਤੇ ਜੋਤ-ਬੱਤੀ ਉਸਨੂੰ ਹੀ ਕਰਨੀ ਪੈਂਦੀ। ਮਹੀਨੇ ਦੇ ਕੁਝ ਦਿਨ ਉਸ ਲਈ ਮੁਸ਼ਕਲ ਵਾਲੇ ਖੜੇ ਹੋ ਜਾਂਦੇ। ਇਕ ਤਾਂ ਬੇਤਹਾਸ਼ਾ ਪਿੱਠ ਦਰਦ ਤੇ ਦੂਜਾ ਆਪਣੇ ਆਪ ਨੂੰ ਜਿਵੇਂ ਲੁਕੋਉਂਦੇ ਫਿਰੋ। ਜੋਤ-ਬੱਤੀ ਲਈ ਵੀ ਕਿਸੇ ਨੂੰ ਕਹਿਣਾ ਪੈਂਦਾ।ਉਪਰੋਂ ਨਿੱਕੜਾ ਬਿੱਟੂ ਤਾਂ ਮਗਰ ਈਂ ਪੈ ਜਾਂਦਾ.. 'ਤਾਈ ਜੀ ..ਤਾਈ ਜੀ ਤੁਸੀਂ ਅੱਜ ਜੈ ਤਿਉਂ ਨੀ ਕੀਤੀ' ਉਹ ਉਸ ਨਿੱਕੜੇ ਨੂੰ ਕੀ ਸਮਝਾਉਂਦੀ..ਬਸ ਏਹੀ ਕਹਿਣਾ ਪੈਂਦਾ .. 'ਬੇਟੂ ਤਾਈ ਜੀ ਅੱਜ ਬਿਮਾਲ ਨੇ..ਢਿੱਡੀ ਦੁਖਦੀ ਆ..' ਉਹ ਬੇਚਾਰਾ ਪੋਲਾ ਜਿਹਾ ਮੂੰਹ ਬਣਾ ਕੇ ਤੁਰ ਜਾਂਦਾ। ਉਸਨੇ ਤਾਂ ਪਤੀ ਨੂੰ ਪਿਛਲੇ ਮਹੀਨੇ ਕਿਹਾ ਸੀ ਕਿ ਬਾਬਿਆਂ ਦੇ ਜਾਣ ਦਾ ਟੂਰ ਇਹਨਾਂ ਤਾਰੀਕਾਂ ਦਾ ਨਾ ਬਣਾਈਓ.. ਬਸ ਆਪਣੀਆਂ ਛੁੱਟੀਆਂ ਦਾ ਹਿਸਾਬ ਲਾ ਕੇ ਬਣਾ

ਲਿਆ..ਦੱਸ ਹੁਣ ਕੀ ਕਰੇਰੱਬ ਨੇ ਸਾਰਾ ਕੁਝ ਔਰਤ ਦੇ ਈਂ ਗਲ ਕਿਉਂ ਮੜਿਐ.. ਮਨ ਵਿਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਸੋਚਦੀ ਉਹ ਬੈੱਡ ਨਾਲ ਢੂਈ ਲਾਈ ਬੈਠੀ ਹੈ। ਉਸਨੂੰ ਪਤਾ ਨਹੀਂ ਚੱਲਿਆ ਕਿ ਬਿੱਟੂ ਦਾ ਤਾਇਆ ਕਦੋਂ ਅੰਦਰ ਆ ਗਿਆ ਹੈ। ਉਹ ਤ੍ਰਭਕ ਕੇ ਉਠਦੀ ਹੈ ਤੇ ਪਾਣੀ ਦਾ ਗਲਾਸ ਲੈ ਕੇ ਆਉਂਦੀ ਹੈ।

"ਅੱਜ ਸਰਕਾਰਾਂ..ਕਿਹੜੀਆਂ ਸੋਚਾਂ 'ਚ ਗੁੰਮ ਨੇ.." ਉਸਦਾ ਉਤਰਿਆ ਚਿਹਰਾ ਦੇਖ ਕੇ ਪਤੀ ਪੁੱਛਦਾ ਹੈ।

"ਕੁਛ ਨੀ, ਥੋਨੂੰ ਕਿਹਾ ਤਾਂ ਸੀ ਕਿ ਇਹਨਾਂ ਤਾਰੀਕਾਂ 'ਚ ਨਾ ਬਣਾਈਓ ਪਲਾਨ ..ਤੁਸੀਂ ਤਾਂ ਆਵਦਾ ਦੇਖ ਲਿਆਹੁਣ ਮੈਂ ਤਾਂ ਨੀ ਜਾ ਸਕਦੀ" ਇਹ ਕਹਿੰਦਿਆਂ ਉਹ ਪਤੀ ਨੂੰ ਪਾਣੀ ਦਾ ਗਲਾਸ ਫੜ੍ਹਾ ਫੇਰ ਬੈੱਡ ਤੇ ਬੈਠ ਜਾਂਦੀ ਹੈ।

"ਕਿਉਂ..?"

"ਓਹੀ..ਸਿਆਪਾ ਥੋਨੂੰ ਪਤੈ ਤਾਂ ਹੈ..ਪਿੱਠ ਵੀ ਦਰਦ ਨਾਲ ਟੁੱਟੀ ਜਾਂਦੀ ਐ"

"ਯਾਰ ! ਦਰਦ ਲਈ ਉਹੀ ਟੈਬਲੈਟ ਲੈ ਜਿਹੜੀ ਪਹਿਲਾਂ ਵੀ ਤੂੰ ਲੈਂਦੀ ਹੀ ਐ ..ਦਫ਼ਤਰ 'ਚ ਜਰੂਰੀ ਕੰਮ ਕਾਰਨ ਕੋਈ ਹੋਰ ਦਿਨ ਠੀਕ ਨਹੀਂ ਸੀ ਆਉਂਦਾ, ਜਾਣਾ ਕਿੰਨਾਂ ਜਰੂਰੀ ਹੈ ਇਹ ਤਾਂ ਪਤਾ ਹੀ ਹੈ.."

"ਠੀਕ ਹੈ, ਲੈ ਲਵਾਂਗੀ, ਦਰਦ ਤਾਂ ਠੀਕ ਹੋ ਜੂ ਪਰ ਏਹਦਾ ਇਲਾਜ ..?"

"ਫੇਰ ਕੀ ਐ, ਹੁਣ ਬਹੁਤੇ ਚੱਕਰਾਂ 'ਚ ਨਾ ਪੈ ..ਚੱਲਾਂਗੇ.. ਏਹ ਕੋਈ ਮਾੜਾ ਕੰਮ ਐ..ਭਲੀਏਮਾਣਸੇ ਇਹ ਤਾਂ ਕੁਦਰਤ ਦਾ ਨਿਯਮ ਐ..ਇਕ ਪ੍ਰਕ੍ਰਿਆ ਏਹਤੇ ਕੀਹਦਾ ਜ਼ੋਰ ਐ..ਨਾਲੇ ਹੁਣ ਕਿਹੜਾ ਪੁਰਾਣਾ ਟੈਮ੍ਹ ਐ..ਦੁਨੀਆਂ ਚੰਦ ਤੇ ਪਹੁੰਚਗੀ..ਤੁਸੀਂ ਅਜੇ ਸੋਲਵੀਂ ਸਦੀ 'ਚ ਹੀ ਰਹੀਓ.."

"ਤੁਸੀਂ ਆਪਣਾ ਇਹ ਲੇਖਕਪੁਣਾ ਨਾ ਸਮਾਗਮਾਂ 'ਚ ਝਾੜਿਆ ਕਰੋ..ਕਿਤਾਬੀ ਗੱਲਾਂ ਤੇ ਹਕੀਕਤ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦੈ..ਨਾਲੇ ਜੇ ਮਾਂ ਜੀ ਨੂੰ ਪਤਾ ਲਗ ਗਿਐ ਤਾਂ ਉਨ੍ਹਾਂ ਨੇ ਤਾਂ ਕਿਸੇ ਵੀ ਕੀਮਤ ਘਰੋਂ ਪੈਰ ਪੁੱਟਣ ਨੀਂ ਦੇਣਾ" ਉਹਨੇ ਦਲੀਲ ਦਿੱਤੀ ਸੀ।

"ਤੂੰ ਯਾਰ ਜਰੂਰੀ ਦੱਸਣੈ..ਅਜੇ ਤਾਂ ਪਤਾ ਨੀਂ ਲੱਗਿਆ ..ਦੋ-ਤਿੰਨ ਦਿਨਾਂ ਦਾ ਸਾਰਾ ਪ੍ਰੋਗਰਾਮ ਐ..ਆਪਾਂ ਚੱਲਾਂਗੇ ਜਦੋਂ ਮੈਨੂੰ ਕੋਈ ਵਹਿਮ ਨਹੀਂ ਤਾਂ ਤੂੰ ਐਵੇਂ ਬੋਝ ਲੈ ਰਹੀ ਹੈ..ਕੱਪੜੇ ਕਰ ਪੈਕ ਸਵੇਰੇ ਚੱਲਾਂਗੇ.." ਪਤੀ ਨੇ ਦ੍ਰਿੜ ਇਰਾਦੇ ਨਾਲ ਕਿਹਾ।

"ਨਹੀਂ ਨਹੀਂ ..ਏਹ ਸਭ ਪਾਪ ਹੈ..ਮਾਂ ਜੀ ਨੂੰ ਪਤਾ ਤਾਂ ਲੱਗ ਈ ਜਾਣੈਫੇਰ ਘਰੇਂ ਕਲੇਸ਼ ਰਹੂੰ..ਮੈਨੂੰ ਤਾਂ ਠੀਕ ਨੀਂ ਲਗਦਾ.." ਉਸਨੂੰ ਪਤੀ ਦੀਆਂ ਗੱਲਾਂ ਨਾਲ ਅਜੇ ਵੀ ਤਸੱਲੀ ਨਹੀਂ ਸੀ ਹੋਈ।

"ਏਧਰ ਦੇਖ ਮੇਰੇ ਵਲ, ਏਹ ਕੋਈ ਪਾਪ-ਪੂਪ ਨਹੀਂ ..ਪਹਿਲਾਂ ਏਨੇ ਕੋਈ ਸਾਧਨ, ਤਰੀਕੇ ਨਹੀਂ ਸਨ ਕਿ ਹਾਈਜਨ ਰੱਖੀ ਜਾ ਸਕੇ..ਹੁਣ ਤਾਂ ਸਭ ਕੁਝ ਸੰਭਵ ਹੈ..ਏਸ ਕਰਕੇ ਜੇ ਕੁਝ ਪਹਿਲਾ ਗਲਤ ਚਲ ਰਿਹਾ ਹੈ ਤਾਂ ਉਸ ਨੂੰ ਠੀਕ ਕਰਨ ਦੀ ਵੀ ਜਿੰਮੇਵਾਰੀ ਆਪਣੀ ਹੀ ਹੈ..ਤੂੰ ਖ਼ੁਦ ਪੜੀ-ਲਿਖੀ ਹੈ..ਤੂੰ ਹੀ ਦਸ ਏਸ 'ਚ ਗਲਤ ਕੀ ਐਜੇ ਕੋਈ ਗੱਲ ਹੋਈ ਤਾਂ ਤੂੰ ਮਾਤਾ ਨੂੰ ਦਸਦੀ ਏਹ ਸਭ ਕੁਝ.." ਪਤੀ ਨੇ ਠਰ੍ਹੰਮੇ ਨਾਲ ਆਪਣੀ ਗੱਲ ਸਮਝਾਈ।

"ਆਗੀ ਨਾ ਫੇਰ ਓਈਹੋ ਗੱਲ.. ਅਖੇ ਤੂੰ ਮਾਤਾ ਨੂੰ ਦਸਦੀ, ਜੇ ਏਹ ਕੋਈ ਖਾਸ ਗੱਲ ਨੀਂ ਫੇਰ ਤੁਸੀਂ ਹੀ ਕਿਉਂ ਨਹੀਂ ਗੱਲ ਕਰਦੇ ਆਪਣੀ ਮਾਤਾ ਜੀ ਨਾਲ.." ਪਤਨੀ ਨੇ ਜਿਵੇਂ ਹੁਣ ਸਿਰੇ ਦੀ ਗੱਲ ਕਹਿ ਦਿਤੀ ਹੋਵੇ।

"ਠੀਕ ਹੈ..ਠੀਕ ਹੈ ਬਾਬਾ..ਮੈਂ ਆਪੇ ਕਹਿਦੂ ਜੋ ਕਹਿਣਾ, ਗੱਲ ਤਾਂ ਕਰਨੀ ਈਂ ਪੈਣੀ ਐ..ਤੂੰ ਬਸ ਤਿਆਰੀ ਕਰ ਸਵੇਰੇ ਚੱਲਾਂਗੇ.." ਪਤੀ ਨੇ ਤਸੱਲੀ ਦਿੰਦਿਆ ਕਿਹਾ।


ਪਤੀ ਦੀ ਇਹ ਗੱਲ ਸੁਣ ਕੇ ਉਹ ਕੱਪੜੇ ਪੈਕ ਕਰਨ ਲਈ ਖੜੀ ਹੋਣ ਲੱਗੀ ਤਾਂ ਉਸਨੂੰ ਇੰਝ ਮਹਿਸੂਸ ਹੋਇਆ ਕਿ ਜਿਵੇਂ ਪਿੱਠ ਦਾ ਦਰਦ ਕਾਫ਼ੀ ਹੱਦ ਤੱਕ ਘਟ ਗਿਆ ਹੋਵੇ।

***

# ਆਪਣੇ ਹਿੱਤਾਂ ਦੀ ਰਾਖੀ ਲਈ ਜਥੇਬੰਦੀਆਂ ਬਣਾਉਣ ਦਾ ਆਰੰਭ

**ਸੁਰਿੰਦਰ ਸੰਘਾ**

ਜਿਸ ਤਰ੍ਹਾਂ ਪਿਛਲੇ ਚੈਪਟਰ ਵਿੱਚ ਭਾਰਤ ਤੋਂ ਕਨੇਡਾ ਦੇ ਪੱਛਮੀ ਤੱਟ ਤੇ ਲੋਕਾਂ ਦੇ ਆਉਣ ਵਾਰੇ ਜ਼ਿਕਰ ਕਰਦਿਆਂ ਪਤਾ ਲੱਗਦਾ ਹੈ ਕਿ 1908 ਤੱਕ ਤਕਰੀਬਨ ਪੰਜ ਹਜ਼ਾਰ ਤੋਂ ਵੱਧ ਲੋਕ ਉਸ ਸਮੇਂ ਦੇ (ਯੂਨਾਈਟਿਡ ਪੰਜਾਬ) ਵਿੱਚੋਂ ਆਏ ਸਨ। ਉਨ੍ਹਾਂ ਵਿੱਚੋਂ ਵੀ ਬਹੁਤੇ ਲੋਕ ਪਿੰਡਾਂ ਤੋਂ ਆਏ ਸਨ ਜਿਹਨਾਂ ਦਾ ਕਿਸਾਨੀ ਨਾਲ ਸੰਬੰਧ ਸੀ। ਉਹਨਾਂ ਨੂੰ ਸਨਅੱਤੀ ਅਦਾਰਿਆਂ ਵਿੱਚ ਕੰਮ ਕਰਨ ਦਾ ਬਹੁਤ ਹੀ ਘੱਟ ਅਭਿਆਸ ਸੀ ।ਉਹ ਸਰੀਰ ਦੇ ਤਕੜੇ ਸਨ, ਉਸ ਸਮੇਂ ਸਨਅੱਤੀ ਅਦਾਰਿਆਂ ਵਿੱਚ ਵੀ ਜ਼ਿਆਦਾਤਰ ਕੰਮ ਹੱਥਾਂ ਨਾਲ ਹੁੰਦਾ ਸੀ।ਮਸ਼ੀਨਾ ਘੱਟ ਵਰਤੋਂ ਵਿੱਚ ਸਨ।ਇਹ ਕੰਮ ਗੰਦੇ, ਭਾਰੇ, ਸਿਹਤ ਲਈ ਹਾਨੀਕਾਰਕ ਅਤੇ ਅਣ-ਸੁਰੱਖਿਅਤ ਸਨ। ਪੰਜਾਬ ਵਿੱਚੋਂ ਆਏ ਲੋਕ ਬਹੁਤ ਹੀ ਘੱਟ ਉਜਰਤਾਂ ’ਤੇ ਕੰਮ ਕਰਨ ਲਈ ਤਿਆਰ ਰਹਿੰਦੇ। ਕੰਮ ਦੀਆਂ ਸਿਫਟਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਨਅੱਤੀ ਅਦਾਰਿਆਂ ਦੇ ਗੇਟਾਂ ’ਤੇ ਖੜ੍ਹ ਜਾਂਦੇ ਜੋ ਕਿ ਗੋਰੇ ਕਾਮਿਆਂ ਨੂੰ ਸਭ ਤੋਂ ਵੱਧ ਚੁੱਭਦਾ ਸੀ, ਕਿਉਂਕਿ ਇਸ ਨਾਲ ਉਨ੍ਹਾਂ ਦੀ ਕਦਰ ਘਟਦੀ ਸੀ।ਸਰਮਾਏਦਾਰ ਮਿੱਲ ਮਾਲਿਕ ਘੱਟ ਤਨਖ਼ਾਹ ’ਤੇ ਕੰਮ ਕਰਨ ਵਾਲੇ ਏਸ਼ੀਅਨਾਂ ਖ਼ਾਸਕਰ ਪੰਜਾਬੀਆਂ, ਜੋ ਆਗਿਆਕਾਰ ਮਜ਼ਦੂਰ ਸਨ ਨੂੰ, ਕੰਮ ਦੇਣ ਨੂੰ ਹੌਲ?ੀ-ਹੌਲ?ੀ ਪਹਿਲ ਦੇਣ ਲੱਗ ਪਏ ਸਨ ਕਿਉਂਕਿ ਸਸਤੀ ਮਜ਼ਦੂਰੀ ਕਾਰਨ ਉਨ੍ਹਾਂ ਦੇ ਮੁਨਾਫ਼ੇ ਵਧਦੇ ਸਨ। ਜਿਸ ਨਾਲ ਗੋਰੇ ਮਜ਼ਦੂਰਾਂ ਵਿੱਚ ਸੁਭਾਵਕ ਹੀ ਉਨ੍ਹਾਂ ਦੇ ਵਿਰੁੱਧ ਈਰਖਾ ਹੋਰ ਵਧਣੀ ਲਾਜ਼ਮੀ ਸੀ। ਇਸ ਨਾਲ ਮਜ਼ਦੂਰਾਂ ਵਿੱਚ ਆਪਸੀ ਪਾੜਾ ਅਤੇ ਨਸਲੀ ਵਿਤਕਰਾ ਹੋਰ ਵਧਣ ਲਗ ਪਿਆ।ਵੈਨਕੂਵਰ ਵਿੱਚ ਨਸਲੀ ਫਸਾਦ ਵੀਹਵੀਂ ਸਦੀ ਦੇ ਆਰੰਭ ਵਿੱਚ ਜਦੋਂ ਭਾਰਤ ਤੋਂ ਲੋਕਾਂ ਨੇ ਕਨੇਡਾ ਵਿੱਚ ਆਉਣਾ ਸ਼ੁਰੂ ਕੀਤਾ ਸੀ, ਉਸ ਤੋਂ ਪਹਿਲਾਂ ਹੀ ਕਨੇਡਾ ਦੇ ਆਦਿ-ਵਾਸੀਆਂ ਅਤੇ ਏਸ਼ੀਅਨਾਂ ਵਿਰੁੱਧ ਨਸਲੀ ਵਿਤਕਰਾ ਜ਼ੋਰਾ ’ਤੇ ਸੀ ਪੰਡ ਜਦੋਂ ਭਾਰਤ ਤੋਂ ਹੋਰ ਲੋਕ ਆਉਣ ਲੱਗ ਪਏ, ਇਸ ਨਾਲ ਨਸਲੀ ਵਿਤਕਰਾ ਹੋਰ ਜ਼ੋਰ ਫੜ੍ਹ ਗਿਆ। ਗੋਏ ਲੋਕਾਂ ਨੂੰ ਭੜਕਾਉਣ ਵਿੱਚ ਸਥਾਨਕ ਅਖ਼ਬਾਰਾਂ, ਸਿਆਸਤਦਾਨਾਂ ਅਤੇ ਮਜ਼ਦੂਰ ਯੂਨੀਅਨਾਂ ਨੇ ਪੂਰਾ ਹਿੱਸਾ ਪਾਇਆ। 2 ਅਗਸਤ, 1907 ਨੂੰ ਵੈਨਕੂਵਰ ਲੇਬਰ ਕੌਂਸਲ ਅਤੇ ਹੋਰ ਨਸਲਵਾਦੀਆਂ ਨੇ ਇਕੱਠੇ ਹੋ ਕਿ ਏਸ਼ੀਐਟਿਕ ਐਕਸਕਲੂਜ਼ਨ ਲੀਗ’ ਨਾਂ ਦੀ ਜਥੇਬੰਦੀ ਬਣਾਈ, ਜਿਸ ਦਾ ਨਾਅਰਾ ਸੀ ਕਿ ’ਏਸ਼ੀਅਨਾਂ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਦੂਰ ਰੱਖੋ। ਇਸ ਦੀ ਕਮੇਟੀ ਵਿੱਚ ਬਹੁਤ ਸਾਰੇ ਮਜ਼ਦੂਰ ਆਗੂ ਵੀ ਸ਼ਾਮਿਲ ਸਨ। ਇਸ ਸੰਸਥਾ ਦਾ ਮੁੱਖ ਮੰਤਵ ਕਨੇਡਾ ਵਿੱਚੋਂ ਸਭ ਏਸ਼ੀਆਈ ਲੋਕਾਂ ਨੂੰ ਬਾਹਰ ਕੱਢਣਾ ਸੀ।ਇਸ ਲਈ ਨਵੀਂ ਬਣੀ ਇਸ ਸੰਸਥਾ ਨੇ ਜਨਤਕ ਇਕੱਠ ਦਾ ਅਯੋਜਨ ਕੀਤਾ, ਜਿਸ ਵਿੱਚ ਸਥਾਨਕ ਚੁਣੇ ਹੋਏ ਮੈਂਬਰਾਂ ਨੂੰ ਵੀ ਸ਼ਾਮਿਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ। ਇਸ ਪਬਲਿਕ ਮੀਟਿੰਗ ਦਾ ਇਸ਼ਤਿਹਾਰ ਅਗਸਤ 10, 1907 ਦੇ ਪਰਾਵਿੰਸ ਪੇਪਰ ਵਿੱਚ ਛਪਾਇਆ ਗਿਆ। ਇਸ ਨਸਲਵਾਦੀ ਜਥੇਬੰਦੀ ਨੇ ਏਸ਼ੀਅਨ ਅਵਾਸੀਆਂ ਵਿਰੁੱਧ ਨਫ਼ਰਤ ਤੇ ਵਿਤਕਰੇ ਭਰਿਆ ਪ੍ਰਚਾਰ ਕਰ ਕੇ ਮਾਹੌਲ ਨੂੰ ਖਰਾਬ ਕਰਨ ਵਿੱਚ ਵੱਡਾ ਹਿੱਸਾ ਪਾਇਆ।ਵੈਨਕੂਵਰ ਸਿਟੀ ਅਤੇ ਇਸ ਲੀਗ ਨੇ ਰਲ ਕੇ 7 ਸਤੰਬਰ, 1907 ਨੂੰ ਲੇਬਰ ਡੇ ’ਤੇ ਸ਼ਹਿਰ ਵਿੱਚ ਪਰੇਡ ਕੱਢਣ ਦਾ ਫ਼ੈਸਲਾ ਕੀਤਾ। ਜਿਸ ਵਿੱਚ ਸਥਾਨਕ ਚੁਣੇ ਹੋਏ ਮੈਬਰਾਂ ਅਤੇ ਅਮਰੀਕਾ ਦੇ ਲਾਗਲੇ ਸੂਬੇ



ਵਾਸ਼ਿੰਗਟਨ ਦੀਆਂ ਮਜ਼ਦੂਰ ਯੂਨੀਅਨਾਂ, ਸਾਬਕਾ ਸੈਨਿਕਾਂ ਅਤੇ ਭਾਈਚਾਰਕ ਸੰਗਠਨਾਂ ਨੂੰ ਖੁੱਲ੍ਹੇ ਤੌਰ 'ਤੇ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ। ਕਨੇਡਾ ਦੀ ਸਰਹੱਦ ਦੇ ਨਾਲ ਲਗਦੇ ਅਮਰੀਕਾ ਦੇ ਸ਼ਹਿਰ ਬੇਲਿੰਗਹੈਮ ਵਿਖੇ ਏਸ਼ੀਅਨਾਂ ਖ਼ਾਸਕਰ ਭਾਰਤੀਆਂ ਦੀ ਕਾਫ਼ੀ ਵੱਸੋਂ ਸੀ। ਉਹ ਇਸ ਸ਼ਹਿਰ ਦੇ ਆਸ ਪਾਸ ਦੀਆਂ ਲੱਕੜ ਮਿੱਲਾਂ ਵਿੱਚ ਕੰਮ ਕਰਦੇ ਸਨ, ਤੇ 5 ਸਤੰਬਰ, 1907 ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਨਸਲਵਾਦੀ ਗੋਰੇ ਮਜ਼ਦੂਰਾਂ ਨੇ ਹਿੰਦੀਆਂ ਅਤੇ ਜਾਪਾਨੀਆਂ 'ਤੇ ਜੱਥੇਬੰਦ ਹੋ ਕਿ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਕੁਝ ਕੂ ਨੂੰ ਮਾਰ ਦਿੱਤਾ ਅਤੇ ਬਾਕੀਆਂ ਨੂੰ ਜ਼ਬਰਦਸਤੀ ਵੈਨਕੂਵਰ ਵੱਲ ਨੂੰ ਧੱਕ ਦਿੱਤਾ ਗਿਆ। 'ਵੈਨਕੂਵਰ ਡੇਲੀ ਵਰਲਡ' ਅਖ਼ਬਾਰ ਮੁਤਾਬਕ, ਈਸਟ ਇੰਡੀਅਨ ਜੋ ਸਦਮੇ ਨਾਲ ਵੈਨਕੂਵਰ ਵੱਲ ਨੂੰ ਆਏ ਸਨ, ਉਨ੍ਹਾਂ ਦਾ ਇੱਥੇ ਵੀ ਉਨ੍ਹਾਂ ਹੀਸਵਾਗਤ ਕੀਤਾ ਗਿਆ ਜਿੰਨਾ ਸਰਹੱਦ ਦੇ ਦੱਖਣ ਦੇ ਪਾਸੇ ਹੋਇਆ ਸੀ। ਇਸ ਅਖ਼ਬਾਰ ਨੇ 5 ਸਤੰਬਰ, 1907 ਦੇ ਵਿੱਚ ਮੁਖ ਖ਼ਬਰ ਛਾਪੀ ਕਿ, "ਬੈਲਿੰਗਹੈਮ ਤੋਂ ਕੁੱਟੇ, ਮਾਰੇ, ਭੁਖੇ, ਨੰਗੇ ਅਤੇ ਈਸਟ ਇੰਡੀਅਨ ਰੇਲਵੇ ਲਾਈਨ ਨਾਲ ਚੱਲ ਕੇ ਸੁਰੱਖਿਆ ਲੈਣ ਲਈ ਵੈਨਕੂਵਰ ਆ ਗਏ।÷ ਲੇਬਰ ਡੇ ਤੇ ਹੋਈ ਰੈਲੀ ਵਿੱਚ 8000 ਲੋਕਾਂ ਨੇ ਹਿੱਸਾ ਲਿਆ ਸੀ, ਜਿਸ ਦੇ ਸਮਾਪਤ ਹੋਣ ਤੋਂ ਬਾਅਦ ਵੈਨਕੂਵਰ ਵਿੱਚ ਏਸ਼ੀਅਨ ਵਿਰੋਧੀ ਫਸਾਦ ਹੋਏ ਸੀ। ਇਸ ਵਿੱਚ ਵੈਨਕੂਵਰ ਟਰੇਡ ਅਤੇ ਲੇਬਰ ਕੌਂਸਿਲ ਪੂਰੀ ਤਰ੍ਹਾਂ ਸ਼ਾਮਿਲ ਸੀ। ਇਨਾਂ, ਸਾਰਿਆਂ ਨੇ ਮਿਲ ਕੇ ਕੁਝ ਚਿਰ ਪਹਿਲਾਂ 'ਏਸ਼ੀਐਟਿਕ ਐਕਸਕਲੂਜ਼ਨ ਲੀਗ ਦੀ ਸਥਾਪਨਾ ਕੀਤੀ ਸੀ । ਵੈਨਕੂਵਰ, ਅਖ਼ਬਾਰਾਂ ਖ਼ਾਸ ਤੌਰ 'ਤੇ 'ਨਿਊਜ਼ ਐਡਵਰਟਾਈਜ਼ਰ' ਵਿੱਚ ਛਪੀਆਂ ਰਿਪੋਰਟਾਂ ਨੇ ਬਲਦੀ 'ਤੇ ਤੇਲ ਪਾਉਣ ਵਿੱਚ ਵੀ ਕੋਈ ਕਸਰ ਨਹੀਂ ਰੱਖੀ ਸੀ। ਇੱਕ ਰਿਪੋਰਟ ਵਿੱਚ ਗੋਰਿਆਂ ਨੂੰ ਭੜਕਾਉਣ ਲਈ ਲਿਖਿਆ ਸੀ ਕਿ 12,000 ਜਾਪਾਨੀ ਜਹਾਜ਼ਾਂ ਵਿੱਚ ਚੜ੍ਹ ਕੇ ਕਨੇਡਾ ਆ ਰਹੇ ਹਨ, ਆਦਿਕ। ਜਿਸਨੇ ਮਾਹੌਲ ਨੂੰ ਹੋਰ ਗਰਮਾ ਦਿੱਤਾ ਸੀ। 'ਲੇਬਰ ਡੇ' ਦੀ ਪਰੇਡ ਵਿੱਚ ਹਜ਼ਾਰਾਂ ਲੋਕ ਕੈਮਬੀ ਸਟਰੀਟ ਤੋਂ ਮਾਰਚ ਕਰਦੇ ਵੈਨਕੂਵਰ ਸ਼ਹਿਰ ਵੱਲ ਨੂੰ ਚਲ ਪਏ। ਇਸ ਪਰੇਡ ਦੇ ਅੱਗੇ ਲੀਗ ਦੇ ਆਗੂਆਂ ਨੂੰ ਲੈ ਕੇ ਗੱਡੀ ਚੱਲ ਰਹੀ ਸੀ।

ਇਸ ਦੇ ਪਿੱਛੇ ਯੂਨੀਅਨਾਂ ਦੇ ਆਗੂ ਅਤੇ ਹੋਰ ਨੁਮਾਇੰਦੇ ਸਨ। ਇਸ ਦੇ ਪਿੱਛੇ ਦੋ ਬੈਂਡ ਨਸਲਵਾਦੀ ਗੀਤ ਗਾਉਂਦੇ ਚਲ ਰਹੇ ਸਨ। ਲੋਕਾਂ ਨੇ ਵੱਡੇ ਨਸਲਵਾਦੀ ਬੇਨਰ ਚੁੱਕੇ ਹੋਏ ਸਨ। ਇਸ ਪਰੇਡ ਵਿੱਚ ਸ਼ਾਮਲ ਲੋਕ ਉੱਚੀ ਉੱਚੀ 'ਚਿੱਟਾ ਕਨੇਡਾ ਅਤੇ ਸਸਤੀ ਏਸ਼ੀਅਨ ਲੇਬਰ ਨਹੀਂ" ਦੇ ਨਾਅਰਿਆ ਰਾਹੀਂ ਆਪਣੀਆਂ ਨਸਲਵਾਦੀ ਭਾਵਨਾਵਾਂ ਦਾ ਪ੍ਰਗਟਾਵਾ ਕਰ ਰਹੇ ਸਨ। ਇਸ ਪਰੇਡ ਨੂੰ ਦੇਖਣ ਲਈ ਵੈਨਕੂਵਰ ਦੀ ਜਾਰਜੀਆ ਸਟਰੀਟ, ਗਰੈਨਵਿਲ ਅਤੇ ਹੇਸਟਿੰਗਜ਼ ਸਟਰੀਟ ਦੇ ਦੋਹੀਂ ਪਾਸੀ ਹਜ਼ਾਰਾਂ ਲੋਕ ਖੜ੍ਹੇ ਸਨ। ਪਰੇਡ ਦੇ ਅੰਤ ਵਿੱਚ ਵੱਡੀ ਰੈਲੀ ਵਿੱਚ ਲੋਕਾਂ ਨੂੰ ਆਗੂਆਂ ਨੇ ਤਕਰੀਰਾਂ ਕਰ ਕੇ ਏਸ਼ੀਅਨਾਂ ਦੇ ਵਿਰੁੱਧ ਬਹੁਤ ਭੜਕਾਇਆ। ਇਸ ਇਕੱਠ ਨੂੰ ਸਿਆਟਲ ਤੋਂ ਆਏ ਐਫ.ਏ.ਫੇਲਰ ਜੋ ਕੇ ਉੱਥੋਂ ਦੀ 'ਏਸ਼ੀਆਟਿਕ ਐਕਸਪਲਸ਼ਨ ਲੀਗ' ਦਾ ਆਗੂ ਸੀ, ਨੇ ਵੀ ਸੰਬੋਧਿਤ ਕੀਤਾ। ਉਸ ਨੇ ਸ਼ੇਖੀ ਮਾਰਦਿਆਂ ਦੱਸਿਆ ਕੇ ਉਨ੍ਹਾਂ ਕਿਵੇਂ ਈਸਟ ਇੰਡੀਅਨਾਂ ਨੂੰ ਉੱਥੋਂ ਕੱਢਿਆ, "ਇਸ ਰਾਤ ਬੇਲਿੰਗਹੈਮ ਵਿੱਚ ਕੋਈ ਵੀ ਹਿੰਦੂ ਨਹੀਂ ਹੈ" ਇਹ ਰੈਲੀ ਨਸਲਵਾਦੀ ਮਤੇ ਪਾਸ ਕਰ ਕੇ ਖਤਮ ਕਰ ਦਿੱਤੀ ਗਈ, ਪ੍ਰੰਤੂ ਨਸਲਵਾਦੀ ਭੀੜ ਨੇ ਜਲਦੀ ਹੀ ਪੈਂਡਰ ਸਟਰੀਟ 'ਤੇ ਜਿੱਥੇ ਚੀਨਿਆਂ ਦੀ ਕਾਫ਼ੀ ਆਬਾਦੀ ਸੀ ਦੀ ਕੁੱਟ-ਮਾਰ ਕਰਨੀ ਸ਼ੁਰੂ ਕਰ ਦਿੱਤੀ । ਜਲਦੀਹੀ ਘਰਾਂ ਦੇ ਸ਼ੀਸ਼ੇ ਟੁੱਟਣ ਲਗ ਪਏ। ਅੱਗਾਂ ਲਗਾਣੀਆਂ ਸ਼ੁਰੂ ਕਰ ਕਰ ਦਿੱਤੀਆਂ ਜਿਸ ਨਾਲ ਹਜ਼ਾਰਾਂ ਡਾਲਰ ਦੀ ਜਾਇਦਾਦ ਦਾ ਨੁਕਸਾਨ ਹੋਇਆ ਸੀ। ਪੁਲਿਸ ਮੂਕ ਦਰਸ਼ਕ ਬਣ ਕੇ ਸਭ ਕੁਝ ਦੇਖਦੀ ਰਹੀ।

ਜਦੋਂ ਇਹ ਨਸਲਵਾਦੀ ਕੀਤਾ ਜਾਪਾਨੀ ਇਲਾਕੇ ਵੱਲ ਨੂੰ ਵਧੀ. ਜਾਪਾਨੀਆਂ ਜੋ ਪਹਿਲਾਂ ਹੀ ਤਿਆਰ ਸਨ. ਨੇ ਡਟ ਕੇ ਮੁਕਾਬਲਾ ਕੀਤਾ। ਨਸਲਵਾਦੀ ਭੀੜ ਅਤੇ ਜਾਪਾਨੀਆਂ ਵਿਚਕਾਰ ਸਾਰੀ ਰਾਤ ਝੜਪਾਂ ਹੁੰਦੀਆਂ ਰਹੀਆਂ। ਸੋਮਵਾਰ ਨੂੰ ਆਪਸ ਵਿੱਚ ਸਲਾਹ ਕਰਨ ਤੋਂ ਬਾਅਦ ਜਾਪਾਨੀ ਤਾਂ ਕੰਮ ਤੇ ਵਾਪਸ ਚਲੇ ਗਏ ਪ੍ਰੰਤੂ ਚੀਨਿਆਂ ਨੇ ਸਾਰੇ ਸ਼ਹਿਰ ਵਿੱਚ ਹੜਤਾਲ ਕਰ ਦਿੱਤੀ। ਇਸ ਨਸਲਵਾਦੀ ਜੱਥੇਬੰਦੀ ਨੂੰ ਵੈਨਕੂਵਰ ਸਿਟੀ ਕੌਂਸਲ ਅਤੇ ਮੇਅਰ ਦੀ ਪੂਰੀ ਹਮਾਇਤ ਸੀ। ਇਸ ਤੋਂ ਅੱਗੇ ਇਹ ਕਿ ਵੈਨਕੂਵਰ ਦਾ ਮੇਅਰ ਅਤੇ ਇਸ ਦੇ ਕੁਝ ਐਲਡਰਮੈਨ ਇਸ ਨਸਲਵਾਦੀ ਜੱਥੇਬੰਦੀ ਦੇ ਫਾਊਂਡਿੰਗ ਮੈਂਬਰ ਵੀ ਸਨ। ਅਮਰੀਕਨ ਮਜ਼ਦੂਰਾਂ ਦੀ ਜੱਥੇਬੰਦੀ 'ਇੰਡਸਟਰੀਅਲ ਵਰਕਰਜ਼ ਆਫ਼ ਦੀ ਵਰਲਡ' ਇਹਨਾਂ ਫਸਾਦਾਂ ਅਤੇ ਏਸ਼ੀਅਨਾਂ ਦੇ ਵਿਰੁੱਧ ਨਫ਼ਰਤ ਫੈਲਾਉਣ ਵਿੱਚ ਮੋਹਰੀ ਸੀ। ਇਹਨਾਂ ਫਸਾਦਾਂ ਕਾਰਨ ਨਸਲਵਾਦੀ ਗੋਰਿਆਂ ਦੇ ਹੌਸਲੇ ਕਾਫ਼ੀ ਵੱਧ ਗਏ। ਨਸਲਵਾਦੀਆਂ ਦਾ ਮੁੱਖ ਮਕਸਦ ਏਸ਼ੀਅਨ ਲੋਕਾਂ ਨੂੰ ਬੀ ਸੀ ਅਤੇ ਕਨੇਡਾ ਤੋਂ ਬਾਹਰ ਕੱਢਣਾ ਸੀ। ਉਹ ਕਨੇਡਾ ਨੂੰ 'ਚਿੱਟਿਆ' ਦਾ ਦੇਸ਼ ਰੱਖਣਾ ਚਾਹੁੰਦੇ ਸਨ।" ਉਹ ਜਲਸਿਆਂ ਜਲੂਸਾਂ ਵਿੱਚ ਕਈ ਤਰ੍ਹਾਂ ਦੇ ਨਸਲਪ੍ਰਸਤੀ ਅਤੇ ਘਿਰਣਾ ਭਰੇ ਗੀਤ ਗਾਉਂਦੇ ਫਿਰਦੇ ਸਨ :

ਭਾਵ- "ਇਹ ਸਾਡੀ ਪੱਛਮੀ ਦੇਸ਼ਾਂ ਦੀ ਆਵਾਜ਼ ਹੈ- ਅਸੀਂ ਸੰਸਾਰ ਦੇ ਲੋਕਾਂ ਨੂੰ ਕਹਿੰਦੇ ਹਾਂ, ਸਾਡੇ ਬਜ਼ੁਰਗਾਂ ਨੇ ਜੋ ਦਿੱਤਾ ਹੈ, ਅਸੀਂ ਆਪਣੀ ਤਾਕਤ ਨਾਲ ਸੰਭਾਲਾਂਗੇ ਚਿੱਟੀ ਚਮੜੀ ਵਾਲੇ ਭਾਈਆਂ ਨੂੰ ਜੀ ਆਇਆ ਆਖਦੇ ਹਾਂ? ਇਨ੍ਹਾਂ ਫਸਾਦਾਂ ਦੀ ਆੜ ਵਿੱਚ ਕਨੇਡੀਅਨ ਸਰਕਾਰ ਨੇ ਏਸ਼ੀਅਨਾਂ ਦੀ ਆਮਦ ਰੋਕਣ ਲਈ ਹੋਰ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਚੀਨਿਆਂ ਤੇ 'ਹੈਡ ਟੈਕਸ' ਲੱਗਣ ਕਾਰਨ ਉਹਨਾਂ ਦੀ ਆਮਦ ਕੁਝ ਘਟ ਗਈ ਸੀ ਪ੍ਰੰਤੂ ਜਾਪਾਨੀਆਂ ਅਤੇ ਭਾਰਤੀਆਂ ਦੀ ਆਮਦ ਕਾਫ਼ੀ ਵੱਧ ਗਈ ਸੀ। ਜਾਪਾਨੀਆਂ ਨਾਲ ਕਨੇਡਾ ਦੀ ਸਰਕਾਰ ਨੇ ਵਪਾਰਕ ਹਿਤਾਂ ਕਾਰਨ ਉੱਥੋਂ ਆਉਣ ਵਾਲੇ ਲੋਕਾਂ ਦਾ ਜਪਾਨ ਦੀ ਸਰਕਾਰ ਨਾਲ ਸਮਝੌਤਾ ਕਰ ਕੇ 400 ਅਵਾਸੀ ਪ੍ਰਤੀ ਸਾਲ ਦਾ ਕੋਟਾ ਨਿਯੁਕਤ ਕਰ ਦਿੱਤਾ ਸੀ।

ਜਿੱਥੇ ਗੈਰ- ਚਿੱਟੇ ਲੋਕਾਂ ਦੀ ਆਮਦ ਨੂੰ ਕਨੇਡੀਅਨ ਸਰਕਾਰ ਬੰਦ ਕਰਨ ਲਈ ਫ ਯਤਨ ਕਰ ਰਹੀ ਸੀ, ਉੱਥੇ ਯੂਰਪ ਤੋਂ ਧੜਾ ਧੜ ਭਰੇ ਜਹਾਜ਼ ਆ ਰਹੇ ਸਨ ਕਨੇਡੀਅਨ ਸਰਕਾਰ ਉਨ੍ਹਾਂ ਨੂੰ ਉਤਸ਼ਾਹਿਤ ਵੀ ਕਰ ਰਹੀ ਸੀ ਅਤੇ ਆਉਣ ਨਵੇਂਹੋਰ ਸਹੂਲਤਾਂ ਵੀ ਦੇ ਰਹੀ ਸੀ । ਸਰਕਾਰੀ ਰਿਕਾਰਡ ਦੇ ਮੁਤਾਬਕ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ 1911 ਤੋਂ 1912 ਵਿੱਚ ਤਕਰੀਬਨ 400, 000 ਲੋਕ ਯੋਰਪ ਤੋਂ ਕਨੇਡਾ ਵਿੱਚ ਆਏ ਸਨ। ਕਨੇਡਾ ਵਿੱਚ ਯੂਰਪ ਤੋਂ ਆਉਣ ਵਾਲੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ । ਇਸ ਦੇ ਉਲਟ ਰੰਗਦਾਰ ਲੋਕਾਂ ਦੀ ਆਮਦ ਤੇ ਕਰੜੀਆਂ ਪਾਬੰਦੀਆਂ ਲੱਗ ਰਹੀਆਂ ਸਨ। ਇਸ ਤੋਂ ਭਲੀ-ਭਾਂਤ ਪਤਾ ਲੱਗਦਾ ਹੈ ਕਿ ਕਨੇਡੀਅਨ ਸਰਕਾਰ ਹਰ ਹੀਲਾ ਵਰਤ ਕੇ ਆਪਣੇ ਦੇਸ਼ ਨੂੰ 'ਚਿੱਟਿਆਂ' ਦਾ ਦੇਸ਼ ਹੀ ਬਣਾਈ ਰੱਖਣ ਲਈ ਬਜ਼ਿਦ ਸੀ। ਭਾਰਤੀਆਂ ਦੀ ਆਮਦ ਨੂੰ ਰੋਕਣ ਲਈ ਅੰਦਰ-ਖਾਤੇ ਇੰਗਲੈਂਡ ਅਤੇ ਭਾਰਤ ਦੀਆਂ ਸਰਕਾਰਾਂ ਨਾਲ 1908 ਦੇ ਆਰੰਭ ਵਿੱਚ ਨਵੇਂ ਕਾਨੂੰਨ ਅਤੇ ਰੋਕਾਂ ਲਾਉਣ ਬਾਰੇ ਵਿਚਾਰਾਂ ਹੋਣ ਲੱਗ ਪਈਆਂ ਸਨ। ਭਾਰਤੀਆਂ ਦੀ ਆਮਦ ਨੂੰ ਰੋਕਣ ਲਈ ਮਤੇ ਪਾਸ ਹੋਣ ਲਗ ਪਏ, ਕਨੇਡਾ ਦੇ ਪ੍ਰਧਾਨ ਮੰਤਰੀ ਵਿਲਫਰੈਡ ਲੋਰੀਏ ਨੇ ਬਸਤੀਆਂ ਦੇ ਸਕੱਤਰ ਨੂੰ ਤਾਰ ਭੇਜ ਕੇ ਸੁਨੇਹਾ ਦਿੱਤਾ :

"ਦੇਸ਼ ਅੰਦਰ ਮਜ਼ਦੂਰੀ ਜਾਂ ਕੰਮਾਂ-ਕਾਰਾਂ ਬਾਰੇ ਨਾ ਗਿਆਨ ਹੋਣ ਕਾਰਨ ਬਹੁਤ ਈਸਟ ਇੰਡੀਅਨ ਬੀ.ਸੀ. ਨੂੰ ਆ ਰਹੇ ਹਨ। ਜੋ ਲੋਕ ਬੇਸਹਾਰਾ ਹੋਣ ਜਾਂ ਮਰ ਰਹੇ ਹੋਣ ਤਾਂ ਇਸ ਲਈ ਸਾਨੂੰ ਜਵਾਬਦੇਹ ਹੋਣਾ ਪਵੇਗਾ ਅਤੇ ਅਜਿਹੇ ਲੋਕਾਂ ਦੀ ਸ਼ਰੇ-ਆਮ ਵਿਰੋਧਤਾ ਹੋ ਰਹੀ ਹੈ। ਕਿਰਪਾ ਕਰ ਕੇ ਕੋਈ ਠੋਸ ਕਦਮ ਚੁੱਕੇ ਜਾਣ ਤਾਂ ਜੋ ਅਜਿਹੇ ਲੋਕ ਇੱਥੇ ਨਾ ਆਉਣ।"2

ਇਸੇ ਹੀ ਤਰ੍ਹਾਂ ਵੈਨਕੂਵਰ ਦੇ ਮੇਅਰ ਨੇ ਵਿਲਫਰੈਂਡ ਲੋਰੀਏ ਨੂੰ ਪਬਲਿਕ ਮੀਟਿੰਗ ਤੋਂ ਬਾਅਦ ਆਪਣੇ ਵੱਲੋਂ ਸਰਕਾਰ ਨੂੰ ਭੇਜੇ ਨੂੰ ਸੁਨੇਹੇ ਰਾਹੀਂ ਕਿਹਾ :

"ਵੈਨਕੂਵਰ ਸ਼ਹਿਰ ਹੋਰ ਈਸਟ ਇੰਡੀਅਨਾਂ ਨੂੰ ਰੱਖਣ ਤੋਂ ਅਸਮਰਥ ਹੈ। ਜਿੰਨਾਂ ਚਿਰ ਤੱਕ ਸਰਕਾਰ ਵੱਲੋਂ ਲੋਕਾਂ ਨੂੰ ਵਿਸ਼ਵਾਸ ਨਹੀਂ ਦਿਵਾਇਆ ਜਾਂਦਾ ਕਿ ਇਹ ਅਣਲੋੜੀਂਦੇ ਕਾਮਿਆਂ 'ਤੇ ਰੋਕ ਲਗਾ ਦਿੱਤੀ ਜਾਵੇਗੀ, ਲੋਕਾਂ ਦਾ ਇਹ ਵਿਸ਼ਾਲ ਇਕੱਠ ਮੰਗ ਕਰਦਾ ਹੈ ਕਿ ਹਿੰਦੋਸਤਾਨੀਆਂ ਦੇ ਇੱਥੇ ਆਉਣ 'ਤੇ ਪਾਬੰਦੀਆਂ ਲਗਾਉਣ ਲਈ ਵਿਸ਼ੇਸ਼ ਉਪਾਅ ਕੀਤੇ ਜਾਣ।" ਭਾਰਤੀਆਂ ਦੇ ਕਨੇਡਾ ਆਉਣ ਨੂੰ ਰੋਕਣਾ ਕਨੇਡਾ ਦੀ ਸਰਕਾਰ ਲਈ ਬਹੁਤ ਸੌਖਾ ਨਹੀਂ ਸੀ ਕਿਉਂਕਿ ਉਹ ਬਰਤਾਨਵੀ ਪਰਜਾ ਸਨ, ਇਸ ਕਰ ਕੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੂੰ ਔਟਵਾ ਤੋਂ ਸਲਾਹ ਲੈਣੀ ਜ਼ਰੂਰੀ ਸੀ। ਗੱਲ ਕੀ ਇਸ ਮਸਲੇ ਵਿੱਚ ਲੰਦਨ ਅਤੇ ਇੰਡੀਅਨ ਸਰਕਾਰਾਂ ਨੂੰ ਆਪਸ ਵਿੱਚ ਸਲਾਹ ਮਸ਼ਵਰੇ ਕਰ ਕੇ ਭਰੋਸੇ ਵਿੱਚ ਲੈਣਾ ਪੈਣਾ ਸੀ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਆਪਣੀਆਂ ਨਸਲਵਾਦੀਵਿੱਚ ਸੋਧ ਕਰ ਕੇ ਬ੍ਰਿਟਿਸ਼ ਕੋਲੰਬੀਆ ਵਿੱਚ ਆਏ ਹਿੰਦੋਸਤਾਨੀਆਂ ਤੋਂ ਵੋਟ ਦਾ ਹੱਕ ਨੀਤੀਆਂ ਨੂੰ ਅੱਗੇ ਵਧਾਉਂਦੇ ਹੋਏ 1907 ਨੂੰ "ਪਰੋਵਿੰਸ਼ੀਅਲ ਈਲੈਕਸ਼ਨ ਐਕਟ" ਖੋਹ ਲਿਆ ਜਾਵੇਂ ਉਹ ਬਰਤਾਨਵੀ ਪਰਜਾ ਵੀ ਸਨ। 'ਇਲੈਕਸ਼ਨ ਐਕਟ' ਅਨੁਸਾਰ ਕੋਈ ਚਾਈਨਾਮੈਨ, ਜਪਾਨੀ ਅਤੇ ਇੰਡੀਅਨ ਕਿਸੇ ਵੀ ਇਲਾਕੇ ਵਿੱਚ ਵੋਟਰ ਦੇ ਤੌਰ 'ਤੇ ਰਜਿਸਟਰਡ ਨਹੀਂ ਕਰਾ ਸਕੇਗਾ ਅਤੇ ਵੋਟ ਨਹੀਂ ਪਾ ਸਕੇਗਾ। ਹੋਰ ਕਈ ਤਰ੍ਹਾਂ ਦੇ ਕਾਨੂੰਨੀ ਨਿਯਮ ਲਾਗੂ ਕਰ ਕੇ ਏਸ਼ੀਅਨ ਲੋਕਾਂ ਨੂੰ ਬਹੁਤ ਸਾਰੇ ਕੰਮਾਂ ਵਿੱਚ ਨੌਕਰੀਆਂ ਕਰਨ ਤੋਂ ਮਨਾਹੀ ਕਰ ਦਿੱਤੀ, ਜਿਸ ਨਾਲ ਉਹ ਸਿਰਫ਼ ਬਹੁਤ ਅਣ-ਸੁਰੱਖਿਅਤ ਕੰਮਾਂ ਤੱਕ ਹੀ ਸੀਮਤ ਹੋ ਗਏ ਸਨ। "ਫੈਡਰਲ ਸਰਕਾਰ ਨੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਚੋਣਾਂ ਨਾਲ ਸੰਬੰਧਤ ਕਾਨੂੰਨ ਬਣਾਉਣ ਦੀ ਇਜਾਜ਼ਤ ਦਿੱਤੀ ਹੋਈ ਸੀ। ਭਾਰਤੀ ਬਰਤਾਨਵੀ ਪਰਜਾ ਸਨ ਨੂੰ ਵੀ ਵੋਟ ਪਾਉਣ ਦਾ ਹੱਕ ਨਾ ਦਿੱਤਾ" ਕਨੇਡਾ ਦੀ ਫੈਡਰਲ ਸਰਕਾਰ ਨੇ ਭਾਰਤੀ ਲੋਕਾਂ ਦੇ ਕਨੇਡਾ ਆਉਣ ਦੇ ਕਾਰਨਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, ਡਿਪਟੀ ਲੇਬਰ ਵਜ਼ੀਰ ਮਕੈਨਜ਼ੀ ਕਿੰਗ ਤੇ ਅਧਾਰਿਤ ਇੱਕ ਕਮਿਸ਼ਨ ਬਣਾਇਆ। ਇਸ ਕਮਿਸ਼ਨ ਨੇ ਆਪਣੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਦੇ ਅਨੁਸਾਰ "ਪੰਜਾਬ ਦੇ ਕਿਸਾਨਾਂ ਵਿੱਚ ਕਨੇਡਾ ਦੇ ਉਜਲ ਭਵਿੱਖ ਦੀ ਬਹੁਤ ਚਰਚਾ ਹੈ, ਜਿਸ ਕਰ ਕੇ

ਉਹ ਆਪਣੀਆ ਜ਼ਮੀਨਾਂ ਗਹਿਣੇ ਰੱਖ ਰਹੇ ਹਨ। ਦੂਜਾ, ਜਹਾਜ਼ਾਂ ਦੀਆ ਕੰਪਨੀਆਂ ਕਨੇਡਾ ਦੇ ਵਧੀਆ ਭਵਿੱਖ ਬਾਰੇ ਇਸ਼ਤਿਹਾਰ ਛਾਪਦੀਆਂ ਹਨ। ਤੀਜਾ, ਕਨੇਡਾ ਵਿੱਚ ਆਏ ਹੋਏ ਲੋਕ ਆਪਣੇ ਸਕੇ ਸੰਬੰਧੀਆਂ ਅਤੇ ਮਿੱਤਰਾਂ ਨੂੰ ਚਿੱਠੀਆਂ ਰਾਹੀਂ ਹੱਲਾਸ਼ੇਰੀ ਦਿੰਦੇ ਹਨ। ਤੀਜਾ, ਮਿੱਲਾਂ ਦੇ ਮਾਲਕ ਨੇ ਗੋਰਿਆਂ ਦੇ ਮੁਕਾਬਲੇ ਘੱਟ ਉਜਰਤ 'ਤੇ ਕੰਮ ਕਰਨ ਵਾਲੇ ਬੇਹੁਨਰ, ਤਕੜੇ ਕੱਦ-ਕਾਠ ਵਾਲੇ ਮਿਹਨਤੀ ਪੰਜਾਬੀਆਂ ਨੂੰ ਕੰਮ ਦੇ ਕੇ ਇੱਥੇ ਆਉਣ ਲਈ ਉਤਸ਼ਾਹਤ ਕੀਤਾ।" ਕਿੰਗ ਦੀ ਇਹ ਵੀ ਰਾਇ ਸੀ ਕਿ ਕੁੱਝ ਲੋਕ ਆਪਣੇ ਆਪ ਆਏ ਸਨ। ਕੁੱਝ ਨੂੰ ਰਿਸ਼ਤੇਦਾਰਾਂ ਨੇ ਆਉਣ ਲਈ ਪ੍ਰੇਰਿਆ ਸੀ। ਇਸ ਰਿਪੋਰਟ ਵਿੱਚ, ਜੋ ਉਸ ਨੇ ਸਰਕਾਰ ਨੂੰ ਪੇਸ਼ ਕੀਤੀ, ਇਹ ਵੀ ਸ਼ਾਮਲ ਕੀਤਾ : "ਸਾਡਾ ਇਹ ਹੱਕ ਹੈ ਕਿ ਅਸੀਂ ਏਸ਼ੀਆ ਤੋਂ ਆਉਣ ਵਾਲੇ ਪਰਵਾਸੀਆਂ 'ਤੇ ਰੋਕ ਲਗਾਈਏ ਤਾਂ ਜੋ ਸਿਰਫ਼ ਚਿੱਟੀ ਚਮੜੀ ਵਾਲੇ ਲੋਕ ਹੀ ਕਨੇਡਾ ਵਿੱਚ ਆ ਕੇ ਵੱਸਣ। ਸਾਨੂੰ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਦੇ ਕਦਮ ਚੁੱਕਣੇ ਸਮਾਜਿਕ, ਆਰਥਿਕ ਅਤੇ ਕੌਮੀਅਤ ਦੇ ਭਲੇ ਲਈ ਬਹੁਤ ਹੀ ਜਰੂਰੀ ਵੀ ਹਨ।" 2

ਮਾਰਚ, 1908 ਵਿੱਚ ਡਿਪਟੀ ਲੇਬਰ ਮਨਿਸਟਰ ਮਕੈਨਜ਼ੀ ਕਿੰਗ (ਜੋਬਾਅਦ ਵਿੱਚ ਕਨੇਡਾ ਦਾ ਪ੍ਰਧਾਨ ਮੰਤਰੀ ਬਣਿਆ) ਜੋ ਕਿ ਪੂਰਬ ਤੋਂ ਹੋਣ ਵਾਲੀ ਇਮੀਗਰੇਸ਼ਨ ਬਾਰੇ ਕਾਫ਼ੀ ਮੁਹਾਰਤ ਰੱਖਦਾ ਸੀ, ਉਹ ਦੁਬਾਰਾ ਲੰਡਨ ਕਲੋਨੀਅਲ ਮਸਲਿਆਂ ਬਾਰੇ ਰਾਜ ਸਕੱਤਰ ਲਾਰਡ ਐਲਗਿਨ, ਭਾਰਤ ਦੇ ਰਾਜ ਸਕੱਤਰ ਜੌਹਨ ਮਾਰਲੇ ਅਤੇ ਬਦੇਸ਼ ਸਕੱਤਰ ਐਵਰਡ ਗਰੇਅ ਨਾਲ ਇਮੀਗਰੇਸ਼ਨ ਬਾਰੇ ਸਲਾਹ ਮਸ਼ਵਰਾ ਕਰਨ ਗਿਆ। ਕਾਫ਼ੀ ਲੰਬੀ ਸੋਚ ਵਿਚਾਰ ਤੋਂ ਬਾਅਦ ਕਨੇਡਾ ਦੀ ਸਰਕਾਰ ਨੇ ਦੋ ਹੁਕਮ ਜਾਰੀ ਕੀਤੇ। ਪਹਿਲਾ ਹੁਕਮ 9 ਮਈ, 1910 ਤੋਂ ਲਾਗੂ ਹੋਇਆ। ਇਸ ਹੁਕਮ ਅਨੁਸਾਰ ਕਨੇਡਾ ਵਿੱਚ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ 'ਤੇ ਪਾਬੰਦੀ ਲਗਾ ਦਿੱਤੀ ਕਿ ਉਹ ਜਦ ਤੱਕ ਆਪਣੇ ਦੇਸ ਤੋਂ ਸਿੱਧਾ ਇੱਕੋ ਹੀ ਜਹਾਜ਼ ਵਿੱਚ ਨਹੀਂ ਆਉਂਦੇ ਜਾਂ ਉਨ੍ਹਾਂ ਪਾਸ ਸਿੱਧੀ ਟਿਕਟ ਨਹੀਂ ਹੋਵੇਗੀ, ਉਹ ਕਨੇਡਾ ਵਿੱਚ ਉੱਤਰ ਨਹੀਂ ਸਕਣਗੇ। ਚੀਨ ਤੋਂ ਤਾਂ ਸਿੱਧੇ ਜਹਾਜ਼ ਆਉਂਦੇ ਸਨ, ਭਾਰਤ ਤੋਂ ਇਹ ਸਹੂਲਤ ਨਹੀਂ ਸੀ। ਲੁਕਵੇਂ ਰੂਪ ਵਿੱਚ ਇਹ ਪਾਬੰਦੀ ਭਾਰਤੀਆਂ ਦੀ ਆਮਦ ਰੋਕਣ ਲਈ ਹੀ ਸੀ ਕਿਉਂਕਿ ਕਲਕੱਤੇ ਤੋਂ ਕੋਈ ਸਿੱਧਾ ਜਹਾਜ਼ ਚੱਲਦਾ ਹੀ ਨਹੀਂ ਸੀ ਇਮੀਗਰੇਸ਼ਨ ਐਕਟ ਵਿੱਚ ਸੋਧ ਕਰਨ ਲਈ ਐਕਟ :

(10 ਅਪਰੈਲ, 1908 ਨੂੰ ਮਨਜ਼ੂਰੀ ਦਿੱਤੀ ਗਈ)

ਸੈਨਟ ਅਤੇ ਹਾਊਸ ਆਫ਼ ਕਾਮਨਜ਼ ਦੀ ਸਲਾਹ ਦੀ ਸਹਿਮਤੀ ਨਾਲ ਇਹ ਕਾਨੂੰਨ ਇਸ ਤਰ੍ਹਾਂ ਲਾਗੂ ਹੋਇਆ :

ਇਮੀਗਰੇਸ਼ਨ ਐਕਟ ਦੀ ਧਾਰਾ 30 ਦੀ ਉਪ ਧਾਰਾ । ਅਧਿਆਏ 1.8.ਏ ਸੰਸ਼ੋਧਿਤ ਵਿਧਾਨ, 1906 ਦਾ 08.93, ਇਸ ਦੁਆਰਾ ਰੱਦ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਸੋਧਿਆ ਗਿਆ, ਇਸ ਤਰ੍ਹਾਂ ਹੇਠਾਂ ਦਿੱਤਾ ਗਿਆ ਹੈ "ਗਵਰਨਰ ਕੌਂਸਿਲ ਦੇ ਸੰਭਾਵੀ ਆਦੇਸ਼ ਦੁਆਰਾ, ਜਦੋਂ ਵੀ ਉਹ ਇਸ ਨੂੰ ਜ਼ਰੂਰੀ ਜਾਂ ਮੁਨਾਸਬ ਸਮਝਦਾ ਹੈ, ਉਹ ਪਰਵਾਸੀਆਂ ਦੀ ਕਿਸੇ ਵੀ ਵਿਸ਼ੇਸ਼ ਸ਼੍ਰੇਣੀ ਦੇ ਕਨੇਡਾ ਵਿੱਚ ਉੱਤਰਨ 'ਤੇ ਰੋਕ ਲਗਾ ਸਕਦਾ ਹੈ ਜਾਂ ਕਿਸੇ ਵੀ ਪਰਵਾਸੀ ਨੂੰ ਰੋਕ ਸਕਦਾ ਹੈ ਜੋ ਜਿਸ ਦੇਸ਼ ਦੇ ਮੂਲ ਨਿਵਾਸੀ ਹਨ ਤੋਂ ਟਿਕਟਾਂ ਖਰੀਦ ਕੇ ਲਗਾਤਾਰ ਸਫ਼ਰ ਕਰ ਕੇ ਨਾ ਆਏ ਹੋਣ।

ਦੂਜੇ ਹੁਕਮ ਅਨੁਸਾਰ ਹਰ ਯਾਤਰੀ ਕੋਲ 200 ਡਾਲਰ ਹੋਣੇ ਲਾਜ਼ਮੀ ਕਰ ਦਿੱਤੇ। ਇਨ੍ਹਾਂ ਨਿਯਮਾਂ ਦੇ ਲਾਗੂ ਹੋਣ ਨਾਲ ਭਾਰਤੀਆਂ ਦਾ ਕਨੇਡਾ ਆਉਣਾ ਪੂਰੀ ਤਰ੍ਹਾਂ ਬੰਦ ਹੋ ਗਿਆ। ਜਿਸ ਦਾ ਅਸਰ ਇਸ ਚਾਰਟ ਤੋਂ ਦੇਖਿਆ ਜਾ ਸਕਦਾ ਹੈ-

ਹਿੰਦੋਸਤਾਨੀ ਜੋ ਕਨੇਡਾ ਵਿੱਚ ÷ਸਿੱਧੇ ਸਫ਼ਰ ਦੇ ਕਾਨੂੰਨ"ਤੋਂਬਾਅਦ ਆਏ-

| | |
|---|---|
| ਗਿਣਤੀ | 1909 |
| 6 ਵਾਲੇ ਹੱਕਾਂ ਦੀ | 1911 |
| 5 ਲੰਬਾ ਅਤੇ ਸੰਘ | 1912 |
| 3 ਉਨ੍ਹਾਂ ਨੇ ਕਨੇਟ | 1913 |
| 5 ਨਸਲਵਾਦੀ | 1914 |
| 88 ਇਤਿਹਾਸ ਵਿੱਚ | 1915 |
| 0 ਚਰਚਾ ਕਰਦਿ | 1916 |
| 1 ਬਾਵਜੂਦ ਵੀ | 1917 |
| 0 ਨੂੰ ਵਿਰਵੇ ਹੈ | 1918 |
| ਦਾ ਹੱਕ ਲੈਟ | 1919 |
| 0 ਸੀਮਿਤ ਅਰ | 1920 |
| ਬਹੁਤ ਹੀ ਰ | 118 |

ਬਹੁਤ ਹੀ : ਨਾਲ ਸਰਥ ਮੰਗਵਾਉਣ ਦੇ ਰਹਿਣ ਹਾਲਤ ਕਿ ਬਹੁਤ ਹੀ ਇਕ ਸਰਕਾਰੀ ਖ਼ੁਫ਼ੀਆ ਰਿਪੋਰਟ ਅਨੁਸਾਰ ਭਾਰਤੀਆਂ ਨੂੰ ਕਨੇਡਾ ਵਿੱਚ ਨਾ ਸ਼ਾਮਿਲ ਹੋਣ ਦੇ ਤਰੀਕੇ ਨਾਲ ਨਿਸ਼ਾਨਾ ਸਹੀ ਥਾਂ ਲੱਗਾ।

***


# ਪੈੜ ਜਗੀਰੋ ਦੀ





**ਸੰਤ ਸਿੰਘ ਸੰਧੂ**


| | | |
|---|---|---|
| ਟ੍ਰੰਪ | – | ਜੱਫੀ ਛੱਡ ਮੁੰਡਿਆ ਅਣਜਾਣਾ, ਅਮਰੀਕਾ ਦੀ ਡੁੱਸ ਭਜ ਗਈ। |
| ਭਾਜਪਾ | – | ਤੈਨੂੰ ਕਾਰਪੋਰੇਟ ਮੁਟਿਆਰੇ, ਬੇਰੀਆਂ ਨੂੰ ਬੇਰ ਲੱਗ ਗਏ। |
| ਚਰਨਜੀਤ ਚੰਨੀ | – | ਚਿੱਤ ਬਕਰੀ ਲੈਣ ਨੂੰ ਕਰਦਾ, ਦੁਆਬੇ 'ਚ ਲੁਆਦੇ ਬੇਰੀਆਂ। |
| ਖੇਤੀ ਸਮਝੌਤੇ | – | ਸਾਡੇ ਤਾਂ ਖੇਤੀਂ ਮੁਢ ਮੁਕਈ ਦੇ ਦਾਣੇ, ਤਾਂ ਮੰਗਦੇ ਉਧਲ ਗਈਆਂ ਦੇ। |
| ਤਾਨਾਸ਼ਾਹੀ | – | ਚੁੱਕ ਚਰਖਾ ਚਗ੍ਹੀ ਦੇ ਵਿਚ ਚੱਲੀਏ, ਮੱਕੀ ਵਿੱਚ ਪੱਛ ਲੜਦੇ। |
| ਖਾਮੇ ਨੇਈ | – | ਮਿਰਜ਼ਾ ਬਾਝ ਭਰਾਵਾਂ ਮਾਰਿਆ, ਭਾਈ ਨਾ ਮਿਰਜੇ ਸੰਗ। |
| ਸੰਤ ਸੀਚੇਵਾਲ | – | ਇਕ ਬੂਟਿਓਂ ਬਾਗ ਬਣਾ ਦੇਵੇ, ਮਾਲੀ ਹੋਰ ਐਸਾ ਦਿਖਲਾ ਮੈਨੂੰ। |
| ਪੰਜਾਬ | – | ਸੁਣ ਓ ਯਾਰ, ਅਸਾਂ ਤੁਧ ਖਾਤਰ, ਥਲ ਵਿਚ ਜਾਨ ਗਵਾਈ। |
| ਐਪਸਟੀਨ | – | ਲੁੱਕ ਲੁੱਕ ਲਾਈਆਂ ਪਰਗਟ ਹੋਈਆਂ, ਵੱਜ ਗਏ ਢੋਲ ਨਗਾਰੇ। |
| ਸੰਜੂ ਸੈਮਸਨ | – | ਰਾਤੀਂ ਸੀ ਉਡੀਕਾਂ ਤੇਰੀਆਂ, ਦੁੱਧ ਕਾੜ ਕੇ ਜਾਗ ਨਾ ਲਾਇਆ। |
| ਭ੍ਰਿਸ਼ਟਾਚਾਰ | – | ਸਾਡੇ ਤਾਂ ਵੇਹੜੇ ਹਰੀਓ ਫਲਾਹੀ, ਨਾਲੇ ਨਾਗ ਬੈਠੇ ਵਲ ਖਾਇਓ ਜੀ। |
| ਪ੍ਰਵਾਸ | – | ਪੂਰਨ ਹੋ ਤੁਰਿਆ ਵਿਦਾ ਇੱਛਰਾਂ ਤੋਂ, ਕਿੱਸਾ ਜੋੜਿਆ ਕਾਦਰ ਯਾਰ ਲੋਕੋ। |
| ਕਰਜ਼ 4 ਲੱਖ ਕ੍ਰੋੜ | – | ਚਿੱਟੇ ਚਾਦਰੇ ਜ਼ਮੀਨਾਂ ਗਹਿਣੇ ਮਾਨ ਭਗਵਤਾਂ ਦੇ। |
| ਕਿਸਾਨ ਮੋਰਚੇ | – | ਹੱਥ ਸੋਚ ਕੇ ਗੰਦਲ ਨੂੰ ਪਾਈ, ਕਿਹੜੀ ਏਂ ਤੂੰ ਸਾਗ ਤੋੜਦੀ। |
| ਮਹਿਲਾ ਦਿਵਸ | – | ਚਾਰੇ ਕੰਨੀਆਂ ਸਾਡੀਆਂ ਵੱਖ ਖਾਲੀ, ਅਸੀਂ ਨਾਲ ਨਹੀਂ ਕੁਝ ਲੈ ਚੱਲੇ। |
| 1000 ਮਹੀਨਾ | – | ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੇ, ਐਡਾ ਮੇਰਾ ਕਿਹੜਾ ਦਰਦੀ। |
| ਜਿੰਦਰ | – | ਪਾਣੀ ਵਾਰ ਬੰਨੇ ਦੀਏ ਮਾਏਂ, ਨੀ ਬੰਨਾ ਤੇਰਾ ਬਾਰ੍ਹ ਖੜ੍ਹਾ। |
| ਬਲਦੇਵ ਸੜਕਨਾਮਾ | – | ਭਗਤੇ ਨੂੰ ਖੰਡ ਪਾ ਦਿਓ, ਐਰ ਗੈਰ ਨੂੰ ਸਕਰ ਦਾ ਦਾਣਾ |
| ਇਰਾਨ | – | ਤੈਨੂੰ ਧੁਪ ਲੱਗਦੀ, ਘਿਰਦਾ ਕਾਲਜਾ ਮੇਰਾ। |
| ਲਾਲੀ ਕਰਤਾਰਪੁਰੀ | – | ਕੁਰਸੀ ਮੇਰੇ ਵੀਰ ਦੀ, ਠਾਣੇਦਾਰ ਦੇ ਬਰਾਬਰ ਡਹਿੰਦੀ। |
| ਕ੍ਰਿਸ਼ਨ ਕੁਮਾਰ ਰੱਤੂ | – | ਕੰਨੀਂ ਨੱਤੀਆਂ ਸੰਧੂਰੀ ਸਿਰ ਸਾਫਾ, ਉਹ ਮੇਰਾ ਵੀਰ ਕੁੜੀਓ। |
| ਵੋਟਾਂ | – | ਲੱਸੀ ਲੈਣ ਦੇ ਬਹਾਨੇ ਆਉਂਦੇ, ਛੜਿਆਂ ਦੀ ਨੀਤ ਬੁਰੀ। |

ਤਲਵੰਡੀ ਸਲੇਮ (ਜਲੰਧਰ)
97794-79169



ਪੰਜਾਬੀ ਅਖਾਣ
ਸੰਰਚਨਾ ਤੇ ਸੰਚਾਰ-ਵਿਧਾਨ
ਡਾ. ਸੁਰਿੰਦਰ ਕੌਰ ਨਰੂਲਾ
• ਪੰਜਾਬੀ ਭਾਸ਼ਾ ਦੀ ਅਖਾਣ-ਯੁਗਤ ਅਤੇ ਸੰਚਾਰ-ਸਮਰੱਥਾ
• ਸੰਚਾਰ ਮਾਡਲ ਤੇ ਅਖਾਣ : ਸੰਕਲਪ ਤੇ ਪਰਕਿਰਤੀ
• ਅਖਾਣ : ਰੂਪਗਤ ਪਾਸਾਰ ਅਤੇ ਪ੍ਰਕਾਰਜ
• ਅਖਾਣ : ਵਿਸ਼ੇਗਤ ਪਾਸਾਰ ਅਤੇ ਪ੍ਰਕਾਰਜ
• ਅਖਾਣ : ਬੋਧ-ਪਾਸਾਰ
• ਅਖਾਣ-ਬੋਧ ਤੇ ਲੋਕ-ਬੋਧ



ਧਨ ਪਿਰੁ
ਕੁਲਦੀਪ ਸਿੰਘ ਬੇਦੀ



HUNAR PUBLICATION
ਕੁੱਤਾ ਜੂਨ ਤੇ ਮੈਂਡੋਲਿਨ
ਮੋਹਣ ਮਤਿਆਲਵੀ



ਕਰੀਮ ਪਾਊਡਰ ਤੇ ਹੋਰ ਮਿੰਨੀ ਕਹਾਣੀਆਂ
ਸੰਪਾਦਕ:
ਡਾ. ਰਾਮ ਮੂਰਤੀ

| Apni Aawaaz | Volume 5 | Issue 4 | April 2026 | RNI : PUNPUN/2022/82997 |
|---|---|---|---|---|



Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001

Editor - Dr. Ram Murti

*Publication Date : 01/04/2026*

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*

*ਸੰਪਾਦਕ - ਡਾ. ਰਾਮ ਮੂਰਤੀ*

*ਪ੍ਰਕਾਸ਼ਕ ਮਿਤੀ : 01/04/2026*